Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ.ਐੱਸ.ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA


REALTY ONE GROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 18, Issue- 809, 04 to 10 July, 2024, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕੀ ਚੋਣਾਂ: ਬਾਇਡਨ ਨਾਲੋਂ ਕਮਲਾ ਹੈਰਿਸ ਦੇ ਜਿੱਤਣ ਦੇ ਮੌਕੇ ਜ਼ਿਆਦਾ



■ ਟਰੰਪ ਨਾਲ ਬਹਿਸ ਤੋਂ ਬਾਅਦ ਬਾਇਡਨ ਦੀ ਦਰਜਾਬੰਦੀ 'ਚ ਆਈ ਗਿਰਾਵਟ



**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤੀ-ਅਫਰੀਕੀ ਮੂਲ ਦੀ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਜੇਕਰ ਰਾਸ਼ਟਰਪਤੀ ਚੋਣ ਵਿਚ ਖੜ੍ਹਦੀ ਹੈ, ਤਾਂ ਰਾਸ਼ਟਰਪਤੀ ਜੋਅ ਬਾਇਡਨ ਨਾਲੋਂ ਉਨ੍ਹਾਂ ਦੇ ਜਿੱਤਣ ਦੇ ਜ਼ਿਆਦਾ ਮੌਕੇ ਹਨ। ਇਹ ਗੱਲ ਸੀ.ਐੱਨ.ਐੱਨ. ਦੇ ਇੱਕ ਤਾਜ਼ਾ ਸਰਵੇਖਣ ਵਿਚ ਕਹੀ ਗਈ ਹੈ। ਪਿਛਲੇ ਹਫ਼ਤੇ ਐਟਲਾਂਟਾ ਵਿਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਬਹਿਸ ਵਿਚ ਨਿਰਾਸ਼ਾਜਨਕ ਪ੍ਰਦਰਸ਼ਨ ਤੋਂ ਬਾਅਦ ਦੇਸ਼ ਦੇ ਅਗਲੇ ਰਾਸ਼ਟਰਪਤੀ ਵਜੋਂ ਬਾਇਡਨ (81) ਦੀ ਪ੍ਰਵਾਨਗੀ ਦਰਜਾਬੰਦੀ ਵਿਚ ਗਿਰਾਵਟ ਆਈ ਹੈ। ਰਾਸ਼ਟਰਪਤੀ ਚੋਣ ਤੋਂ ਪਹਿਲਾਂ ਬਾਇਡਨ ਅਤੇ ਟਰੰਪ ਵਿਚਾਲੇ ਪਹਿਲੀ ਬਹਿਸ ਤੋਂ ਬਾਅਦ ਸੱਤਾਧਾਰੀ ਡੈਮੋਕ੍ਰੇਟਿਕ ਪਾਰਟੀ 'ਚ ਇਹ ਮੰਗ ਉੱਠ ਰਹੀ ਹੈ ਕਿ ਬਾਇਡਨ ਨੂੰ ਪਿੱਛੇ ਹਟਣਾ ਚਾਹੀਦਾ ਹੈ ਅਤੇ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਪਾਰਟੀ ਵੱਲੋਂ ਕਿਸੇ ਹੋਰ ਨੂੰ ਮੌਕਾ ਦਿੱਤਾ ਜਾਵੇ। ਸੀ.ਐੱਨ.ਐੱਨ. ਦੇ ਸਰਵੇਖਣ ਮੁਤਾਬਕ ਟਰੰਪ ਲੋਕਪ੍ਰਿਅਤਾ ਦੇ ਮਾਮਲੇ ਵਿਚ ਬਾਇਡਨ ਤੋਂ ਛੇ ਅੰਕ ਅੱਗੇ ਹਨ। ਸਰਵੇਖਣ 'ਚ ਹੈਰਿਸ ਅਤੇ ਟਰੰਪ ਵਿਚਾਲੇ ਹੋਣ ਵਾਲੇ ਕਾਲਪਨਿਕ ਮੁਕਾਬਲੇ ਨੂੰ ਲੈ ਕੇ ਵੀ ਸਰਵੇਖਣ ਕੀਤਾ ਗਿਆ ਸੀ, ਜਿਸ ਮੁਤਾਬਕ 47 ਫੀਸਦੀ ਰਜਿਸਟਰਡ ਵੋਟਰ ਟਰੰਪ ਦਾ ਸਮਰਥਨ ਕਰਦੇ ਹਨ, ਜਦਕਿ 45 ਫੀਸਦੀ ਹੈਰਿਸ ਦੇ ਸਮਰਥਕ ਹਨ, ਜਿਸ ਦਾ ਮਤਲਬ ਹੈ ਕਿ ਉਨ੍ਹਾਂ ਦੇ ਆਹਮੋ-ਸਾਹਮਣੇ ਹੋਣ ਦੀ ਸਥਿਤੀ 'ਚ ਮੁਕਾਬਲਾ ਨੇੜੇ ਹੋ ਜਾਵੇਗਾ।

ਇਸ ਦੌਰਾਨ ਬਾਇਡਨ ਨੇ ਬਹਿਸ ਵਿਚ ਆਪਣੇ ਨਿਰਾਸ਼ਾਜਨਕ ਪ੍ਰਦਰਸ਼ਨ ਲਈ ਆਪਣੇ ਹਾਲੀਆ ਵਿਦੇਸ਼ੀ ਦੌਰਿਆਂ ਕਾਰਨ ਆਈ ਥਕਾਵਟ ਨੂੰ ਜ਼ਿੰਮੇਵਾਰ ਠਹਿਰਾਇਆ।

## ਸੁਪਰੀਮ ਕੋਰਟ ਵਲੋਂ ਟਰੰਪ ਨੂੰ ਮਿਲੀ ਰਾਹਤ 'ਤੇ ਬਾਇਡਨ ਵੱਲੋਂ ਨਾਰਾਜ਼ਗੀ ਜ਼ਾਹਿਰ

■ ਕਿਹਾ: ਸੁਪਰੀਮ ਕੋਰਟ ਨੇ ਖਤਰਨਾਕ ਮਿਸਾਲ ਕਾਇਮ ਕੀਤੀ



**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੁਪਰੀਮ ਕੋਰਟ ਵਲੋਂ ਮਿਲੀ ਰਾਹਤ 'ਤੇ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਨੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ ਹੈ। ਬਾਇਡਨ ਨੇ ਚਿਤਾਵਨੀ ਦਿੱਤੀ ਹੈ ਕਿ ਸੁਪਰੀਮ ਕੋਰਟ ਨੇ ਖ਼ਤਰਨਾਕ ਮਿਸਾਲ ਕਾਇਮ ਕੀਤੀ ਹੈ। ਬਾਈਡੇਨ ਨੇ ਇਹ ਵੀ ਕਿਹਾ ਕਿ ਜੇਕਰ ਨਵੰਬਰ ਦੀਆਂ ਚੋਣਾਂ 'ਚ ਡੋਨਾਲਡ ਟਰੰਪ ਰਾਸ਼ਟਰਪਤੀ ਚੁਣੇ ਗਏ, ਤਾਂ ਉਹ ਇਸ ਦਾ ਗਲਤ ਇਸਤੇਮਾਲ ਕਰ ਸਕਦੇ ਹਨ। ਵ੍ਹਾਈਟ ਹਾਊਸ 'ਚ ਆਪਣੇ ਇਕ ਸੰਬੋਧਨ ਦੌਰਾਨ ਜੋਅ ਬਾਇਡਨ ਨੇ ਕਿਹਾ ਕਿ ਸਾਰੇ ਵਿਵਹਾਰਿਕ ਉਦੇਸ਼ਾਂ ਦੇ ਲਿਹਾਜ਼ ਨਾਲ ਇਸ ਫ਼ੈਸਲੇ ਦਾ ਮਤਲਬ ਇਹ ਹੈ ਕਿ ਹੁਣ ਰਾਸ਼ਟਰਪਤੀ ਕੁਝ ਵੀ ਕਰ ਸਕਦਾ ਹੈ। ਮੌਲਿਕ ਤੌਰ 'ਤੇ ਇਹ ਨਵਾਂ ਸਿਧਾਂਤ ਇਕ ਖ਼ਤਰਨਾਕ ਮਿਸਾਲ ਹੈ। ਹੁਣ ਅਮਰੀਕੀ ਲੋਕਾਂ ਨੂੰ ਇਹ ਤੈਅ ਕਰਨਾ ਹੋਵੇਗਾ ਕਿ ਕੀ ਉਹ ਇਕ ਵਾਰ ਫਿਰ ਡੋਨਾਲਡ ਟਰੰਪ ਨੂੰ ਰਾਸ਼ਟਰਪਤੀ ਬਣਾਉਣਾ ਚਾਹੁੰਦੇ ਹਨ, ਕਿਉਂਕਿ ਹੁਣ ਉਹ (ਟਰੰਪ) ਜਾਣਦੇ ਹਨ ਉਹ ਜੋ ਵੀ ਕਰਨਾ ਚਾਹੁਣਗੇ, ਉਸ ਨੂੰ ਕਰਨ ਲਈ ਹੋਰ ਸਾਹਸੀ ਹੋ ਜਾਣਗੇ।"

ਦੱਸਣਯੋਗ ਹੈ ਕਿ ਸਾਬਕਾ ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਸੁਪਰੀਮ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਟਰੰਪ ਦੇ ਰਾਸ਼ਟਰਪਤੀ ਰਹਿੰਦੇ ਹੋਏ ਸਾਲ 2020 'ਚ ਚੋਣ ਨਤੀਜੇ ਪਲਟਣ ਦੇ ਮਾਮਲੇ ਨੂੰ ਵਾਪਸ ਟ੍ਰਾਇਲ ਕੋਰਟ ਨੂੰ ਭੇਜ ਦਿੱਤਾ ਹੈ। ਨਾਲ ਹੀ ਸੁਪਰੀਮ ਕੋਰਟ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀਆਂ ਨੂੰ ਕੁਝ ਹੱਦ ਤੱਕ ਕਾਨੂੰਨੀ ਕਾਰਵਾਈ ਤੋਂ ਛੋਟ ਰਹਿੰਦੀ ਹੈ। ਅਜਿਹੇ 'ਚ ਸਾਬਕਾ ਰਾਸ਼ਟਰਪਤੀ ਟਰੰਪ ਖ਼ਿਲਾਫ਼ ਨਵੰਬਰ ਤੋਂ ਪਹਿਲੇ ਸੁਣਵਾਈ ਹੋਣ ਦੀ ਸੰਭਾਵਨਾ ਖ਼ਤਮ ਹੋ ਗਈ ਹੈ। ਜਿਸ ਨਾਲ ਟਰੰਪ ਦੇ ਰਾਸ਼ਟਰਪਤੀ ਬਣਨ ਦੀ ਰੁਕਾਵਟ ਵੀ ਦੂਰ ਹੋ ਗਈ ਹੈ।

### ਸਤਿਸੰਗ ਦੌਰਾਨ ਮਚੀ ਭਾਜੜ ਦਾ ਮਾਮਲਾ

## ਮੁੱਖ ਸੇਵਾਦਾਰ ਤੇ ਹੋਰਨਾਂ ਖਿਲਾਫ਼ ਗੈਰ ਇਰਾਦਤਨ ਕਤਲ ਦਾ ਕੇਸ ਦਰਜ

■ ਮਚੀ ਭਾਜੜ ਦੀ ਇਸ ਘਟਨਾ 'ਚ ਹੋਈ 122 ਲੋਕਾਂ ਦੀ ਮੌਤ

■ ਸਤਿਸੰਗ ਵਿਚ ਕਰੀਬ 40 ਹਜ਼ਾਰ ਲੋਕ ਸਨ ਮੌਜੂਦ



ਮਚੀ ਭਾਜੜ ਦੌਰਾਨ ਮਰੇ ਹੋਏ ਲੋਕ।

**ਲਖਨਊ, (ਪੰਜਾਬ ਮੇਲ)-** ਉੱਤਰ ਪ੍ਰਦੇਸ਼ ਦੇ ਹਾਥਰਸ ਜ਼ਿਲ੍ਹੇ ਦੇ ਸਿਕੰਦਰਾਰਾਓ ਇਲਾਕੇ 'ਚ ਸਤਿਸੰਗ ਦੌਰਾਨ ਮਚੀ ਭਾਜੜ ਦੇ ਮਾਮਲੇ ਵਿਚ ਪੁਲਿਸ ਨੇ ਮੁੱਖ ਸੇਵਾਦਾਰ ਅਤੇ ਹੋਰਨਾਂ ਖਿਲਾਫ਼ ਐੱਫ.ਆਈ.ਆਰ. ਦਰਜ ਕੀਤੀ ਹੈ। ਮੰਗਲਵਾਰ ਨੂੰ ਮਚੀ ਭਾਜੜ ਦੀ ਇਸ ਘਟਨਾ 'ਚ 122 ਲੋਕਾਂ ਦੀ ਮੌਤ ਹੋ ਗਈ ਸੀ।



ਨਾਰਾਇਣ ਸਾਕਾਰ ਵਿਸ਼ਵ ਹਰੀ ਬਾਬਾ।

ਅਧਿਕਾਰੀ ਨੇ ਦੱਸਿਆ ਕਿ ਮੰਗਲਵਾਰ ਦੇਰ ਰਾਤ ਸਿਕੰਦਰਾਰਾਓ ਥਾਣੇ ਵਿਚ ਮੁੱਖ ਸੇਵਾਦਾਰ ਦੇਵਪ੍ਰਕਾਸ਼ ਮਧੁਕਰ ਅਤੇ ਹੋਰ ਸੇਵਾਦਾਰਾਂ ਖਿਲਾਫ਼ ਐੱਫ.ਆਈ.ਆਰ.ਦਰਜ ਕੀਤੀ ਗਈ ਹੈ। ਅਧਿਕਾਰੀ ਨੇ ਦੱਸਿਆ ਕਿ ਭਾਰਤੀ ਨਿਆਂ ਸੰਹਿਤਾ ਦੀ ਧਾਰਾ 105 (ਗੈਰ-ਇਰਾਦਤਨ ਕਤਲ), 110 (ਗੈਰ ਇਰਾਦਤਨ ਕਤਲ ਕਰਨ ਦੀ ਕੋਸ਼ਿਸ਼), 126 (2) (ਗਲਤ ਤਰੀਕੇ ਨਾਲ ਰੋਕਣਾ), 223 (ਲੋਕ ਸੇਵਕ ਵਲੋਂ ਜਾਰੀ ਹੁਕਮ ਦੀ ਉਲੰਘਣਾ), 238 (ਸਬੂਤਾਂ ਨੂੰ ਮਿਟਾਉਣ) ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।


ਦੱਸਣਯੋਗ ਹੈ ਕਿ ਉੱਤਰ ਪ੍ਰਦੇਸ਼ ਦੇ ਹਾਥਰਸ ਜ਼ਿਲ੍ਹੇ ਵਿਚ ਮੰਗਲਵਾਰ ਨੂੰ ਨਾਰਾਇਣ ਸਾਕਾਰ ਵਿਸ਼ਵ ਹਰੀ ਦੇ ਨਾਂ ਤੋਂ ਪ੍ਰਸਿੱਧ ਭੋਲੇ ਬਾਬਾ ਦੇ ਪ੍ਰੋਗਰਾਮ ਵਿਚ ਲੱਖਾਂ ਦੀ ਗਿਣਤੀ 'ਚ ਭਗਤਾਂ ਦੀ ਭੀੜ ਇਕੱਠੀ ਹੋਈ। ਪ੍ਰੋਗਰਾਮ ਵਾਲੀ ਥਾਂ 'ਤੇ ਇਜਾਜ਼ਤ ਤੋਂ ਜ਼ਿਆਦਾ ਭਗਤ ਸਤਿਸੰਗ ਪ੍ਰੋਗਰਾਮ ਵਿਚ ਪਹੁੰਚੇ। ਭੋਲੇ ਬਾਬਾ ਦੇ ਸਤਿਸੰਗ ਦੌਰਾਨ ਭਾਜੜ ਮਚ ਗਈ। ਘਟਨਾ ਸਿਕੰਦਰਾਰਾਓ ਕੋਤਵਾਲੀ ਖੇਤਰ ਦੇ ਜੀ.ਟੀ. ਰੋਡ ਸਥਿਤ ਪਿੰਡ ਫੁਲਰਾਈ ਕੋਲ ਦੀ ਹੈ। ਸੂਤਰਾਂ ਦੇ ਹਵਾਲੇ ਤੋਂ ਜੋ ਜਾਣਕਾਰੀ ਮਿਲੀ ਹੈ, ਉਸ ਮੁਤਾਬਕ ਇਸ ਸਤਿਸੰਗ ਵਿਚ ਕਰੀਬ 40 ਹਜ਼ਾਰ ਲੋਕ ਮੌਕੇ 'ਤੇ ਮੌਜੂਦ ਸਨ। ਇੰਨੀ ਵੱਡੀ ਗਿਣਤੀ ਵਿਚ ਲੋਕਾਂ ਦੇ ਮੌਜੂਦ ਹੋਣ ਅਤੇ ਉੱਚਿਤ ਵਿਵਸਥਾ ਨਾ ਹੋਣ ਕਾਰਨ ਇਹ ਹਾਦਸਾ ਵਾਪਰਿਆ ਅਤੇ ਲੋਕਾਂ ਨੂੰ ਆਪਣੀ ਜਾਨ ਗੁਆਉਣੀ ਪਈ।



ਰੋਂਦੇ ਹੋਏ ਮ੍ਰਿਤਕਾ ਦੇ ਪਰਿਵਾਰਿਕ ਮੈਂਬਰ।

## ਸਿਆਸੀ ਪਾਰਟੀਆਂ ਲਈ ਵੱਕਾਰ ਦਾ ਸਵਾਲ ਬਣੀ ਜਲੰਧਰ ਜ਼ਿਮਨੀ ਚੋਣ

**ਜਲੰਧਰ, (ਪੰਜਾਬ ਮੇਲ)-** ਜਲੰਧਰ ਵੈਸਟ ਵਿਧਾਨ ਸਭਾ ਹਲਕੇ 'ਚ 10 ਜੁਲਾਈ ਨੂੰ ਹੋਣ ਜਾ ਰਹੀ ਜ਼ਿਮਨੀ ਚੋਣ ਨੂੰ ਲੈ ਕੇ ਮਾਹੌਲ ਪੂਰੀ ਤਰ੍ਹਾਂ ਗਰਮਾ ਰਿਹਾ ਹੈ। ਇਸ ਸੀਟ ਨੂੰ ਜਿੱਤਣਾ ਭਾਜਪਾ, 'ਆਪ' ਅਤੇ ਕਾਂਗਰਸ ਦੇ ਵੱਕਾਰ ਦਾ ਸਵਾਲ ਬਣ ਚੁੱਕਾ ਹੈ। ਜਲੰਧਰ ਵੈਸਟ ਦੀ ਇਹ ਸੀਟ ਕਿਸ ਪਾਰਟੀ ਦੀ ਝੋਲੀ 'ਚ ਜਾਵੇਗੀ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਸ ਸੀਟ ਨੂੰ ਜਿੱਤਣ ਲਈ ਸਾਰੀਆਂ ਸਿਆਸੀ ਪਾਰਟੀਆਂ ਨੇ ਅੱਡੀ-ਚੋਟੀ ਦਾ ਜ਼ੋਰ ਲਾਇਆ ਹੋਇਆ ਹੈ।



ਜ਼ਿਕਰਯੋਗ ਹੈ ਕਿ ਸਾਲ 2022 'ਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੋਣ ਲੜ ਕੇ ਸ਼ੀਤਲ ਅੰਗੁਰਾਲ ਜਲੰਧਰ ਵੈਸਟ ਤੋਂ ਵਿਧਾਇਕ ਬਣੇ ਸਨ ਪਰ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਹ ਭਾਜਪਾ 'ਚ ਸ਼ਾਮਲ ਹੋ ਗਏ।

■ ਬਾਕੀ ਖਬਰ ਸਫਾ 18 'ਤੇ

## ਅੰਮ੍ਰਿਤਪਾਲ ਸਿੰਘ 5 ਜੁਲਾਈ ਨੂੰ ਚੁੱਕਣਗੇ ਸੰਸਦ ਮੈਂਬਰ ਵਜੋਂ ਸਹੁੰ!

**ਖ਼ਡੂਰ ਸਾਹਿਬ, (ਪੰਜਾਬ ਮੇਲ)-** ਲੋਕ ਸਭਾ ਹਲਕਾ ਖ਼ਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਜਿੱਤ ਹਾਸਲ ਕਰਨ ਵਾਲੇ ਅੰਮ੍ਰਿਤਪਾਲ ਸਿੰਘ ਨਾਲ ਜੁੜੀ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਸੂਤਰਾਂ ਮੁਤਾਬਕ ਅੰਮ੍ਰਿਤਪਾਲ ਸਿੰਘ 5 ਜੁਲਾਈ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਜਾ ਰਹੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਅੰਮ੍ਰਿਤਪਾਲ ਸਿੰਘ ਨੂੰ ਪੈਰੋਲ 'ਤੇ ਬਾਹਰ ਲਿਆਂਦਾ ਜਾ ਸਕਦਾ ਹੈ, ਜਿਸ ਦੌਰਾਨ ਉਹ ਆਪਣੇ ਅਹੁਦੇ ਦੀ ਸਹੁੰ ਚੁੱਕਣਗੇ। ਹਾਲਾਂਕਿ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਪੈਰੋਲ ਕਿੰਨੇ ਦਿਨ ਦੀ ਹੋਵੇਗੀ ਅਤੇ ਕਦੋਂ ਹੋਵੇਗੀ ਪਰ ਇਹ ਗੱਲ ਤਾਂ ਸਾਫ ਹੈ ਕਿ ਜੇਕਰ ਅੰਮ੍ਰਿਤਪਾਲ ਸਿੰਘ ਜੇਕਰ ਸਹੁੰ ਚੁੱਕਦੇ ਹਨ, ਤਾਂ ਬਤੌਰ ਐੱਮ.ਪੀ. ਖ਼ਡੂਰ ਸਾਹਿਬ ਦੀ ਨੁਮਾਇੰਦਗੀ ਕਰ ਪਾਉਣਗੇ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਹਨ। ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਖ਼ਿਲਾਫ਼ ਐੱਨ.ਐੱਸ.ਏ. ਲਗਾਈ ਗਈ ਹੈ।



## ਹਾਈਕੋਰਟ ਵੱਲੋਂ ਬੀਬੀ ਜਗੀਰ ਕੌਰ ਖਿਲਾਫ ਐੱਫ.ਆਈ.ਆਰ. ਦੇ ਹੁਕਮ

■ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰਨ ਦੇ ਮਾਮਲੇ 'ਚ ਦੋਸ਼ੀ ਕਰਾਰ




**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਹਾਈ ਕੋਰਟ ਤੋਂ ਵੱਡਾ ਝਟਕਾ ਲੱਗਿਆ ਹੈ। ਹਾਈਕੋਰਟ ਨੇ ਬੀਬੀ ਜਗੀਰ ਕੌਰ ਨੂੰ ਜ਼ਮੀਨ ਉੱਤੇ ਨਾਜਾਇਜ਼ ਕਬਜ਼ਾ ਕਰਨ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੰਦੇ ਹੋਏ ਐੱਫ.ਆਈ.ਆਰ. ਦਰਜ ਕਰਨ ਦੇ ਹੁਕਮ ਦਿੱਤੇ ਹਨ। ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਵੀ ਟਵਿੱਟਰ 'ਤੇ ਇਸ ਸਬੰਧੀ ਜਾਣਕਾਰੀ ਸਾਂਝੀ ਕੀਤੀ ਹੈ।

ਮਾਣਯੋਗ ਹਾਈਕੋਰਟ ਨੇ ਬੀਬੀ ਜਗੀਰ ਕੌਰ ਨੂੰ ਐੱਨ.ਏ.ਸੀ. ਬੇਗੋਵਾਲ ਦੀ 172 ਕਨਾਲ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰਨ ਲਈ ਦੋਸ਼ੀ ਕਰਾਰ ਦਿੱਤਾ ਹੈ। ਹਾਈਕੋਰਟ ਨੇ ਈ.ਓ.ਐੱਨ.ਏ.ਸੀ. ਬੇਗੋਵਾਲ ਨੂੰ ਕਬਜ਼ੇ ਵਾਲੀ ਜ਼ਮੀਨ ਦੇ ਕਿਰਾਏ ਦੀ ਏਵਜ 'ਚ 5 ਕਰੋੜ 91 ਲੱਖ ਦੀ ਵਸੂਲੀ ਕਰਨ ਅਤੇ ਉਕਤ 172 ਕਨਾਲ ਜ਼ਮੀਨ ਨੂੰ ਵਾਪਸ ਦਿਵਾਉਣ ਲਈ ਢੁਕਵੇਂ ਕਦਮ ਚੁੱਕਣ ਦੇ ਨਿਰਦੇਸ਼ ਵੀ ਦਿੱਤੇ ਹਨ। ਇਸ ਦੇ ਨਾਲ ਹੀ ਕੋਰਟ ਨੇ ਵਿਜੀਲੈਂਸ ਬਿਊਰੋ ਨੂੰ ਉਕਤ ਗੈਰ-ਕਾਨੂੰਨੀ ਕਬਜ਼ਿਆਂ ਦੀ ਇਜਾਜ਼ਤ ਦੇਣ ਵਾਲੇ ਅਧਿਕਾਰੀਆਂ ਵਿਰੁੱਧ ਫੌਜਦਾਰੀ ਕਾਰਵਾਈ ਸ਼ੁਰੂ ਕਰਨ ਦੇ ਵੀ ਨਿਰਦੇਸ਼ ਦਿੱਤੇ ਹਨ।

ਪਟੀਸ਼ਨ ਵਿਚ ਬੀਬੀ ਜਗੀਰ ਕੌਰ 'ਤੇ 1996 ਤੋਂ 2014 ਤੱਕ ਬੇਗੋਵਾਲ ਦੀ 172 ਕਨਾਲ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰਨ ਦਾ ਦੋਸ਼ ਲਾਇਆ ਗਿਆ ਸੀ। ਪਟੀਸ਼ਨ ਵਿਚ ਦੋਸ਼ ਲਗਾਇਆ ਗਿਆ ਸੀ ਕਿ ਇਸ ਜ਼ਮੀਨ 'ਤੇ ਹਾਈ ਸਕੂਲ ਦੀ ਉਸਾਰੀ ਕੀਤੀ ਗਈ ਸੀ ਅਤੇ ਉਸਾਰੀ ਕਾਰਨ ਐੱਨ.ਏ.ਸੀ. ਨੂੰ ਨੋਟਿਸ ਵੀ ਜਾਰੀ ਕੀਤਾ ਸੀ, ਪਰ ਉਸਾਰੀ ਹਟਾਉਣ ਦੀ ਬਜਾਏ ਇਸ ਸਕੂਲ ਵਿਚ ਇੰਟਰਨੈਸ਼ਨਲ ਸਕੂਲ ਚਲਾਉਣਾ ਸ਼ੁਰੂ ਕਰ ਦਿੱਤਾ, ਭਾਵੇਂ ਕਿ ਇਸ ਸਕੂਲ ਨੂੰ ਕਿਤੇ ਵੀ ਮਾਨਤਾ ਨਹੀਂ ਹੈ। ਇਸ ਸਕੂਲ ਨੂੰ ਸਰਕਾਰ ਤੋਂ 95 ਫ਼ੀਸਦੀ ਸਹਾਇਤਾ ਮਿਲਦੀ ਹੈ ਅਤੇ ਏਡਿਡ ਸਕੂਲ 'ਚ ਇੰਟਰਨੈਸ਼ਨਲ ਸਕੂਲ ਨਹੀਂ ਚਲਾਇਆ ਜਾ ਸਕਦਾ। ਇਸ ਖ਼ਿਲਾਫ਼ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਨੂੰ ਮੰਗ ਪੱਤਰ ਦਿੱਤਾ ਗਿਆ ਸੀ ਅਤੇ ਇਹ ਮਾਮਲਾ ਵਿਧਾਨ ਸਭਾ ਵਿਚ ਵੀ ਚੁੱਕਿਆ ਗਿਆ ਸੀ।

# ਮੇਰੀ ਬਹਿਸ ਇਕ ਝੂਠੇ ਵਿਅਕਤੀ ਨਾਲ ਸੀ : ਜੋਅ ਬਾਇਡਨ

■ **ਮੁਕਾਬਲੇ ਵਿਚੋਂ ਹਟਣ ਦੀ ਸੰਭਾਵਨਾ ਨੂੰ ਕੀਤਾ ਰੱਦ**


ਰਾਸ਼ਟਰਪਤੀ ਜੋਅ ਬਾਇਡਨ ਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਹੈ ਕਿ ਉਸ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਬਹਿਸ ਦੌਰਾਨ ਵਧੀਆ ਕੰਮ ਕੀਤਾ ਹੈ ਤੇ ਉਨ੍ਹਾਂ ਨੇ ਕੁਝ ਡੈਮੋਕਰੈਟਿਕ ਸਮਰਥਕਾਂ ਵੱਲੋਂ ਮੁਕਾਬਲੇ ਵਿਚੋਂ ਹਟਣ ਦੀ ਕੀਤੀ ਜਾ ਰਹੀ ਮੰਗ ਨੂੰ ਰੱਦ ਕਰ ਦਿੱਤਾ ਹੈ। ਬਾਇਡਨ ਨੇ ਸਮਰਥਕਾਂ ਨੂੰ ਕਿਹਾ ਹੈ ਕਿ ਆਓ ਅੱਗੇ ਵਧੀਏ। ਬਾਇਡਨ ਨੂੰ ਇਕ ਪੱਤਰਕਾਰ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਕੀ ਉਹ ਮੈਦਾਨ ਛੱਡ ਰਹੇ ਹਨ ਤੇ ਕੀ ਉਨ੍ਹਾਂ ਨੂੰ ਕੋਈ ਸ਼ੱਕ ਹੈ, ਤਾਂ ਬਾਇਡਨ ਨੇ ਕਿਹਾ, "ਨਹੀਂ, ਇਕ ਝੂਠੇ ਵਿਅਕਤੀ ਨਾਲ ਬਹਿਸ ਕਰਨਾ ਬਹੁਤ ਕਠਿਨ ਹੁੰਦਾ ਹੈ। "ਦ ਨਿਊਯਾਰਕ ਟਾਈਮਜ਼" ਨੇ ਸਪੱਸ਼ਟ ਕੀਤਾ ਹੈ ਕਿ ਉਸ (ਟਰੰਪ) ਨੇ 26 ਵਾਰ ਝੂਠ ਬੋਲਿਆ। ਬਾਇਡਨ ਨੇ ਮੰਨਿਆ ਕਿ ਉਹ ਠੀਕ ਨਹੀਂ ਸੀ ਤੇ ਉਸ ਦਾ ਗਲ਼ਾ ਪੱਕਿਆ ਹੋਇਆ ਸੀ। ਇਸ ਬਹਿਸ ਵਿਚੋਂ ਜੋ ਤੱਥ ਸਾਹਮਣੇ ਆਏ ਹਨ, ਉਨ੍ਹਾਂ ਤੋਂ ਸਪੱਸ਼ਟ ਹੈ ਕਿ ਬਹਿਸ ਨੂੰ ਵੇਖਣ ਤੇ ਸੁਣਨ ਵਾਲਿਆਂ ਨੂੰ ਇਸ ਤੱਥ ਬਾਰੇ ਬਹੁਤ ਘੱਟ ਪਤਾ ਲੱਗਾ ਹੈ ਕਿ ਦੋਵੇਂ ਉਮੀਦਵਾਰਾਂ ਦੀ ਮੁੱਖ ਮੁੱਦਿਆਂ ਪ੍ਰਤੀ ਪਹੁੰਚ ਕੀ ਹੈ? ਦੋਵੇਂ ਉਮੀਦਵਾਰਾਂ ਦੀ ਉਮਰ, ਜਿਨ੍ਹਾਂ ਨੂੰ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਨੂੰ ਲੈ ਕੇ ਸਰੀਰਕ ਯੋਗਤਾ ਬਾਰੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਬਹਿਸ ਦਾ ਮੁੱਖ ਸਵਾਲ ਸੀ, ਜਿਸ ਦਾ ਜਵਾਬ ਅਮਰੀਕੀ ਲੋਕਾਂ ਨੂੰ ਨਹੀਂ ਮਿਲਿਆ। ਬਹਿਸ ਦੌਰਾਨ ਸ਼ੁਰੂ ਵਿਚ 78 ਸਾਲਾ ਟਰੰਪ, ਬਾਇਡਨ (81) ਦੀ ਤੁਲਨਾ ਵਿਚ ਵਧੇਰੇ ਤਾਕਤਵਾਰ ਤੇ ਉਤਸ਼ਾਹਿਤ ਨਜ਼ਰ ਆਏ ਤੇ ਉਨ੍ਹਾਂ ਨੇ ਹਮਲਾਵਰ ਅੰਦਾਜ਼ ਅਪਣਾਇਆ ਪਰੰਤੂ ਬਾਅਦ ਵਿਚ ਜਦੋਂ ਬਾਇਡਨ ਨੇ ਆਪਣੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਦੀ ਪੈਰਵਾਈ ਕਰਨੀ ਸ਼ੁਰੂ ਕੀਤੀ ਤੇ ਟਰੰਪ ਦੇ ਚਰਿਤਰ ਬਾਰੇ ਗੱਲਾਂ ਕੀਤੀਆਂ, ਤਾਂ ਉਹ ਵਧੀਆ ਨਜ਼ਰ ਆਏ। ਬਹਿਸ ਵਿਸ਼ੇਸ਼ ਤੌਰ 'ਤੇ ਬਹਿਸ ਦੇ ਸ਼ੁਰੂਆਤੀ ਮਿੰਟਾਂ ਦੌਰਾਨ ਲੱਖਾਂ ਦਰਸ਼ਕਾਂ ਦੇ ਜੋ ਪ੍ਰਤੀਕਰਮ ਸਾਹਮਣੇ ਆਏ ਹਨ, ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਰਿਪਬਲੀਕਨ ਸਮਰਥਕਾਂ ਵੱਲੋਂ ਭਵਿੱਖ ਵਿਚ ਬਾਇਡਨ ਦੀ ਉਮਰ ਤੇ ਉਨ੍ਹਾਂ ਵੱਲੋਂ ਅਹੁਦਾ ਸੰਭਾਲਣ ਦੀ ਯੋਗਤਾ ਨੂੰ ਲੈ ਕੇ ਵੱਡੀ ਪੱਧਰ ਉਪਰ ਸਵਾਲ ਖੜ੍ਹੇ ਕੀਤੇ ਜਾਣਗੇ ਪਰੰਤੂ ਡੈਮੋਕਰੈਟਿਕਾਂ ਵੱਲੋਂ ਬਾਇਡਨ ਦੀ ਜਗ੍ਹਾ ਹੋਰ ਕਿਸੇ ਨੂੰ ਉਮੀਦਵਾਰ ਬਣਾਉਣਾ, ਜੇਕਰ ਸੰਭਵ ਨਹੀਂ ਹੈ, ਤਾਂ ਮੁਸ਼ਕਿਲ ਜ਼ਰੂਰ ਹੈ। ਹਾਲਾਂਕਿ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਸਪੱਸ਼ਟ ਕਰ ਚੁੱਕੇ ਹਨ ਕਿ ਜੇਕਰ ਹਾਲਾਤ ਬਣਦੇ ਹਨ, ਤਾਂ ਉਹ ਰਾਸ਼ਟਰਪਤੀ ਦੀ ਭੂਮਿਕਾ ਨਿਭਾਉਣ ਲਈ ਤਿਆਰ ਹਨ। ਫਿਲਹਾਲ ਬਾਇਡਨ ਇਕ ਮਜ਼ਬੂਤ ਉਮੀਦਵਾਰ ਵਜੋਂ ਡਟੇ ਹੋਏ ਹਨ।

# ਅਟਾਰਨੀ ਜਸਪ੍ਰੀਤ ਸਿੰਘ ਵੱਲੋਂ ਅਮਰੀਕੀ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨਾਲ ਮੁਲਾਕਾਤ

■ **ਸਿੱਖ ਮਸਲਿਆਂ ਸਮੇਤ ਕਈ ਹੋਰ ਅਹਿਮ ਮੁੱਦਿਆਂ 'ਤੇ ਕੀਤੀ ਗੱਲਬਾਤ**



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕਾ ਦੇ ਪ੍ਰਸਿੱਧ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਨੇ ਯੂ.ਐੱਸ.ਏ. ਦੀ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨਾਲ ਉਨ੍ਹਾਂ ਵੱਲੋ ਦਿੱਤੇ ਗਏ ਸਮੇਂ ਮੁਤਾਬਕ ਕੈਲੀਫੋਰਨੀਆ ਸੂਬੇ ਦੇ ਸ਼ਹਿਰ ਲਾਸ ਏਂਜਲਸ ਵਿਖੇ ਮੁਲਾਕਾਤ ਕੀਤੀ। ਕਮਲਾ ਹੈਰਿਸ ਨਾਲ ਉਨ੍ਹਾਂ ਦੀ ਇਹ ਮੀਟਿੰਗ ਲਗਭਗ ਇੱਕ ਘੰਟੇ ਦੇ ਕਰੀਬ ਤੱਕ ਚੱਲੀ। ਇਹ ਮੀਟਿੰਗ ਇੱਕ ਸਮਾਗਮ ਦੌਰਾਨ ਹੋਈ, ਜਿੱਥੇ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਨੇ ਸਿੱਖਾਂ ਸੰਬੰਧੀ ਅਤੇ ਕਈ ਹੋਰ ਅਹਿਮ ਮੁੱਦਿਆਂ ਨੂੰ ਕਮਲਾ ਹੈਰਿਸ ਦੇ ਸਾਹਮਣੇ ਰੱਖਿਆ। ਇਨ੍ਹਾਂ ਮੁੱਦਿਆਂ ਵਿਚੋਂ ਪਹਿਲਾ ਅਤੇ ਅਹਿਮ ਮੁੱਦਾ ਪੰਜਾਬ ਦੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਚੁਣੇ ਗਏ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਬਾਰੇ ਹੈ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਉੱਪਰ ਐੱਨ.ਐੱਸ.ਏ. ਬਿਲਕੁਲ ਗਲਤ ਅਤੇ ਗੈਰ-ਕਾਨੂੰਨੀ ਹੈ। ਇਹ ਕਾਨੂੰਨ ਲਗਾਉਣਾ ਗਲਤ ਹੈ। ਕਿਉਂਕਿ ਇਹ ਅੰਗਰੇਜ਼ਾਂ ਦੁਆਰਾ ਬਣਾਏ ਆਜ਼ਾਦੀ ਤੋਂ ਪਹਿਲਾਂ ਦੇ ਕਾਨੂੰਨਾਂ ਦੇ ਆਧਾਰ 'ਤੇ ਲਗਾਇਆ ਗਿਆ ਹੈ। ਅਟਾਰਨੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਦੇ ਨਾਲ ਹੀ ਉਨ੍ਹਾਂ ਨੇ ਭਾਰਤੀ ਜੇਲ੍ਹਾਂ ਵਿਚ ਲੰਬੇ ਸਮੇਂ ਤੋਂ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਵੀ ਕਮਲਾ ਹੈਰਿਸ ਦੇ ਨਾਲ ਚੁੱਕਿਆ। ਉਨ੍ਹਾਂ ਦੱਸਿਆ ਕਿ ਇਹ ਸਿੰਘ ਸਜ਼ਾ ਪੂਰੀਆਂ ਹੋਣ ਦੇ ਬਾਵਜੂਦ ਵੀ ਭਾਰਤ ਦੀਆਂ ਜੇਲ੍ਹਾਂ ਦੇ ਵਿਚ ਕੈਦ ਹਨ ਅਤੇ ਜਲਦ ਹੀ ਉਨ੍ਹਾਂ ਦੀ ਰਿਹਾਈ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਇਮੀਗ੍ਰੇਸ਼ਨ ਦੇ ਨਾਲ ਸੰਬੰਧਿਤ ਹੋਰ ਮਸਲਿਆਂ ਬਾਰੇ ਵੀ ਗੱਲਬਾਤ ਕੀਤੀ।

# ਅਮਰੀਕਾ 'ਚ ਤਬਾਹ ਹੋਏ ਛੋਟੇ ਜਹਾਜ਼ 'ਚ ਸਵਾਰ ਇਕ ਪਰਿਵਾਰ ਦੇ 5 ਜੀਆਂ ਦੀ ਮੌਤ

■ **ਬੇਸਬਾਲ ਟੂਰਨਾਮੈਂਟ ਵੇਖ ਕੇ ਜਾਰਜੀਆ ਵਾਪਸ ਆ ਰਿਹਾ ਸੀ ਪਰਿਵਾਰ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਨਿਊਯਾਰਕ ਰਾਜ ਦੇ ਉੱਤਰੀ ਹਿੱਸੇ ਵਿਚ ਇਕ ਇੰਜਣ ਵਾਲਾ ਛੋਟਾ ਜਹਾਜ਼ ਤਬਾਹ ਹੋਣ 'ਤੇ ਉਸ ਵਿਚ ਸਵਾਰ ਜਾਰਜੀਆ ਦੇ ਇਕ ਪਰਿਵਾਰ ਦੇ 5 ਜੀਆਂ ਦੀ ਮੌਤ ਹੋਣ ਦੀ ਖਬਰ ਹੈ। ਇਹ ਜਾਣਕਾਰੀ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਬਿਆਨ ਅਨੁਸਾਰ ਪਰਿਵਾਰ ਬੇਸਬਾਲ ਟੂਰਨਾਮੈਂਟ ਵੇਖ ਕੇ ਕੂਪਰਸਟਾਊਨ, ਨਿਊਯਾਰਕ ਤੋਂ ਵਾਪਸ ਜਾਰਜੀਆ ਆ ਰਿਹਾ ਸੀ ਕਿ ਜਹਾਜ਼ ਅਚਾਨਕ ਹਾਦਸਾਗ੍ਰਸਤ ਹੋ ਕੇ ਜ਼ਮੀਨ ਉਪਰ ਡਿੱਗ ਪਿਆ ਤੇ ਉਸ ਵਿਚ ਸਵਾਰ ਸਾਰੇ ਵਿਅਕਤੀ ਮਾਰੇ ਗਏ। ਪੁਲਿਸ ਨੇ ਮ੍ਰਿਤਕਾਂ ਦੀ ਪਛਾਣ ਰੋਜਰ ਬੈਗਸ (76), ਲੌਰਾ ਵੈਨ ਏਪਸ (43), ਰੀਆਨ ਵੈਨ ਏਪਸ (42) ਜੇਮਜ ਆਰ ਵੈਨ ਏਪਸ (12) ਤੇ ਵੈਨ ਏਪਸ (10) ਵਜੋਂ ਕੀਤੀ ਹੈ। ਨਿਊਯਾਰਕ ਸਟੇਟ ਪੁਲਿਸ ਵੱਲੋਂ ਜਾਰੀ ਪ੍ਰੈੱਸ ਬਿਆਨ ਅਨੁਸਾਰ ਡੈਲਾਵੇਅਰ ਕਾਊਂਟੀ ਵਿਚ ਮੈਸਨਵਿਲੇ ਕਸਬੇ ਵਿਚ ਲੇਕ ਸੀਸਿਲ ਰੋਡ ਦੇ ਆਸ-ਪਾਸ ਦੇ ਖੇਤਰ ਵਿਚ ਸੰਭਾਵੀ ਤੌਰ 'ਤੇ ਇਕ ਜਹਾਜ਼ ਦੇ ਤਬਾਹ ਹੋਣ ਦੀ ਸੂਚਨਾ ਮਿਲਣ 'ਤੇ ਏਜੰਸੀਆਂ ਵੱਲੋਂ ਡਰੋਨ ਦੀ ਮਦਦ ਨਾਲ ਜਹਾਜ਼ ਦਾ ਮਲਬਾ ਤੇ ਉਸ ਵਿਚ ਸਵਾਰ ਮਾਰੇ ਗਏ ਵਿਅਕਤੀਆਂ ਦੀਆਂ ਲਾਸ਼ਾਂ ਲੱਭ ਲਈਆਂ ਗਈਆਂ ਹਨ। ਬਿਆਨ ਅਨੁਸਾਰ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ, ਜਿਸ ਉਪਰੰਤ ਹੀ ਹਾਦਸੇ ਦੇ ਅਸਲ ਕਾਰਨ ਬਾਰੇ ਪਤਾ ਲੱਗ ਸਕੇਗਾ। ਜਾਰਜੀਆ ਦੇ ਗਵਰਨਰ ਬਰੀਅਨ ਕੈਂਪ ਨੇ ਇਕ ਬਿਆਨ ਵਿਚ ਹਾਦਸੇ 'ਚ ਮਾਰੇ ਗਏ ਵਿਅਕਤੀਆਂ ਦੇ ਸੱਕੇ ਸਬੰਧੀਆਂ ਤੇ ਹੋਰ ਸੱਜਣਾਂ ਮਿੱਤਰਾਂ ਨਾਲ ਡੂੰਘੇ ਦੁੱਖ ਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

# ਪੰਨੂ ਕੇਸ: ਦੋਸ਼ੀ ਨਿਖਿਲ ਗੁਪਤਾ ਅਦਾਲਤ 'ਚ ਪੇਸ਼



**ਨਿਊਯਾਰਕ, (ਪੰਜਾਬ ਮੇਲ)-** ਕੱਟੜਪੰਥੀ ਆਗੂ ਗੁਰਪਤਵੰਤ ਸਿੰਘ ਪੰਨੂ ਦੀ ਕਥਿਤ ਹੱਤਿਆ ਦੀ ਨਾਕਾਮ ਸਾਜ਼ਿਸ਼ ਸਬੰਧੀ ਕੇਸ ਵਿਚ ਮੁਲਜ਼ਮ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਪਹਿਲੀ ਵਾਰ ਅਦਾਲਤ 'ਚ ਪੇਸ਼ ਕੀਤਾ ਗਿਆ। ਸੰਘੀ ਜੱਜ ਵਿਕਟਰ ਮਾਰੇਰੋ ਨੇ ਬੀਤੇ ਦਿਨੀਂ ਸੰਖੇਪ ਸੁਣਵਾਈ ਮਗਰੋਂ ਮਾਮਲੇ ਦੀ ਸੁਣਵਾਈ ਲਈ 13 ਸਤੰਬਰ ਦੀ ਤਰੀਕ ਤੈਅ ਕੀਤੀ ਹੈ। ਇਸ ਦੌਰਾਨ ਅਦਾਲਤ ਨੇ ਸਰਕਾਰੀ ਧਿਰ ਨੂੰ ਆਪਣੇ ਕੋਲ ਮੌਜੂਦ ਸਬੂਤ ਬਚਾਅ ਪੱਖ ਨਾਲ ਸਾਂਝੇ ਕਰਨ ਦਾ ਹੁਕਮ ਦਿੱਤਾ। ਸਤੰਬਰ ਮਹੀਨੇ ਕੇਸ ਦੀ ਸੁਣਵਾਈ ਦੌਰਾਨ ਜਦੋਂ ਬਚਾਅ ਪੱਖ ਨੂੰ ਆਪਣਾ ਕੇਸ ਤਿਆਰ ਕਰਨ ਲਈ ਸਰਕਾਰੀ ਸਬੂਤਾਂ ਨਾਲ ਜਾਣ ਦਾ ਮੌਕਾ ਮਿਲੇਗਾ, ਤਾਂ ਅਗਲੇਰੀ ਸੁਣਵਾਈ ਦੀ ਕਾਰਵਾਈ ਨਿਰਧਾਰਤ ਕੀਤੀ ਜਾਵੇਗੀ।

# ਅਮਰੀਕਾ ਦੇ ਮੇਨੇ ਸੂਬੇ 'ਚ ਮਾਤਾ-ਪਿਤਾ ਤੇ ਉਨ੍ਹਾਂ ਦੇ 2 ਦੋਸਤਾਂ ਦੀ ਹੱਤਿਆ ਦੇ ਮਾਮਲੇ 'ਚ ਉਮਰ ਭਰ ਲਈ ਜੇਲ੍ਹ


ਈਟੋਨ ਜੋਸਫ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਇਕ ਸਾਲ ਤੋਂ ਵਧ ਸਮਾਂ ਪਹਿਲਾਂ ਅਮਰੀਕਾ ਦੇ ਮੇਨੇ ਰਾਜ ਵਿਚ ਵੈਸਟ ਬਾਥ ਵਿਖੇ ਆਪਣੇ ਮਾਤਾ-ਪਿਤਾ ਤੇ ਉਨ੍ਹਾਂ ਦੇ 2 ਦੋਸਤਾਂ ਦੀ ਹੱਤਿਆ ਕਰਨ ਅਤੇ 3 ਹੋਰਨਾਂ ਨੂੰ ਜ਼ਖਮੀ ਕਰਨ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਜੋਸਫ ਈਟੋਨ ਨੂੰ ਜੱਜ ਨੇ ਉਮਰ ਭਰ ਲਈ ਜੇਲ੍ਹ ਦੀ ਸਜ਼ਾ ਸੁਣਾਈ ਹੈ। ਜੱਜ ਨੇ ਜੋਸਫ ਈਟੋਨ ਵੱਲੋਂ ਅਦਾਲਤ ਵਿਚ ਆਪਣਾ ਗੁਨਾਹ ਮੰਨ ਲੈਣ ਉਪਰੰਤ ਸਜ਼ਾ ਸੁਣਾਈ। ਜੋਸਫ ਈਟੋਨ ਨੇ ਨਾ ਲਾਅ ਇਨਫੋਰਸਮੈਂਟ ਅਧਿਕਾਰੀਆਂ ਤੇ ਨਾ ਹੀ ਅਦਾਲਤ ਵਿਚ ਮੌਜੂਦ ਮ੍ਰਿਤਕਾਂ ਦੇ ਸਕੇ ਸਬੰਧੀਆਂ ਤੇ ਦੋਸਤਾਂ ਨੂੰ ਹੱਤਿਆਵਾਂ ਦਾ ਕਾਰਨ ਨਹੀਂ ਦੱਸਿਆ। ਅਪ੍ਰੈਲ 2023 ਵਿਚ ਵਾਪਰੀ ਇਸ ਘਟਨਾ ਵਿਚ ਜ਼ਖਮੀ ਹੋਈ ਇਕ ਔਰਤ ਨੇ ਇਕ ਲਿਖਤੀ ਗਵਾਹੀ 'ਚ ਘਟਨਾ ਦਾ ਪੂਰਾ ਵੇਰਵਾ ਦੱਸਿਆ ਹੈ। ਘਟਨਾ ਵਿਚ ਗੋਲੀ ਵੱਜਣ ਕਾਰਨ ਜ਼ਖਮੀ ਹੋਈ ਇਕ ਔਰਤ ਦੇ ਪਿਤਾ ਨੇ ਵੀ ਆਪਣੇ ਲਿਖਤੀ ਬਿਆਨ ਵਿਚ ਜੋਸਫ ਈਟੋਨ ਵੱਲੋਂ ਕੀਤੀ ਹਿੰਸਾ ਬਾਰੇ ਵਿਸਥਾਰ ਪੂਰਵਕ ਦੱਸਿਆ ਹੈ। ਇਸ ਤੋਂ ਇਲਾਵਾ ਹੋਰ ਗਵਾਹੀਆਂ ਵੀ ਈਟੋਨ ਦੇ ਵਿਰੁੱਧ ਭੁਗਤੀਆਂ ਹਨ।

# ਅਮਰੀਕੀ ਚੋਣਾਂ: ਟਰੰਪ ਨੇ ਪ੍ਰਚਾਰ ਮੁਹਿੰਮ 'ਚ 33.1 ਕਰੋੜ ਡਾਲਰ ਜੁਟਾਏ

■ **ਅਟਲਾਂਟਾ 'ਚ ਹੋਈ ਪਹਿਲੀ ਬਹਿਸ ਦਾ ਅਸਰ ਪੈਸੇ ਜੁਟਾਉਣ ਦੀ ਮੁਹਿੰਮ 'ਤੇ ਪਿਆ**

**ਵਾਸ਼ਿੰਗਟਨ, (ਪੰਜਾਬ ਮੇਲ)-** ਬੀਤੇ ਹਫ਼ਤੇ ਰਾਸ਼ਟਰਪਤੀ ਚੋਣਾਂ ਦਾ ਪਹਿਲੀ ਬਹਿਸ ਦੌਰਾਨ ਡੋਨਾਲਡ ਟਰੰਪ, ਜੋਅ ਬਾਇਡਨ 'ਤੇ ਭਾਰੀ ਪਏ ਸਨ। ਹੁਣ ਇਕ ਵਾਰ ਫਿਰ ਟਰੰਪ, ਬਾਇਡਨ 'ਤੇ ਭਾਰੀ ਪਏ ਹਨ। ਦਰਅਸਲ ਟਰੰਪ ਦੀ ਪ੍ਰਚਾਰ ਮੁਹਿੰਮ ਨੇ ਇਸ ਸਾਲ ਦੀ ਦੂਜੀ ਤਿਮਾਹੀ 'ਚ ਬਾਇਡਨ ਦੀ ਪ੍ਰਚਾਰ ਮੁਹਿੰਮ ਦੀ ਤੁਲਨਾ 'ਚ 6.7 ਕਰੋੜ ਡਾਲਰ ਜ਼ਿਆਦਾ ਜੁਟਾਏ ਹਨ। ਟਰੰਪ ਦੀ ਪ੍ਰਚਾਰ ਮੁਹਿੰਮ ਨੇ ਦੂਜੀ ਤਿਮਾਹੀ 'ਚ 33.1 ਕਰੋੜ ਡਾਲਰ ਜੁਟਾਏ ਹਨ। ਉੱਥੇ ਹੀ ਇਸ ਦੌਰਾਨ ਬਾਇਡਨ ਦੀ ਪ੍ਰਚਾਰ ਟੀਮ ਸਿਰਫ਼ 26.4 ਕਰੋੜ ਡਾਲਰ ਹੀ ਜੁਟਾ ਸਕੀ ਹੈ।


ਅਮਰੀਕਾ 'ਚ ਆਉਣ ਵਾਲੀ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ ਵਲੋਂ ਡੋਨਾਲਡ ਟਰੰਪ ਅਤੇ ਡੈਮੋਕ੍ਰੇਟ ਪਾਰਟੀ ਵਲੋਂ ਜੋਅ ਬਾਇਡਨ ਸੰਭਾਵਿਤ ਉਮੀਦਵਾਰ ਹਨ। ਜਲਦ ਹੀ ਦੋਵੇਂ ਪਾਰਟੀਆਂ ਦੇ ਸੰਮੇਲਨ 'ਚ ਟਰੰਪ ਅਤੇ ਬਾਇਡਨ ਦੇ ਨਾਂ 'ਤੇ ਆਖ਼ਰੀ ਮੋਹਰ ਲੱਗ ਸਕਦੀ ਹੈ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਅਟਲਾਂਟਾ 'ਚ ਹੋਈ ਪਹਿਲੀ ਬਹਿਸ ਦਾ ਅਸਰ ਪੈਸੇ ਜੁਟਾਉਣ ਦੀ ਮੁਹਿੰਮ 'ਤੇ ਪਿਆ ਹੈ, ਕਿਉਂਕਿ ਬਹਿਸ ਤੋਂ ਬਾਅਦ ਟਰੰਪ ਦੀ ਟੀਮ ਨੇ 12.7 ਕਰੋੜ ਡਾਲਰ ਜੁਟਾਏ ਹਨ, ਉੱਥੇ ਹੀ ਬਾਇਡਨ ਦੀ ਪ੍ਰਚਾਰ ਟੀਮ ਸਿਰਫ਼ 3.8 ਕਰੋੜ ਡਾਲਰ ਹੀ ਜੁਟਾ ਸਕੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $19,992.34 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $19,992.34 per Acre.

ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:



Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780
E-Mail: gurneknagra@yahoo.com
Web Page: gurneknagra.com




# VALLEJO TEEYAN MELA 2024

## Sunday, July 21st, 2024 from 12-6pm

Hosted By



Asha Sharma

Organizer



Sunita Verma

**Only for Ladies and Children**

**At Dan Foley Cultural Center**

**(Behind Sutter Solano Hospital)**

**1498 N Camino Alto, Vallejo, CA 94589**

Special Attractions include Mehndi, Indian Clothing and Jewelry Booths.



Come and enjoy a day filled with entertainment and festiveties, including Punjabi Folk songs and dances, Gidha, Boliyan and much more...

Copyright@Punjab Mail USA


*To Participate Rent Space for a booth, or Sponsor, Please Contact:*

**SUNITA VERMA : 707-853-9006**

**Email: sonalideep@gmail.com**










"Sound Mind in the Sound Body" ੴ ਸਤਿਗੁਰ ਪ੍ਰਸਾਦਿ ॥ Health is Wealth

# 14th Children Summer Sports Camp-2024

## 14ਵਾਂ ਬੱਚਿਆਂ ਦਾ ਖੇਡ ਕੈਂਪ-2024

### 6 ਜੁਲਾਈ 2024, ਸ਼ਨਿਚਰਵਾਰ ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ

### Wilson Play Fields Kent WA. 13028 SE. 251st. Kent, WA - 98030

Every Saturday - Sunday
5PM to 7PM
Free Entry

ਖੁੱਲ੍ਹਾ ਸੱਦਾ
ਹੁੰਮ-ਹੁਮਾ ਕੇ ਪਹੁੰਚੋ
Free Sporst Kits-Refreshment

ਕੋਈ ਫੀਸ ਨਹੀਂ, ਸਗੋਂ ਦਾਨੀ ਸੱਜਣਾਂ ਵੱਲੋਂ ਮੁਫਤ ਖੇਡ-ਕਿੱਟਾਂ ਤੇ ਰੀਫਰੈਸ਼ਮੈਂਟ ਦੀ ਸੇਵਾ



ਗੁਰਚਰਨ ਸਿੰਘ ਢਿੱਲੋਂ ਦਾ ਸਨਮਾਨ ਕਰਦੇ ਹੋਏ ਪੰਜਾਬੀ ਭਾਈਚਾਰੇ ਦੇ ਲੋਕ।

ਬਜ਼ੁਰਗਾਂ ਵਾਸਤੇ ਸੈਰ ਤੇ ਯੋਗਾ ਕਸਰਤ 6 ਤੋਂ 7 ਵਜੇ ਤੱਕ

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦਾ ਖੇਡ ਕੈਂਪ 6 ਜੁਲਾਈ, ਦਿਨ ਸ਼ਨਿੱਚਰਵਾਰ, ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ Wilson Play Fields Kent WA. 13028 SE. 251st. Kent, WA - 98030 ਵਿਖੇ ਕੀਤਾ ਜਾ ਰਿਹਾ ਹੈ, ਜਿੱਥੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀਆਂ ਵੱਲੋਂ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਸੇਵਾ ਕੀਤੀ ਜਾਵੇਗੀ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਕੈਂਪ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ। ਦਾਨੀਆਂ ਵੱਲੋਂ ਮੁਫਤ ਖਰਚਾ ਸਪਾਂਸਰ ਕੀਤਾ ਜਾ ਰਿਹਾ ਹੈ।


ਪ੍ਰਬੰਧਕਾਂ ਤੇ ਕੋਚਿਜ਼ ਸਾਹਿਬਾਨਾਂ ਦੀ ਮੀਟਿੰਗ ਤੋਂ ਬਾਅਦ ਸਾਂਝੀ ਫੋਟੋ।


ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਸਨਮਾਨਿਤ।


ਪੰਜਾਬੀ ਭਾਈਚਾਰੇ ਵੱਲੋਂ ਵਾਸ਼ਿੰਗਟਨ ਸਟੇਟ ਦੇ ਗਵਰਨਰ ਜੇ. ਇਨਸਲੀ ਦਾ ਸਵਾਗਤ।


ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।



ਪੰਜਾਬੀ ਭਾਈਚਾਰੇ ਦੀ ਮਾਣ-ਮੱਤੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ।


ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ।



ਸਿਆਟਲ ਫੁਲਕਾਰੀ ਤੀਆਂ ਦੇ ਮੇਲੇ ਦੀ ਤਿਆਰੀ ਕਰਦੀਆਂ ਪ੍ਰਬੰਧਕਾਂ।

ਸਵਾਗਤ ਕਰਤਾ :

## Sikhs of Seattle

ਸਿਆਟਲ ਦੇ ਨੌਜਵਾਨਾਂ ਵੱਲੋਂ
ਸਹਿਯੋਗ ਦੇਣ ਵਾਸਤੇ ਉਪਰਾਲਾ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ


ਗੁਰਚਰਨ ਸਿੰਘ ਢਿੱਲੋਂ
(ਮੁੱਖ ਪ੍ਰਬੰਧਕ) : 206-412-1559


ਗੁਰਦੀਪ ਸਿੰਘ ਸਿੱਧੂ
(ਪ੍ਰਬੰਧਕ) : 206-697-8155

Designed By Punjab Mail USA

# ਬੱਚਿਆਂ ਦਾ ਖੇਡ ਕੈਂਪ 6 ਜੁਲਾਈ ਤੋਂ ਸ਼ੁਰੂ; ਤਿਆਰੀਆਂ ਮੁਕੰਮਲ

**■ ਸਮਾਪਤੀ ਸਮਾਰੋਹ 25 ਅਗਸਤ ਨੂੰ**

ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)- ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 6 ਜੁਲਾਈ ਨੂੰ ਸ਼ਾਮ 5 ਵਜੇ ਤੋਂ ਬੱਚਿਆਂ ਦਾ ਖੇਡ ਕੈਂਪ ਸ਼ੁਰੂ ਹੋ ਜਾਵੇਗਾ। ਇਸ ਦੀ ਆਰੰਭਤਾ ਅਰਦਾਸ ਨਾਲ ਹੋਵੇਗੀ। ਇਸ ਕੈਂਪ ਲਈ ਬੱਚਿਆਂ ਤੋਂ ਕੋਈ ਫੀਸ ਨਹੀਂ ਲਈ ਜਾਂਦੀ। ਬੱਚਿਆਂ ਲਈ ਮਨਜੀਤ ਸਿੰਘ ਕੀ-ਇੰਸ਼ੋਰੈਂਸ ਵੱਲੋਂ ਮੁਫਤ ਇੰਸ਼ੋਰੈਂਸ ਸਪਾਂਸਰ ਕੀਤੀ ਗਈ ਹੈ। ਖੇਡ ਕਿੱਟਾਂ ਬਾਬਾ ਬੁੱਢਾ ਜੀ ਸੰਸਥਾ ਅਮਰੀਕਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ ਤੇ ਉਪ ਪ੍ਰਧਾਨ ਅਮਰਪਾਲ ਸਿੰਘ ਕਾਹਲੋਂ ਵੱਲੋਂ


ਗੁਰਚਰਨ ਸਿੰਘ ਢਿੱਲੋਂ ਅਤੇ ਗੁਰਦੀਪ ਸਿੰਘ ਸਿੱਧੂ ਜਾਣਕਾਰੀ ਦਿੰਦੇ ਹੋਏ।

ਹਰ ਸਾਲ ਵਾਂਗ ਇਸ ਵਾਰ ਵੀ ਸਪਾਂਸਰ ਕੀਤੀਆਂ ਜਾ ਰਹੀਆਂ ਹਨ। ਦਾਨੀ ਸੱਜਣਾਂ ਵੱਲੋਂ ਮੁਫਤ ਰਿਫਰੈਸ਼ਮੈਂਟ ਦਿੱਤੀ ਜਾਂਦੀ ਹੈ। ਸ. ਅਮਰੀਕ ਸਿੰਘ ਰੰਧਾਵਾ ਵੱਲੋਂ ਖੇਡ ਕੈਂਪ ਲਈ ਮੈਦਾਨ ਸਪਾਂਸਰ ਕੀਤਾ ਜਾਂਦਾ ਹੈ। ਹਰ ਸਾਲ ਹਰਸ਼ਿੰਦਰ ਸਿੰਘ ਸੰਧੂ ਸਰੀ ਕੈਨੇਡਾ ਦੀ ਅਖ਼ਬਾਰ ਗਾਰਡੀਅਨ ਪੰਜਾਬ ਨੂੰ ਸਪਾਂਸਰ ਕਰਦੇ ਹਨ। ਇਸੇ ਤਰ੍ਹਾਂ ਦਇਆਬੀਰ ਸਿੰਘ ਪਿੰਟੂ ਬਾਠ ਵੱਲੋਂ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਅਤੇ ਅਖ਼ਬਾਰ ਲਈ 1000 ਡਾਲਰ ਸਪਾਂਸਰ ਕੀਤਾ ਜਾਂਦਾ ਹੈ। ਮਹਿੰਦਰ ਸਿੰਘ ਨਿੱਜਰ ਵੱਲੋਂ ਹਰ ਸਾਲ 1000 ਡਾਲਰ ਦੇ ਕੇ ਮਦਦ ਕੀਤੀ ਜਾ ਰਹੀ ਹੈ। ਵਲੰਟੀਅਰ ਤੌਰ ’ਤੇ ਸੇਵਾ ਕਰ ਰਹੇ ਰਘਬੀਰ ਸਿੰਘ ਖਹਿਰਾ ਹਰ ਸਾਲ ਪਾਣੀ ਦੀ ਸੇਵਾ ਨਿਭਾਉਂਦੇ ਹਨ। ਹੋਰ ਵੀ ਅਜਿਹੇ ਬਹੁਤ ਸਾਰੇ ਸਪਾਂਸਰ ਹਨ, ਜਿਨ੍ਹਾਂ ਕਰਕੇ ਬੱਚਿਆਂ ਦਾ ਇਹ ਕੈਂਪ ਸਿਰੇ ਚੜ੍ਹਦਾ ਹੈ।

ਹੋਰ ਜਾਣਕਾਰੀ ਲਈ ਗੁਰਚਰਨ ਸਿੰਘ ਢਿੱਲੋਂ ਨਾਲ 206-412-1559 ਅਤੇ ਗੁਰਦੀਪ ਸਿੰਘ ਸਿੱਧੂ ਨਾਲ 206-697-8155 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਿਆਟਲ ਵਿਚ ਫੁਲਕਾਰੀ ਤੀਆਂ ਦਾ ਮੇਲਾ 11 ਅਗਸਤ ਨੂੰ; ਐਂਟਰੀ ਫ੍ਰੀ

ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)- ਫੁਲਕਾਰੀ ਤੀਆਂ ਦਾ ਮੇਲਾ ਸੱਨਰਾਈਜ਼ ਐਲੀਮੈਂਟਰੀ ਸਕੂਲ, ਕੈਂਟ (Sunrise Elementary School, Kent) ਵਿਖੇ 11 ਅਗਸਤ, ਦਿਨ ਐਤਵਾਰ, ਦੁਪਹਿਰ 3 ਤੋਂ 8 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਦੇ ਲਈ ਤਿਆਰੀਆਂ ਆਰੰਭ ਹੋ ਚੁੱਕੀਆਂ ਹਨ। ਪਿਛਲੇ ਸਾਲ ਕਿਸੇ ਕਾਰਨ ਕਰਕੇ ਇਹ ਮੇਲਾ ਨਹੀਂ ਹੋ ਸਕਿਆ ਸੀ। ਮੁੱਖ ਪ੍ਰਬੰਧਕਾਂ ਗੁਰਦੀਪ ਕੌਰ ਤੇ ਰਾਜਪ੍ਰੀਤ ਕੌਰ ਨੇ ਪੰਜਾਬ ਮੇਲ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੇਲੇ ਵਿਚ ਗੀਤ-ਸੰਗੀਤ, ਗਿੱਧਾ, ਭੰਗੜਾ, ਬੋਲੀਆਂ ਤੋਂ ਇਲਾਵਾ


ਫੁਲਕਾਰੀ ਤੀਆਂ ਦੇ ਮੇਲੇ ਦੀਆਂ ਤਿਆਰੀਆਂ ਦੌਰਾਨ ਪ੍ਰਬੰਧਕਾਂ।

ਹੋਰ ਵੀ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਪੰਜਾਬੀ ਸੂਟ, ਜੁੱਤੀਆਂ, ਜਿਊਲਰੀ ਅਤੇ ਖਾਣੇ ਆਦਿ ਦੇ ਸਟਾਲ ਲੱਗਣਗੇ।

ਇਸ ਮੇਲੇ ਲਈ ਐਂਟਰੀ ਬਿਲਕੁਲ ਫ੍ਰੀ ਹੈ। ਇਹ ਮੇਲਾ ਕੇਵਲ ਔਰਤਾਂ ਲਈ ਹੋਵੇਗਾ। ਮੇਲੇ ਦੀ ਰੌਣਕ ਵਧਾਉਣ ਲਈ ਪ੍ਰੋਫੈਸ਼ਨਲ ਸਿੰਗਰ ਨੂੰ ਵਿਸ਼ੇਸ਼ ਤੌਰ ’ਤੇ ਸੱਦਿਆ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਗੁਰਦੀਪ ਕੌਰ ਨੂੰ 206-335-7616 ਜਾਂ ਰਾਜਪ੍ਰੀਤ ਕੌਰ ਨੂੰ 206-537-1343 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮੁੰਬਈ ਅੱਤਵਾਦੀ ਹਮਲੇ ਦੇ ਦੋਸ਼ੀ ਰਾਣਾ ਦੀ ਹੋ ਸਕਦੀ ਹੈ ਭਾਰਤ ਹਵਾਲਗੀ

ਵਾਸ਼ਿੰਗਟਨ, (ਪੰਜਾਬ ਮੇਲ)- ਮੁੰਬਈ ’ਚ 2008 ਦੇ ਅੱਤਵਾਦੀ ਹਮਲਿਆਂ ’ਚ ਸ਼ਮੂਲੀਅਤ ਲਈ ਭਾਰਤ ’ਚ ਲੋੜੀਂਦੇ ਇਕ ਅਪਰਾਧੀ ਤਹੱਵੁਰ ਰਾਣਾ ਨੂੰ ਅਮਰੀਕਾ-ਭਾਰਤ ਹਵਾਲਗੀ ਸੰਧੀ ਦੀਆਂ ਸਪੱਸ਼ਟ ਵਿਵਸਥਾਵਾਂ ਦੇ ਅਧੀਨ ਹਵਾਲੇ ਕੀਤਾ ਜਾ ਸਕਦਾ ਹੈ। ਅਮਰੀਕਾ ਦੇ ਇਕ ਅਟਾਰਨੀ ਨੇ ਇਕ ਅਦਾਲਤ ’ਚ ਇਹ ਗੱਲ ਕਹੀ। ਸਹਾਇਕ ਅਮਰੀਕੀ ਅਟਾਰਨੀ, ਅਪਰਾਧਕ ਅਪੀਲ ਮੁਖੀ ਬ੍ਰਾਮ ਐਲਡੇਨ ਅਮਰੀਕੀ ਦੀ ਇਕ ਅਦਾਲਤ ’ਚ ਆਖ਼ਰੀ ਦਲੀਲਾਂ ਦੇ ਰਹੇ ਸਨ, ਜਿੱਥੇ ਰਾਣਾ ਨੇ ਕੈਲੀਫੋਰਨੀਆ ’ਚ ਅਮਰੀਕੀ ‘ਜ਼ਿਲ੍ਹਾ ਅਦਾਲਤ’ ਦੇ ਆਦੇਸ਼ ਖ਼ਿਲਾਫ਼ ਅਪੀਲ ਕੀਤੀ ਹੈ। ਕੈਲੀਫੋਰਨੀਆ ਦੀ ਅਦਾਲਤ ਨੇ ਬੰਦੀ ਹੈਬੀਅਸ ਕਾਰਪਸ ਦੀ ਰਿੱਟ ਨੂੰ ਅਸਵੀਕਾਰ ਕਰ ਦਿੱਤਾ ਸੀ। ਪਾਕਿਸਤਾਨੀ ਮੂਲ ਦੇ ਕੈਨੇਡੀਅਨ ਕਾਰੋਬਾਰੀ ਰਾਣਾ (63) ਨੇ ਮਈ ’ਚ ਅਦਾਲਤ ਦੇ ਆਦੇਸ਼ ਨੂੰ ਚੁਣੌਤੀ ਦਿੰਦੇ ਹੋਏ ਬੰਦੀ ਹੈਬੀਅਸ ਕਾਰਪਸ ਰਿਟ ਪਟੀਸ਼ਨ ਦਾਇਰ ਕੀਤੀ ਸੀ। ਅਦਾਲਤ ਨੇ ਮੁੰਬਈ ਅੱਤਵਾਦੀ ਹਮਲਿਆਂ ਦੇ ਦੋਸ਼ੀ ਨੂੰ ਭਾਰਤ ਹਵਾਲੇ ਕਰਨ ਦੀ ਅਮਰੀਕੀ ਸਰਕਾਰ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ ਸੀ। ਐਲਡੇਨ ਨੇ ਕਿਹਾ, “ਰਾਣਾ ਨੂੰ ਸੰਧੀ ਦੇ ਸਪੱਸ਼ਟ ਉਪਬੰਧਾਂ ਦੇ ਅਧੀਨ ਭਾਰਤ ਹਵਾਲੇ ਕੀਤਾ ਜਾ



# ਅਮਰੀਕਾ ’ਚ 6 ਸਾਲਾਂ ਬਾਅਦ ਹੋਣਗੇ ਗੁਰਦਾਸ ਮਾਨ ਦੇ ਸ਼ੋਅ

ਸਾਨ ਫਰਾਂਸਿਸਕੋ, (ਪੰਜਾਬ ਮੇਲ)- ਬਾਲੀਵੁੱਡ ਇਵੈਂਟਸ ਵੱਲੋਂ 6 ਸਾਲਾਂ ਬਾਅਦ ਪੰਜਾਬੀ ਗਾਇਕ ਗੁਰਦਾਸ ਮਾਨ ਦੇ ਅਮਰੀਕਾ ਵਿਚ ਸ਼ੋਅ ਕਰਵਾਉਣ ਦਾ ਐਲਾਨ ਕੀਤਾ ਹੈ। ਬਾਲੀਵੁੱਡ ਇਵੈਂਟਸ ਦੇ ਬਿਕਰਮ ਜੀਤ ਸਿੰਘ ਵੱਲੋਂ ਪੰਜਾਬ ਮੇਲ ਨੂੰ ਜਾਣਕਾਰੀ ਦਿੱਤੀ ਗਈ ਕਿ ਗੁਰਦਾਸ ਮਾਨ ਨੂੰ ਸੰਗੀਤਕਾਰਾਂ, ਸਾਊਂਡ ਟੈਕਨੀਸ਼ੀਅਨ ਅਤੇ ਲਾਈਟਿੰਗ ਇੰਜੀਨੀਅਰਾਂ ਸਮੇਤ ਸਮੂਹ ਟੀਮ ਨੂੰ ਅਮਰੀਕਾ ਦੇ ਵੀਜ਼ੇ ਮਿਲ ਗਏ ਹਨ। ਉਹ ਅਕਤੂਬਰ 2024 ਨੂੰ ਅਮਰੀਕਾ ਭਰ ਵਿਚ ਸ਼ੋਅ ਕਰਨਗੇ।

ਪਹਿਲਾਂ ਇਸ ਸ਼ੋਅ ਦੀ ਯੋਜਨਾ 2021 ਵਿਚ ਬਣਾਈ ਗਈ ਸੀ, ਪਰ ਕੋਵਿਡ ਮਹਾਂਮਾਰੀ ਦੇ ਕਾਰਨ ਉਸ ਵਕਤ ਇਹ ਸ਼ੋਅ ਨਹੀਂ ਹੋ ਸਕੇ। ਹੁਣ ਲੋਕਾਂ ਦੀ ਮੰਗ ਨੂੰ ਦੇਖਦਿਆਂ ਅਕਤੂਬਰ 2024 ਵਿਚ ਇਹ ਸ਼ੋਅ ਹੋਣ ਜਾ ਰਹੇ ਹਨ। ਅਮਰੀਕਾ ਵਿਚ ਵੱਖ-ਵੱਖ ਥਾਵਾਂ ’ਤੇ ਗੁਰਦਾਸ ਮਾਨ ਦੇ 8 ਸ਼ੋਅ ਹੋਣਗੇ।

ਗੁਰਦਾਸ ਮਾਨ ਨੇ ਪਿਛਲੇ ਸਾਲ ਯਾਨੀ 2023 ਵਿਚ ਆਸਟ੍ਰੇਲੀਆ, ਯੂ.ਕੇ. ਅਤੇ ਨਿਊਜ਼ੀਲੈਂਡ ਵਿਚ



ਬਹੁਤ ਵਧੀਆ ਸ਼ੋਅ ਕੀਤੇ ਹਨ ਅਤੇ ਪ੍ਰਸ਼ੰਸਕਾਂ ਤੋਂ ਵਾਹ-ਵਾਹ ਖੱਟੀ। ਬਿਕਰਮਜੀਤ ਸਿੰਘ ਨੇ ਦੱਸਿਆ ਕਿ ਪਹਿਲਾ ਸ਼ੋਅ 5 ਅਕਤੂਬਰ ਨੂੰ ਨਿਊਯਾਰਕ ਵਿਖੇ ਹੋਵੇਗਾ। ਡੈਲਸ ਵਿਖੇ 6 ਅਕਤੂਬਰ ਨੂੰ, ਬੇਕਰਸਫੀਲਡ ਵਿਖੇ 12 ਅਕਤੂਬਰ ਨੂੰ, ਫਰਿਜ਼ਨੋ ਵਿਚ 13 ਅਕਤੂਬਰ ਨੂੰ, ਸਟਾਕਟਨ ਵਿਚ 19 ਅਕਤੂਬਰ ਨੂੰ, ਸੈਲਮਾ ਵਿਚ 20 ਅਕਤੂਬਰ ਨੂੰ, ਸੈਨਹੋਜ਼ੇ ਵਿਚ 26 ਅਕਤੂਬਰ ਨੂੰ ਅਤੇ ਸਿਆਟਲ ਵਿਚ 27 ਅਕਤੂਬਰ ਨੂੰ ਆਖਰੀ ਸ਼ੋਅ ਹੋਵੇਗਾ।

ਇਨ੍ਹਾਂ ਸ਼ੋਆਂ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**
**www.punjabmailusa.com**




International Punjabi Culture Academy (Non Profit)
(Non Profit Tax Deductive (IRC) section 501 (c) (3) # 82-1268411)
Tiyaan Teej Diyan
16th Annual Women Festival
August 11th, Sunday, 2024
(2.30pm to 6.30 pm)
Free Entry
Tiyaan Teej Diyan
ਤੀਆਂ ਤੀਜ਼ ਦੀਆਂ
ਐਲਕ ਗਰੋਵ ਪਾਰਕ ਵਿਚ
Only For Ladies
11 ਅਗਸਤ 2024, ਦਿਨ ਐਤਵਾਰ
(ਦੁਪਿਹਰ 3.00 ਤੋਂ ਸ਼ਾਮ 6.30 ਵਜੇ ਤੱਕ)
ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ
Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.
Team Enter and Information
916-240-6969, 916-753-5933, 916-897-4414
TV Coverage by
PUNJAB MAIL USA TV Channel
Elk Grove Regional Park, 9950 Elk Grove Florin Rd, Elk Grove CA 95624
Copyright @ Punjab Mail USA

Copyright@Punjab Mail USA

ੴ ਸਤਿਗੁਰ ਪ੍ਰਸਾਦਿ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਹਿ। ਘਲੇ ਆਵੇ ਨਾਨਕਾ ਸਦੇ ਉਠੀ ਜਾਹਿ॥

# ਤਵਿੰਦਰ ਸਿੰਘ ਬੀਸਲਾ ਪਰਲੋਕ ਸਿਧਾਰੇ

## ਬੀਸਲਾ, ਨਿੱਝਰ, ਜੌਹਲ ਅਤੇ ਟੁੱਟ ਪਰਿਵਾਰਾਂ ਨੂੰ ਸਦਮਾ



ਸਵ. ਤਵਿੰਦਰ ਸਿੰਘ ਬੀਸਲਾ

ਜਾਣੀ-ਪਹਿਚਾਣੀ ਸ਼ਖਸੀਅਤ ਅਤੇ ਉੱਘੇ ਸਿੱਖ ਆਗੂ ਤਵਿੰਦਰ ਸਿੰਘ ਬੀਸਲਾ ਪਿਛਲੇ ਦਿਨੀਂ ਪ੍ਰਮਾਤਮਾ ਵੱਲੋਂ ਬਖਸ਼ੀ ਉਮਰ ਭੋਗ ਕੇ ਗੁਰੂ ਚਰਨਾਂ ਵਿਚ ਜਾ ਵਿਰਾਜੇ ਹਨ। ਉਹ 84 ਵਰ੍ਹਿਆਂ ਦੇ ਸਨ। ਪਿਛਲੇ ਲੰਮੇ ਸਮੇਂ ਤੋਂ ਉਹ ਅਮਰੀਕਾ ਵਿਚ ਆਪਣੇ ਭਰੇ-ਪੂਰੇ ਪਰਿਵਾਰ ਸਮੇਤ ਰਹਿ ਰਹੇ ਸਨ। ਉਨ੍ਹਾਂ ਦਾ ਅੰਤਿਮ ਸਸਕਾਰ 13 ਜੁਲਾਈ, ਦਿਨ ਸ਼ਨਿੱਚਰਵਾਰ ਨੂੰ **Shant Bhavan Funeral Home, 4800 E. Clayton Ave. Fowler, CA 93625** ਵਿਖੇ ਦੁਪਹਿਰ 2 ਵਜੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ **4250 E. Lincoln Ave. Fresno, CA 93625** ਵਿਖੇ ਸ਼ਾਮ 4.30 ਵਜੇ ਹੋਵੇਗੀ।

ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐੱਸ.ਏ. ਸਮੇਤ ਵੱਖ-ਵੱਖ ਖੇਡ ਕਲੱਬਾਂ ਨੇ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਕਬੱਡੀ ਪ੍ਰਮੋਟਰ ਸੁਰਜੀਤ ਸਿੰਘ ਟੁੱਟ, ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ, ਹਰਭਜਨ ਸਿੰਘ ਜੌਹਲ, ਕਰਮਜੀਤ ਸਿੰਘ ਨਿੱਝਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂਆਂ ਨੇ ਸ. ਤਵਿੰਦਰ ਸਿੰਘ ਬੀਸਲਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਇਜ਼ਹਾਰ ਕੀਤਾ ਹੈ ਅਤੇ ਇਸ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਹੈ।

**ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ**

**ਧਨਜੀਤ ਸਿੰਘ ਬੀਸਲਾ : 559-515-5003, ਓਂਕਾਰ ਸਿੰਘ ਬੀਸਲਾ : 661-364-8292 ਅਤੇ ਗੁਰਜੀਤ ਸਿੰਘ ਬੀਸਲਾ : 559-269-3952 'ਤੇ ਸੰਪਰਕ ਕੀਤਾ ਜਾ ਸਕਦਾ ਹੈ।**






Designed By Punjab Mail USA

# ਭਾਰਤੀ-ਅਮਰੀਕੀ ਅਰਬਪਤੀ ਨੂੰ ਅਦਾਲਤ ਨੇ ਸੁਣਾਈ ਸਾਢੇ 7 ਸਾਲ ਦੀ ਕੈਦ ਦੀ ਸਜ਼ਾ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਬੀਤੇ ਦਿਨੀਂ ਸ਼ਿਕਾਗੋ ਦੀ ਇਕ ਅਦਾਲਤ ਨੇ 31 ਸਾਲਾ ਭਾਰਤੀ-ਅਮਰੀਕੀ ਵਿਅਕਤੀ ਰਿਸ਼ੀ ਪਟੇਲ, ਨੂੰ ਇਕ ਬਿਲੀਅਨ ਡਾਲਰ ਦੀ ਧੋਖਾਧੜੀ ਕਰਨ ਦੇ ਦੋਸ਼ ਹੇਠ ਸਾਢੇ ਸੱਤ ਸਾਲ ਦੀ ਸ਼ਜਾ ਸੁਣਾਈ ਹੈ। ਰਿਸ਼ੀ ਸ਼ਾਹ, ਜੋ ਕਦੇ ਅਮਰੀਕਾ ਦੇ ਸੂਬੇ ਸ਼ਿਕਾਗੋ ਦੇ ਸਭ ਤੋਂ ਅਮੀਰ ਭਾਰਤੀਆਂ ਵਿਚੋਂ ਗਿਣਿਆ ਜਾਂਦਾ ਸੀ। ਆਊਟਕਮ ਹੈਲਥ ਕੰਪਨੀ ਦੇ 38 ਸਾਲਾ ਸੀ.ਈ.ਓ. ਰਿਸ਼ੀ ਸ਼ਾਹ ਨੂੰ ਪਿਛਲੇ ਸਾਲ ਦੋਸ਼ੀ ਠਹਿਰਾਇਆ ਗਿਆ ਸੀ। ਇਸ ਦੇ ਨਾਲ ਹੀ ਫਰਮ ਦੀ ਸਾਬਕਾ ਪ੍ਰਧਾਨ ਸ਼ਾਰਧਾ ਅਗਰਵਾਲ ਦੇ ਨਾਲ ਕੰਪਨੀ ਦੇ ਮੁੱਖ ਵਿੱਤੀ ਅਧਿਕਾਰੀ ਬ੍ਰੈਡ ਪਰਡੀ ਨੂੰ ਵੀ ਧੋਖਾਧੜੀ ਦੇ ਦੋਸ਼ਾਂ ’ਚ ਅਦਾਲਤ ਨੇ ਦੋਸ਼ੀ ਠਹਿਰਾਇਆ ਹੈ। ਇਨ੍ਹਾਂ ਨੂੰ ਸਜ਼ਾ ਹੋਣੀ ਤੈਅ ਹੈ। ਉਨ੍ਹਾਂ ਨੂੰ ਜੁਲਾਈ ਦੇ ਪਹਿਲੇ ਹਫ਼ਤੇ ਸਜ਼ਾ ਸੁਣਾਏ ਜਾਣ ਦੀ ਸੰਭਾਵਨਾ ਹੈ।

ਫੋਰਬਸ ਦੀ ਅਮਰੀਕੀ ਅਰਬਪਤੀਆਂ ਦੀ ਸੂਚੀ ਵਿਚ ਰਿਸ਼ੀ ਸ਼ਾਹ 400ਵੇਂ ਸਥਾਨ ’ਤੇ ਸੀ। ਉਸ ਕੋਲ ਇੱਕ ਨਿੱਜੀ ਜਹਾਜ਼ ਅਤੇ ਉਹ ਜਿਸ ਘਰ ਵਿਚ ਰਹਿੰਦੇ ਸਨ, ਉਸ ਦੀ ਕੀਮਤ ਵੀ 80 ਲੱਖ



ਡਾਲਰ ਮੰਨੀ ਜਾਂਦੀ ਹੈ। ਰਿਸ਼ੀ ਸ਼ਾਹ ਦੀ ਕੰਪਨੀ ‘ਆਊਟਕਮ ਹੈਲਥ’ 2011 ਵਿਚ 11 ਕਰਮਚਾਰੀਆਂ ਤੋਂ 2017 ਵਿਚ 500 ਤੋਂ ਵੱਧ, ਬਹੁਤ ਘੱਟ ਸਮੇਂ ਵਿਚ ਬਹੁਤ ਅੱਗੇ ਵਧ ਗਈ ਸੀ। ਸ਼ਿਕਾਗੋ ਦੀਆਂ ਸਭ ਤੋਂ ਚਰਚਿਤ ਤਕਨੀਕੀ ਕੰਪਨੀਆਂ ਵਿਚੋਂ ਇੱਕ ਸੀ। ਹਾਲਾਂਕਿ, ਰਿਸ਼ੀ ਸ਼ਾਹ ਨੇ ਆਪਣਾ ਪੂਰਾ ਸਾਮਰਾਜ ਝੂਠ ’ਤੇ ਬਣਾਇਆ ਸੀ ਅਤੇ ਇਸ ਕਾਰਨ ਸਫਲਤਾ ਦੇ ਸੱਤਵੇਂ ਅਸਮਾਨ ’ਤੇ ਉੱਡ ਰਹੇ ਰਿਸ਼ੀ ਸ਼ਾਹ ਕੁਝ ਸਮੇਂ ਵਿਚ ਹੀ ਡਿੱਗ ਕੇ ਜ਼ਮੀਨ ’ਤੇ ਆ ਗਿਆ।

80 ਪ੍ਰਤੀਸ਼ਤ ਆਊਟਕਮ ਹੈਲਥ ਦੇ ਮਾਲਕ ਰਿਸ਼ੀ ਸ਼ਾਹ ਜਦੋਂ ਨਾਰਥਵੈਸਟਰਨ ਯੂਨੀਵਰਸਿਟੀ ਵਿਚ ਇੱਕ ਵਿਦਿਆਰਥੀ ਸੀ। ਉਸ ਸਮੇਂ ਉਸਨੇ ਇੱਕ ਕੰਪਨੀ ਬਣਾਈ, ਜਿਸ ਦਾ ਕੰਮ ਡਾਕਟਰਾਂ ਦੇ ਦਫਤਰਾਂ, ਹਸਪਤਾਲਾਂ ਜਾਂ ਕਲੀਨਿਕ ਵੇਟਿੰਗ ਰੂਮ ਵਿਚ ਲਗਾਏ ਗਏ ਟੀ.ਵੀ. ਜਾਂ ਟੈਬਲੇਟਾਂ ’ਤੇ ਫਾਰਮਾ ਕੰਪਨੀ ਦੇ ਇਸ਼ਤਿਹਾਰ ਦਿਖਾਉਣਾ ਸੀ। ਕੋਈ ਵੀ ਕੰਪਨੀ ਇਸ਼ਤਿਹਾਰਾਂ ’ਤੇ ਖਰਚ ਕਰਦੇ ਸਮੇਂ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦਿੰਦੀ ਹੈ ਕਿ ਕੀ ਉਸਦਾ ਵਿਗਿਆਪਨ ਟੀਚੇ ਵਾਲੇ ਦਰਸ਼ਕਾਂ ਤੱਕ ਪਹੁੰਚਦਾ ਵੀ ਹੈ, ਜਾਂ ਨਹੀਂ। ਰਿਸ਼ੀ ਸ਼ਾਹ ਦੀ ਕੰਪਨੀ ਦੀ ਸੇਵਾ ਇਸ ਪੱਖੋਂ ਵਿਲੱਖਣ ਸੀ ਕਿ ਇਹ ਡਾਕਟਰਾਂ ਦੇ ਕਲੀਨਿਕਾਂ ਵਿਚ ਫਾਰਮਾ ਵਿਗਿਆਪਨ ਦਿਖਾਉਂਦੀ ਸੀ, ਤਾਂ ਜੋ ਇਹ ਵਿਗਿਆਪਨ ਸਿੱਧੇ ਤੌਰ ’ਤੇ ਇਸਦੇ ਨਿਸ਼ਾਨੇ ਵਾਲੇ ਦਰਸ਼ਕਾਂ ਨੂੰ ਦਿਖਾਈ ਦੇਣ ਅਤੇ ਫਾਰਮਾ ਕੰਪਨੀਆਂ ਇਸ ਲਈ ਰਿਸ਼ੀ ਨੂੰ ਮੋਟੀ ਫੀਸ ਦੇਣ ਲਈ ਤਿਆਰ ਹੁੰਦੀਆਂ ਸਨ। ਰਿਸ਼ੀ ਸ਼ਾਹ ਦੀ ਕੰਪਨੀ ਨੇ ਅਸਲ ਵਿਚ ਉਨ੍ਹਾਂ ਡਾਕਟਰਾਂ ਦੀ ਗਿਣਤੀ ਦੇ ਅਸਲ ਅੰਕੜੇ ਛੁਪਾਏ, ਜਿਨ੍ਹਾਂ ਨੇ ਅਸਲ ਵਿਚ ਆਪਣੇ ਟੀ.ਵੀ. ਅਤੇ ਟੈਬਲੇਟ ਉਥੇ ਲਗਾਏ ਹੋਏ ਸਨ ਅਤੇ ਆਪਣੇ ਗਾਹਕਾਂ ਨੂੰ ਝੂਠੇ ਅਤੇ ਵੱਡੇ ਅੰਕੜੇ ਪੇਸ਼ ਕੀਤੇ ਅਤੇ ਝੂਠੇ ਵਾਅਦੇ ਕਰਕੇ ਉਨ੍ਹਾਂ ਤੋਂ ਹੋਰ ਡਾਲਰਾਂ ਦੀ ਲੁੱਟ-ਖਸੁੱਟ ਕੀਤੀ ਕਿ ਉਨ੍ਹਾਂ ਦੇ ਇਸ਼ਤਿਹਾਰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਣਗੇ।

# ਅਮਰੀਕਾ ’ਚ ਝੀਲ ’ਚ ਡੁੱਬਣ ਕਾਰਨ 2 ਭਾਰਤੀ ਨੌਜਵਾਨਾਂ ਦੀ ਮੌਤ

**ਕੈਲੀਫੋਰਨੀਆ, (ਪੰਜਾਬ ਮੇਲ)**- ਅਮਰੀਕਾ ’ਚ ਝੀਲ ’ਚ ਡੁੱਬਣ ਨਾਲ ਦੋ ਭਾਰਤੀ ਨੌਜਵਾਨਾਂ ਦੀ ਮੌਤ ਹੋ ਗਈ। ਦੋਵੇਂ ਹੀ ਦੋਸਤ ਕੈਲੀਫੋਰਨੀਆ ਦੀ ਝੀਲ ’ਚ ਨਹਾ ਰਹੇ ਸਨ ਅਤੇ ਅਚਾਨਕ ਡੁੱਬ ਗਏ। ਉੱਥੇ ਹੀ ਉਨ੍ਹਾਂ ਦਾ ਇਕ ਸਾਥੀ ਵਾਲ-ਵਾਲ ਬਚ ਗਿਆ। ਮਰਨ ਵਾਲੇ ਦੋਵੇਂ ਨੌਜਵਾਨ ਹਰਿਆਣਾ ਨਾਲ ਸੰਬੰਧਤ ਸਨ, ਜਿਨ੍ਹਾਂ ਵਿਚੋਂ ਇਕ ਗੋਵਿੰਦਗੜ੍ਹ ਪਿੰਡ ਦਾ ਅਤੇ ਦੂਜਾ ਚੁਰਨੀ ਜਾਗੀਰ ਦਾ ਰਹਿਣ ਵਾਲਾ ਸੀ। ਦੋਵੇਂ ਘਰ ਦੇ ਇਕਲੌਤੇ ਚਿਰਾਗ ਸਨ। ਦੋਹਾਂ ਦੀ ਮੌਤ ਤੋਂ ਬਾਅਦ ਘਰਾਂ ’ਚ ਮਾਤਮ ਪਸਰਿਆ ਹੋਇਆ ਹੈ। ਉੱਥੇ ਹੀ ਪੀੜਤ ਪਰਿਵਾਰਾਂ ਦੀ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਉਨ੍ਹਾਂ ਦੇ ਬੇਟਿਆਂ ਦੀਆਂ ਮ੍ਰਿਤਕ ਦੇਹਾਂ ਨੂੰ ਜਲਦ ਤੋਂ ਜਲਦ ਭਾਰਤ ਲਿਆਂਦਾ ਜਾਵੇ।

17 ਸਾਲ ਦੇ ਏਕਮਪ੍ਰੀਤ ਨੂੰ ਉਸ ਦੇ ਪਰਿਵਾਰ ਵਾਲਿਆਂ ਨੇ ਬਹੁਤ ਉਮੀਦਾਂ ਅਤੇ ਸੁਫ਼ਨਿਆਂ ਨਾਲ ਅਮਰੀਕਾ



ਭੇਜਿਆ ਸੀ, ਤਾਂ ਕਿ ਉਹ ਆਪਣੀ ਜ਼ਿੰਦਗੀ ਬਿਹਤਰ ਕਰ ਸਕੇ। ਨਾਲ ਦੀ ਨਾਲ ਪਰਿਵਾਰ ਵਾਲਿਆਂ ਲਈ ਵੀ ਉੱਥੋਂ ਕੁਝ ਭੇਜਦਾ ਰਹੇ। ਏਮਕਪ੍ਰੀਤ 15 ਮਹੀਨੇ ਪਹਿਲੇ ਅਮਰੀਕਾ ਗਿਆ ਸੀ। ਪਰਿਵਾਰ ਵਾਲਿਆਂ ਨੇ ਰਿਸ਼ਤੇਦਾਰਾਂ ਤੋਂ ਪੈਸੇ ਉਧਾਰ ਲੈ ਕੇ ਲੱਖਾਂ ਰੁਪਏ ਲਗਾ ਕੇ ਏਕਮ ਨੂੰ ਅਮਰੀਕਾ ਭੇਜਿਆ ਸੀ। ਏਕਮ ਦਾ ਵਰਕ ਪਰਮਿਟ ਜਲਦ ਆਉਣ ਵਾਲਾ ਸੀ। ਜਿਸ ਨਾਲ ਉਹ ਕੰਮ ਕਰਨ ਲਈ ਉੱਥੇ ਲੀਗਲ ਹੋ ਜਾਂਦਾ।

ਉਸ ਦੇ ਪਰਿਵਾਰ ਵਾਲਿਆਂ ਨੇ ਦੱਸਿਆ ਕਿ ਇੰਨੀਂ ਦਿਨੀਂ ਉੱਥੇ ਗਰਮੀ ਬਹੁਤ ਜ਼ਿਆਦਾ ਹੈ। ਅਜਿਹੇ ’ਚ ਉਹ ਆਪਣੇ 2 ਦੋਸਤਾਂ ਨਾਲ ਝੀਲ ’ਚ ਨਹਾਉਣ ਲਈ ਗਿਆ ਸੀ। ਉਸ ਦਾ ਇਕ ਦੋਸਤ ਮੇਹਤਾਬ ਕਰਨਾਲ ਦੇ ਜਲਮਾਨਾ ਪਿੰਡ ਦਾ ਰਹਿਣ ਵਾਲਾ ਸੀ। ਦੋਵੇਂ ਦੋਸਤ ਏਕਮ ਅਤੇ ਮੇਹਤਾਬ ਝੀਲ ’ਚ ਨਹਾ ਰਹੇ ਸਨ ਅਤੇ ਇਕ ਦੋਸਤ ਬਾਹਰ ਸੀ। ਉਦੋਂ ਝੀਲ ’ਚ ਨਹਾਉਂਦੇ ਸਮੇਂ ਦੋਵੇਂ ਡੁੱਬਣ ਲੱਗੇ। ਮੇਹਤਾਬ ਨੂੰ ਬਾਹਰ ਕੱਢ ਕੇ ਹਸਪਤਾਲ ’ਚ ਦਾਖ਼ਲ ਕਰਵਾਇਆ ਗਿਆ। ਉੱਥੇ ਹੀ ਏਕਮ ਦਾ ਕੁਝ ਪਤਾ ਨਹੀਂ ਲੱਗਾ। ਕੁਝ ਸਮੇਂ ਬਾਅਦ ਏਕਮਪ੍ਰੀਤ ਦੀ ਲਾਸ਼ ਬਰਾਮਦ ਕੀਤੀ ਗਈ। ਜਾਣਕਾਰੀ ਅਨੁਸਾਰ ਏਕਮ ਅਮਰੀਕਾ ’ਚ ਆਪਣੇ ਰਿਸ਼ਤੇਦਾਰਾਂ ਕੋਲ ਰਹਿੰਦਾ ਸੀ। ਜਿਵੇਂ ਹੀ ਇਹ ਸੂਚਨਾ ਕਰਨਾਲ ਦੇ ਚੂਰਨੀ ਜਾਗੀਰ ਪਿੰਡ ’ਚ ਪਹੁੰਚੀ ਤਾਂ ਪਰਿਵਾਰ ’ਚ ਮਾਤਮ ਪਸਰ ਗਿਆ। ਪਰਿਵਾਰ ਵਾਲਿਆਂ ਦੀ ਸਰਕਾਰ ਤੋਂ ਇਹੀ ਅਪੀਲ ਹੈ ਕਿ ਉਹ ਮ੍ਰਿਤਕ ਦੇਹ ਭਾਰਤ ਲਿਆਉਣ ’ਚ ਮਦਦ ਕਰਨ ਤਾਂ ਕਿ ਉਹ ਅੰਤਿਮ ਸੰਸਕਾਰ ਕਰ ਸਕਣ।

# ਸਰੀ ’ਚ 2 ਪੰਜਾਬੀ ਨੌਜਵਾਨਾਂ ਦੀ ਸੜਕ ਹਾਦਸੇ ਦੌਰਾਨ ਮੌਤ

**ਸਰੀ, (ਪੰਜਾਬ ਮੇਲ)**- ਆਪਣੇ ਸੁਨਿਹਰੇ ਭਵਿੱਖ ਲਈ ਕੈਨੇਡਾ ਗਏ ਤਲਵੰਡੀ ਭਾਈ ਅਤੇ ਕਾਹਨ ਸਿੰਘ ਵਾਲਾ ਦੇ 2 ਨੌਜਵਾਨਾਂ ਦੀ ਸੜਕ ਹਾਦਸੇ ’ਚ ਮੌਤ ਹੋ ਜਾਣ ਦੀ ਖ਼ਬਰ ਹੈ। ਜਾਣਕਾਰੀ ਮੁਤਾਬਕ ਸਚਿਨ ਸਚਦੇਵਾ (19) ਪੁੱਤਰ ਸੰਜੀਵ ਕੁਮਾਰ ਵਾਸੀ ਤਲਵੰਡੀ ਭਾਈ ਜੋ ਮਾਰਚ 2024 ’ਚ ਪੜ੍ਹਾਈ ਕਰਨ ਲਈ ਕੈਨੇਡਾ ਦੇ ਸੂਬਾ ਸਰੀ ਵਿਚ ਗਿਆ ਸੀ। ਬੀਤੇ ਦਿਨੀਂ ਉਹ ਆਪਣੇ 3 ਹੋਰ ਦੋਸਤਾਂ ਨਾਲ ਕੰਮ ’ਤੇ ਜਾ ਰਹੇ ਸਨ, ਤਾਂ ਇਸ ਦੌਰਾਨ ਇਕ ਵਾਹਨ ਨੇ ਉਸ ਨੂੰ ਟੱਕਰ ਮਾਰ ਦਿੱਤੀ, ਇਸ ਸੜਕ ਹਾਦਸੇ ’ਚ ਸਚਿਨ ਸਚਦੇਵਾ ਅਤੇ ਉਸ ਦੇ ਦੋਸਤ



ਚਰਨਪ੍ਰੀਤ ਸਿੰਘ ਦੀ ਮੌਕੇ ’ਤੇ ਮੌਤ ਹੋ ਗਈ। ਜਦਕਿ ਬਾਕੀ ਜ਼ਖ਼ਮੀਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ। ਜਿਵੇਂ ਹੀ ਇਹ ਮੰਦਭਾਗੀ ਖ਼ਬਰ ਦੋਨਾਂ ਪਰਿਵਾਰਾਂ ਨੂੰ ਮਿਲੀ, ਤਾਂ ਪੂਰਾ ਪਰਿਵਾਰ ਅਤੇ ਇਲਾਕਾ ਸਦਮੇ ਵਿਚ ਹੈ। ਪਰਿਵਾਰਕ ਮੈਂਬਰਾਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਦੋਹਾਂ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਭਾਰਤ ਲਿਆਂਦਾ ਜਾਵੇ।

ਹਾਦਸੇ ਵਿਚ ਮਾਰਿਆ ਗਿਆ ਨੌਜਵਾਨ ਚਰਨਪ੍ਰੀਤ ਸਿੰਘ ਮੋਗਾ ਜ਼ਿਲ੍ਹੇ ਦੇ ਪਿੰਡ ਕਾਹਨ ਸਿੰਘ ਵਾਲਾ ਦਾ ਰਹਿਣ ਵਾਲਾ ਸੀ। ਉਹ ਮਾਪਿਆਂ ਦਾ ਇਕਲੌਤਾ ਪੁੱਤ ਸੀ। ਚਰਨਪ੍ਰੀਤ ਸਿੰਘ ਪੁੱਤਰ ਕੁਲਦੀਪ ਸਿੰਘ ਕਰੀਬ 10 ਮਹੀਨੇ ਪਹਿਲਾਂ ਆਈਲੈਟਸ ਕਰਨ ਤੋਂ ਬਾਅਦ ਪੜ੍ਹਾਈ ਕਰਨ ਲਈ ਕੈਨੇਡਾ ਗਿਆ ਸੀ। ਜਵਾਨ ਪੁੱਤ ਦੀ ਮੌਤ ਦੀ ਖ਼ਬਰ ਨਾਲ ਮਾਪਿਆਂ, ਦਾਦਾ-ਦਾਦੀ ਸਮੇਤ ਸਮੂਹ ਰਿਸ਼ਤੇਦਾਰਾਂ ਅਤੇ ਹੋਰ ਚਾਹੁਣ ਵਾਲਿਆਂ ਦਾ ਰੋ-ਰੋ ਕੇ ਬੁਰਾ ਹਾਲ ਹੈ।

# ਬਰੈਂਪਟਨ ’ਚ ਲਾਪਤਾ 22 ਸਾਲਾ ਪੰਜਾਬੀ ਨੌਜਵਾਨ ਦੀ ਮਿਲੀ ਲਾਸ਼

**ਬਰੈਂਪਟਨ, (ਪੰਜਾਬ ਮੇਲ)**- ਲੁਧਿਆਣਾ ਜ਼ਿਲ੍ਹੇ ਦੇ ਪਿੰਡ ਅੱਬੂਵਾਲ ਦਾ 22 ਸਾਲਾ ਨੌਜਵਾਨ ਚਰਨਦੀਪ ਸਿੰਘ ਜੋ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿਚ ਪਿਛਲੇ ਇਕ ਹਫ਼ਤੇ ਤੋਂ ਭੇਤਭਰੇ ਹਾਲਾਤ ਵਿਚ ਲਾਪਤਾ ਸੀ। ਉਸ ਦੀ ਨਿਆਗਰਾ ਫ਼ਾਲ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰਨ ਦੀਆਂ ਤਸਵੀਰਾਂ ਸੀ.ਸੀ.ਟੀ.ਵੀ. ਵਿਚ ਮਿਲੀਆਂ ਹਨ, ਜਿਸ ਦੀ



ਕੈਨੇਡੀਅਨ ਪੁਲਿਸ ਵੱਲੋਂ ਪੁਸ਼ਟੀ ਕੀਤੀ ਗਈ ਹੈ। ਕੈਨੇਡਾ ਪੁਲਿਸ ਦੇ ਅਧਿਕਾਰੀ ਡਸਟਿਨ ਬਲਾਸਿਨ ਅਨੁਸਾਰ ਨਿਆਗਰਾ ਫ਼ਾਲ ਵਿਚੋਂ ਕਈ ਲਾਸ਼ਾਂ ਮਿਲੀਆਂ ਹਨ, ਇਨ੍ਹਾਂ ਦੀ ਪਹਿਚਾਣ ਕਰਨ ਲਈ ਡੀ.ਐੱਨ.ਏ. ਕਰਵਾਇਆ ਜਾਵੇਗਾ। ਪਿੰਡ ਅੱਬੂਵਾਲ ਦੇ ਕਿਸਾਨ ਜੋਰਾ ਸਿੰਘ ਦਾ ਪੁੱਤਰ ਕਰੀਬ 10 ਮਹੀਨੇ ਪਹਿਲਾਂ ਪੜ੍ਹਾਈ ਲਈ ਕੈਨੇਡਾ ਗਿਆ ਸੀ।




# ਜਲੰਧਰ ਜ਼ਿਮਨੀ ਚੋਣ ਲਈ ਸਿਆਸੀ ਧਿਰਾਂ ਵੱਲੋਂ ਸਰਗਰਮੀਆਂ ਸਿਖਰਾਂ 'ਤੇ




**ਜਲੰਧਰ, (ਪੰਜਾਬ ਮੇਲ)-** ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਸਿਆਸੀ ਸਰਗਰਮੀਆਂ ਸਿਖਰਾਂ 'ਤੇ ਹਨ। 'ਆਪ' ਦੇ ਕੌਮੀ ਜਨਰਲ ਸਕੱਤਰ ਤੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੇ ਪਾਰਟੀ ਅਹੁਦੇਦਾਰਾਂ, ਵਿਧਾਇਕਾਂ, ਮੰਤਰੀਆਂ ਤੇ ਸੰਸਦ ਮੈਂਬਰਾਂ ਨਾਲ ਰੀਜੈਂਟ ਪਾਰਕ ਵਿਚ ਮੀਟਿੰਗਾਂ ਕੀਤੀਆਂ। ਪਾਰਟੀ ਅਹੁਦੇਦਾਰਾਂ ਨਾਲ ਵੱਖਰੀ ਮੀਟਿੰਗ ਕੀਤੀ ਗਈ ਤੇ ਵਿਧਾਇਕਾਂ ਤੇ ਮੰਤਰੀਆਂ ਨਾਲ ਵੱਖਰੀ ਮੀਟਿੰਗ ਕੀਤੀ। ਮੰਤਰੀਆਂ ਵਿਚ ਅਮਨ ਅਰੋੜਾ ਤੇ ਬਲਕਾਰ ਸਿੰਘ ਸ਼ਾਮਲ ਸਨ, ਜਦਕਿ ਵਿਧਾਇਕਾਂ ਵਿਚ ਦਲਜੀਤ ਸਿੰਘ ਭੋਲਾ, ਅਸ਼ੋਕ ਪਰਾਸ਼ਰ ਪੱਪੀ, ਰਮਨ ਅਰੋੜਾ, ਦੀਪਕ ਬਾਲੀ, ਸੰਤ ਬਲਬੀਰ ਸਿੰਘ, ਡਾ. ਰਾਜ ਕੁਮਾਰ ਚੱਬੇਵਾਲ ਅਤੇ ਹੋਰ ਆਗੂ ਮੌਜੂਦ ਰਹੇ। ਸੁਖਬੀਰ ਸਿੰਘ ਬਾਦਲ ਨੇ ਸਾਬਕਾ ਵਿਧਾਇਕ ਸਰਬਜੀਤ ਸਿੰਘ ਮੱਕੜ ਦੇ ਘਰ ਅਫਸੋਸ ਪ੍ਰਗਟਾਉਣ ਲਈ ਆਉਣਾ ਸੀ। ਸਰਬਜੀਤ ਸਿੰਘ ਮੱਕੜ ਦੇ ਨੌਜਵਾਨ ਪੁੱਤਰ ਦੀ ਬੀਤੇ ਦਿਨੀਂ ਮੌਤ ਹੋ ਗਈ ਸੀ। ਬਾਗੀ ਧੜੇ ਦੀ ਦੂਜੀ ਮੀਟਿੰਗ ਹਮਦਰਦ ਦੇ ਫਾਰਮ ਹਾਊਸ 'ਤੇ ਹੋਣ ਨਾਲ ਇਹ ਚਰਚਾ ਜ਼ੋਰਾਂ ਨਾਲ ਚੱਲ ਰਹੀ ਹੈ ਕਿ ਅਕਾਲੀਆਂ ਦੇ ਬਾਗੀ ਧੜੇ ਨੂੰ ਕਿਸੇ ਨਾ ਕਿਸੇ ਰੂਪ ਵਿਚ ਹਮਦਰਦ ਦੀ ਸ਼ਹਿ ਵੀ ਦੱਸੀ ਜਾ ਰਹੀ ਹੈ। ਉਧਰ ਭਾਜਪਾ ਵਾਲੇ ਵੀ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਨੂੰ ਉਡੀਕਦੇ ਰਹੇ।

ਇਸ ਦੌਰਾਨ ਪ੍ਰਾਪਤ ਜਾਣਕਾਰੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਜੀਤ ਅਖਬਾਰ ਦੇ ਮੈਨੇਜਿੰਗ ਐਡੀਟਰ ਬਰਜਿੰਦਰ ਸਿੰਘ ਹਮਦਰਦ ਨਾਲ ਢਾਈ ਘੰਟੇ ਤੋਂ ਵੱਧ ਸਮਾਂ ਮੀਟਿੰਗ ਕੀਤੀ। ਦੋਹਾਂ ਵਿਚਾਲੇ ਲੰਮੀ ਚੱਲੀ ਮੀਟਿੰਗ ਬਾਰੇ ਕਿਸੇ ਵੀ ਧਿਰ ਨੇ ਅਧਿਕਾਰਤ ਤੌਰ 'ਤੇ ਕੁਝ ਨਹੀਂ ਦੱਸਿਆ ਪਰ ਇਹ ਕਿਆਸ ਲਗਾਇਆ ਜਾ ਰਿਹਾ ਹੈ ਕਿ ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਵਿਚ ਪੈਦਾ ਹੋਏ ਸੰਕਟ ਜਾਂ ਇਸ ਬਗਾਵਤ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਵਰਗੇ ਮੁੱਦਿਆਂ 'ਤੇ ਚਰਚਾ ਹੋਈ।

# ਡਿਬਰੂਗੜ੍ਹ ਜੇਲ੍ਹ 'ਚ ਬੰਦ ਭਗਵੰਤ ਸਿੰਘ ਬਾਜੇਕੇ ਲੜਨਗੇ ਗਿੱਦੜਬਾਹਾ ਜ਼ਿਮਨੀ ਚੋਣ



**ਮੋਗਾ, (ਪੰਜਾਬ ਮੇਲ)-** ਆਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਭਗਵੰਤ ਸਿੰਘ ਉਰਫ਼ ਪ੍ਰਧਾਨ ਮੰਤਰੀ ਬਾਜੇਕੇ ਗਿੱਦੜਬਾਹਾ ਤੋਂ ਜ਼ਿਮਨੀ ਚੋਣ ਲੜਨਗੇ। ਇਸ ਹਲਕੇ ਤੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਵੀ ਚੋਣ ਲੜਨ ਦੀ ਚਰਚਾ ਹੈ। ਵਿਧਾਨਕਾਰ ਤੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਲੁਧਿਆਣਾ ਹਲਕੇ ਤੋਂ ਸੰਸਦ ਮੈਂਬਰ ਚੁਣੇ ਜਾਣ ਉੱਤੇ ਗਿੱਦੜਬਾਹਾ ਵਿਧਾਨ ਸਭਾ ਹਲਕੇ ਤੋਂ ਜ਼ਿਮਨੀ ਚੋਣ ਹੋਣ ਵਾਲੀ ਹੈ।

ਡਿਬਰੂਗੜ੍ਹ ਜੇਲ੍ਹ 'ਚ ਬੰਦ ਭਗਵੰਤ ਸਿੰਘ ਬਾਜੇਕੇ ਜੋ ਕਿ ਮੋਗਾ ਜ਼ਿਲ੍ਹੇ ਦੀ ਧਰਮਕੋਟ ਸਬ ਡਿਵੀਜ਼ਨ ਅਧੀਨ ਪਿੰਡ ਬਾਜੇਕੇ ਦੇ ਵਸਨੀਕ ਹਨ। ਉਨ੍ਹਾਂ ਦੇ ਗਿੱਦੜਬਾਹਾ ਤੋਂ ਜ਼ਿਮਨੀ ਚੋਣ ਲੜਨ ਬਾਰੇ ਉਨ੍ਹਾਂ ਦੇ ਪੁੱਤ ਨੇ ਸੋਸ਼ਲ ਮੀਡੀਆ ਰਾਹੀਂ ਇਹ ਜਾਣਕਾਰੀ ਦਿੱਤੀ ਹੈ। ਭਗਵੰਤ ਸਿੰਘ ਬਾਜੇਕੇ ਹਾਲ ਹੀ 'ਚ ਹੋਈਆਂ ਲੋਕ ਸਭਾ ਚੋਣਾਂ ਵਿਚ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਚੁਣੇ ਗਏ ਭਾਈ ਅੰਮ੍ਰਿਤਪਾਲ ਸਿੰਘ ਦੇ ਨਜ਼ਦੀਕੀ ਸਾਥੀ ਹਨ। ਭਾਈ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਦੇ ਨਾਲ ਹੀ ਭਗਵੰਤ ਸਿੰਘ ਦੀ ਐੱਨ.ਐੱਸ.ਏ. ਐਕਟ ਅਧੀਨ ਗ੍ਰਿਫ਼ਤਾਰੀ ਹੋਈ ਸੀ। ਗ੍ਰਿਫ਼ਤਾਰੀ ਤੋਂ ਪਹਿਲਾਂ ਭਗਵੰਤ ਸਿੰਘ ਪ੍ਰਧਾਨ ਮੰਤਰੀ ਬਾਜੇਕੇ ਦੇ ਨਾਂ ਉੱਤੇ ਸੋਸ਼ਲ ਮੀਡੀਆ ਸਾਈਟ ਚਲਾਉਂਦੇ ਸਨ। ਉਨ੍ਹਾਂ ਖ਼ਿਲਾਫ਼ ਨਵੰਬਰ 2022 ਵਿਚ ਥਾਣਾ ਧਰਮਕੋਟ ਵਿਖੇ ਸੋਸ਼ਲ ਮੀਡੀਆ ਉੱਤੇ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਸੀ।

# ਗੋਲਡੀ ਬਰਾੜ ਤੇ ਸਾਥੀ ਦੀ ਗ੍ਰਿਫ਼ਤਾਰੀ 'ਤੇ 10-10 ਲੱਖ ਰੁਪਏ ਦਾ ਇਨਾਮ ਐਲਾਨਿਆ



**ਗੋਲਡੀ ਬਰਾੜ ਅਤੇ ਗੋਲਡੀ ਢਿੱਲੋਂ।**

**ਨਵੀਂ ਦਿੱਲੀ, (ਪੰਜਾਬ ਮੇਲ)-** ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਨੇ 'ਫਿਰੌਤੀ ਅਤੇ ਗੋਲੀਬਾਰੀ' ਮਾਮਲੇ ਵਿਚ ਲੋੜੀਂਦੇ ਕੈਨੇਡਾ 'ਚ ਰਹਿ ਰਹੇ ਅੱਤਵਾਦੀ ਗੋਲਡੀ ਬਰਾੜ ਤੇ ਇਕ ਹੋਰ ਮੁਲਜ਼ਮ ਦੀ ਗ੍ਰਿਫ਼ਤਾਰੀ 'ਚ ਮਦਦ ਕਰਨ ਵਾਲੀ ਸੂਚਨਾ ਸਾਂਝੀ ਕਰਨ ਵਾਲੇ ਵਿਅਕਤੀਆਂ ਨੂੰ 10-10 ਲੱਖ ਰੁਪਏ ਨਕਦ ਇਨਾਮ ਦੇਣ ਦਾ ਐਲਾਨ ਕੀਤਾ ਹੈ। ਜਾਂਚ ਏਜੰਸੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਦੋਵੇਂ ਮੁਲਜ਼ਮ ਇਸ ਸਾਲ 8 ਮਾਰਚ ਨੂੰ ਫਿਰੌਤੀ ਲਈ ਇਕ ਕਾਰੋਬਾਰੀ ਦੇ ਘਰ ਗੋਲੀਆਂ ਚਲਾਉਣ ਦੇ ਮਾਮਲੇ ਵਿਚ ਲੋੜੀਂਦੇ ਹਨ। ਇਸ ਵਿਚ ਕਿਹਾ ਗਿਆ ਹੈ ਕਿ ਪੰਜਾਬ ਦੇ ਸ੍ਰੀ ਮੁਕਤਸਰ ਸਾਹਿਬ ਦੇ ਆਦੇਸ਼ ਨਗਰ ਨਿਵਾਸੀ ਸ਼ਮਸ਼ੇਰ ਸਿੰਘ ਦੇ ਪੁੱਤਰ ਸਤਵਿੰਦਰ ਸਿੰਘ ਉਰਫ ਗੋਲਡੀ ਬਰਾੜ ਅਤੇ ਪੰਜਾਬ ਦੇ ਹੀ ਰਾਜਪੁਰਾ ਸਥਿਤ ਬਾਬਾ ਦੀਪ ਸਿੰਘ ਕਾਲੋਨੀ ਨਿਵਾਸੀ ਸੁਖਜਿੰਦਰ ਸਿੰਘ ਦੇ ਪੁੱਤਰ ਗੁਰਪ੍ਰੀਤ ਸਿੰਘ ਉਰਫ ਗੋਲਡੀ ਢਿੱਲੋਂ ਉਰਫ ਗੋਲਡੀ ਰਾਜਪੁਰਾ ਖ਼ਿਲਾਫ਼ ਆਈ.ਪੀ.ਸੀ., ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਅਤੇ ਅਸਲਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਜਲੰਧਰ ਜ਼ਿਮਨੀ ਚੋਣ: ਸ਼੍ਰੋਮਣੀ ਅਕਾਲੀ ਦਲ ਵੱਲੋਂ ਬਸਪਾ ਦੀ ਹਮਾਇਤ ਦਾ ਐਲਾਨ



**ਡਾ. ਦਲਜੀਤ ਸਿੰਘ ਚੀਮਾ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ।**

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦਾ ਅੰਦਰੂਨੀ ਕਲੇਸ਼ ਨਵੇਂ ਪੜਾਅ 'ਚ ਦਾਖਲ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਅਤੇ ਬਾਗ਼ੀ ਆਗੂਆਂ ਨੇ ਜਲੰਧਰ ਜ਼ਿਮਨੀ ਚੋਣ ਵਿਚ ਅਕਾਲੀ ਉਮੀਦਵਾਰ ਦੀ ਹਮਾਇਤ ਨੂੰ ਲੈ ਕੇ ਵੱਖੋ-ਵੱਖਰੇ ਪੈਂਤੜੇ ਅਪਣਾ ਲਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਜਲੰਧਰ ਜ਼ਿਮਨੀ ਚੋਣ 'ਚ ਉੱਤਰੀ ਪਾਰਟੀ ਦੀ ਅਧਿਕਾਰਤ ਉਮੀਦਵਾਰ ਸੁਰਜੀਤ ਕੌਰ ਦੀ ਹਮਾਇਤ ਨਾ ਕਰਨ ਦਾ ਐਲਾਨ ਕੀਤਾ ਹੈ। ਦੂਜੇ ਪਾਸੇ ਬਾਗ਼ੀ ਧੜੇ ਨੇ ਪਾਰਟੀ ਦੀ ਅਧਿਕਾਰਤ ਉਮੀਦਵਾਰ ਸੁਰਜੀਤ ਕੌਰ ਦੇ ਹੱਕ 'ਚ ਡਟਣ ਦਾ ਫ਼ੈਸਲਾ ਕੀਤਾ ਹੈ। ਚੇਤੇ ਰਹੇ ਕਿ ਜਲੰਧਰ ਜ਼ਿਮਨੀ ਚੋਣ ਵਾਸਤੇ ਉਮੀਦਵਾਰਾਂ ਦੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਾਰ ਮੈਂਬਰੀ ਕਮੇਟੀ ਬਣਾਈ ਗਈ ਸੀ, ਜਿਸ ਨੇ ਅਕਾਲੀ ਉਮੀਦਵਾਰ ਸੁਰਜੀਤ ਕੌਰ ਦੇ ਨਾਮ ਦਾ ਐਲਾਨ ਕੀਤਾ ਸੀ। ਪਾਰਟੀ ਅੰਦਰ ਬਗ਼ਾਵਤ ਮਗਰੋਂ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਅਧਿਕਾਰਤ ਉਮੀਦਵਾਰ ਤੋਂ ਹੱਥ ਪਿਛਾਂਹ ਖਿੱਚ ਲਏ ਹਨ, ਜਦਕਿ ਅਕਾਲੀ ਉਮੀਦਵਾਰ ਸੁਰਜੀਤ ਕੌਰ ਨੂੰ ਤੱਕੜੀ ਚੋਣ ਨਿਸ਼ਾਨ ਵੀ ਅਲਾਟ ਹੋ ਚੁੱਕਾ ਹੈ। ਸੁਰਜੀਤ ਕੌਰ ਦੀ ਨੇੜਤਾ ਪਾਰਟੀ ਦੇ ਬਾਗ਼ੀ ਆਗੂਆਂ ਨਾਲ ਹੈ। ਡਾ. ਚੀਮਾ ਨੇ ਕਿਹਾ ਕਿ ਅਕਾਲੀ ਦਲ ਜ਼ਿਮਨੀ ਚੋਣ ਵਿਚ ਬਸਪਾ ਉਮੀਦਵਾਰ ਦੀ ਹਮਾਇਤ ਕਰੇਗਾ। ਉਨ੍ਹਾਂ ਕਿਹਾ ਕਿ ਬਾਗ਼ੀ ਧੜੇ ਨੇ ਜਲੰਧਰ ਚੋਣ ਵਿਚ ਟਕਸਾਲੀ ਪਰਿਵਾਰ ਦੀ ਸੁਰਜੀਤ ਕੌਰ ਨੂੰ ਚੋਣਾਂ ਵਿਚ ਝੋਕ ਕੇ ਖ਼ੁਦ ਜਲੰਧਰ ਵਿਚ ਹੀ ਪਾਰਟੀ ਖ਼ਿਲਾਫ਼ ਬਗ਼ਾਵਤ ਕਰ ਦਿੱਤੀ। ਉਨ੍ਹਾਂ ਕਿਹਾ ਕਿ ਬੀਬੀ ਸੁਰਜੀਤ ਕੌਰ ਟਕਸਾਲੀ ਪਰਿਵਾਰ 'ਚੋਂ ਹਨ ਅਤੇ ਪਰਿਵਾਰ ਅੱਜ ਵੀ ਕਿਰਾਏ ਦੇ ਮਕਾਨ ਵਿਚ ਰਹਿ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਸਥਾਨਕ ਲੀਡਰਸ਼ਿਪ ਵੀ ਚਾਹੁੰਦੀ ਸੀ ਕਿ ਪਾਰਟੀ ਦੀ ਮਜ਼ਬੂਤੀ ਵਾਸਤੇ ਪਹਿਲਾਂ ਦੋ ਸਾਲ ਜਲੰਧਰ (ਪੱਛਮੀ) ਵਿਚ ਆਧਾਰ ਕਾਇਮ ਕਰ ਲਿਆ ਜਾਵੇ ਕਿਉਂਕਿ ਇਹ ਸੀਟ 23 ਸਾਲ ਭਾਜਪਾ ਕੋਲ ਰਹੀ ਹੈ ਅਤੇ ਲੰਘੀਆਂ ਲੋਕ ਸਭਾ ਚੋਣਾਂ ਵਿੱਚ ਇਸ ਹਲਕੇ ਤੋਂ ਪਾਰਟੀ ਉਮੀਦਵਾਰ ਨੂੰ 2600 ਵੋਟਾਂ ਪਈਆਂ ਸਨ। ਡਾ. ਚੀਮਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਨੇ ਅਜਿਹੀਆਂ ਸਥਿਤੀਆਂ ਵਿਚ ਅਤੇ ਬਸਪਾ ਵੱਲੋਂ ਕੀਤੀ ਅਪੀਲ ਦੇ ਮੱਦੇਨਜ਼ਰ ਪਾਰਟੀ ਉਮੀਦਵਾਰ ਨੂੰ ਕਾਗ਼ਜ਼ ਵਾਪਸ ਲੈਣ ਲਈ ਕਿਹਾ ਸੀ ਤੇ ਬੀਬੀ ਸੁਰਜੀਤ ਕੌਰ ਕਾਗ਼ਜ਼ ਵਾਪਸ ਲੈਣ ਵਾਸਤੇ ਰਿਟਰਨਿੰਗ ਅਫ਼ਸਰ ਕੋਲ ਚਲੇ ਗਏ ਸਨ ਪਰ ਕਿਸੇ ਨੇ ਉਨ੍ਹਾਂ ਨੂੰ ਉਕਸਾ ਕੇ ਅਜਿਹਾ ਕਰਨ ਤੋਂ ਰੋਕ ਦਿੱਤਾ। ਉਨ੍ਹਾਂ ਕਿਹਾ ਕਿ ਬਾਗ਼ੀ ਆਗੂ ਚਾਹੁੰਦੇ ਸਨ ਕਿ ਇਸ ਜ਼ਿਮਨੀ ਚੋਣ ਵਿਚ ਪਾਰਟੀ ਦੀ ਹਾਲਤ ਹੋਰ ਖ਼ਰਾਬ ਹੋਵੇ ਤਾਂ ਜੋ ਸੁਖਬੀਰ ਬਾਦਲ ਦੇ ਅਕਸ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ।



# ਅੰਮ੍ਰਿਤਸਰ ਲੁੱਟ ਕੇਸ: ਪੀੜਤ ਦੇ ਡਰਾਈਵਰ ਦੀ ਧੀ, ਉਸਦੇ ਮੰਗੇਤਰ ਸਮੇਤ 7 ਗ੍ਰਿਫਤਾਰ

**■ 41.40 ਲੱਖ ਰੁਪਏ ਦੀ ਨਕਦੀ, 800 ਗ੍ਰਾਮ ਸੋਨਾ ਬਰਾਮਦ**



**ਚੰਡੀਗੜ੍ਹ/ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚਲਾਈ ਜਾ ਰਹੀ ਮੁਹਿੰਮ ਤਹਿਤ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸਨਸਨੀਖੇਜ਼ ਅੰਮਿਰਤਸਰ ਲੁੱਟ ਕੇਸ ਦਾ ਖੁਰਾ-ਖੋਜਦਿਆਂ ਪੀੜਤ ਦੇ ਡਰਾਈਵਰ ਦੀ ਧੀ ਅਤੇ ਉਸ ਦੇ ਮੰਗੇਤਰ, ਜਿਨ੍ਹਾਂ ਨੇ ਡਕੈਤੀ ਦੀ ਪੂਰੀ ਸਾਜ਼ਿਸ਼ ਰਚੀ ਸੀ, ਨੂੰ 7 ਮੁਲਜ਼ਮਾਂ ਸਮੇਤ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ।

ਇਹ ਜਾਣਕਾਰੀ ਦਿੰਦਿਆਂ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਨੇ ਸੋਮਵਾਰ ਨੂੰ ਇੱਥੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਸ਼ਿਵਾਨੀ (28) ਵਾਸੀ ਅਮਰ ਐਵੀਨਿਊ ਖੰਡਵਾਲਾ ਛੇਹਰਟਾ ਅਤੇ ਉਸ ਦੇ ਮੰਗੇਤਰ ਗੁਰਟੇਕ ਸਿੰਘ (23) ਵਾਸੀ ਅਜਨਾਲਾ ਅਤੇ ਇਨ੍ਹਾਂ ਦੇ ਸਾਥੀ ਗੁਰਪ੍ਰੀਤ ਸਿੰਘ (34) ਵਾਸੀ ਮਜੀਠਾ ਰੋਡ ਅੰਮ੍ਰਿਤਸਰ, ਸੰਦੀਪ ਸਿੰਘ (29) ਵਾਸੀ ਜੰਡਿਆਲਾ, ਦੀਪਕ ਕੁਮਾਰ (30) ਪਿੰਡ ਮਾਹਲ, ਹਰਦੇਵ ਸਿੰਘ (53) ਅਜਨਾਲਾ ਅਤੇ ਹਰਪਾਲ ਸਿੰਘ (52) ਰਾਜਾਸਾਂਸੀ ਅੰਮ੍ਰਿਤਸਰ ਵਜੋਂ ਹੋਈ ਹੈ। ਮੁਲਜ਼ਮ ਸ਼ਿਵਾਨੀ ਨਰਿੰਦਰ ਮੋਹਨ ਮਹਿਤਾ, ਜੋ ਕਿ ਪੀੜਤ ਜੀਆ ਲਾਲ ਬਹਿਲ ਦਾ ਡਰਾਈਵਰ ਹੈ, ਦੀ ਧੀ ਹੈ, ਜੋ ਕਿ ਪੀੜਤ ਦੀ ਦੌਲਤ-ਸ਼ੌਹਰਤ ਤੋਂ ਭਲੀਭਾਂਤ ਜਾਣੂ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਹਫਤੇ ਬੁੱਧਵਾਰ ਚਾਰ ਹਥਿਆਰਬੰਦ ਵਿਅਕਤੀ, ਜਿਨ੍ਹਾਂ ਨੇ ਮੂੰਹ ਢਕੇ ਹੋਏ ਸਨ, ਨੇ ਪੀੜਤ ਜੀਆ ਲਾਲ ਦੇ ਘਰ 'ਚ ਦਾਖਲ ਹੋ ਕੇ 90 ਲੱਖ ਰੁਪਏ ਅਤੇ 3 ਕਿਲੋ ਦੇ ਗਹਿਣਿਆਂ ਦੀ ਲੁੱਟ ਕੀਤੀ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਪੰਜਾਬ ਪੁਲਿਸ ਦੀਆਂ ਟੀਮਾਂ ਨੇ ਤਿੰਨ ਮੁਲਜ਼ਮਾਂ- ਗੁਰਪ੍ਰੀਤ, ਸੰਦੀਪ ਅਤੇ ਦੀਪਕ ਨੂੰ ਮਹਾਰਾਸ਼ਟਰ ਪੁਲਿਸ ਅਤੇ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਇੱਕ ਅੰਤਰ-ਰਾਜੀ ਕਾਰਵਾਈ ਤਹਿਤ ਮਹਾਰਾਸ਼ਟਰ ਦੇ ਧੂਲੇ ਜ਼ਿਲ੍ਹੇ ਤੋਂ ਗ੍ਰਿਫ਼ਤਾਰ ਕੀਤਾ, ਜਦਕਿ ਬਾਕੀ ਚਾਰ ਵਿਅਕਤੀਆਂ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਉਨ੍ਹਾਂ ਕੋਲੋਂ 41.40 ਲੱਖ ਰੁਪਏ ਦੀ ਨਕਦੀ ਅਤੇ 800 ਗ੍ਰਾਮ ਸੋਨਾ ਵੀ ਬਰਾਮਦ ਕੀਤਾ ਹੈ।

ਡੀ.ਜੀ.ਪੀ. ਨੇ ਕਿਹਾ ਕਿ ਪੁਲਿਸ ਟੀਮਾਂ ਵੱਲੋਂ ਇਸ ਸਨਸਨੀਖੇਜ਼ ਲੁੱਟ ਦੇ ਕੇਸ ਨੂੰ ਸੁਲਝਾਉਣ ਲਈ ਪੇਸ਼ੇਵਰ ਅਤੇ ਵਿਗਿਆਨਕ ਪਹੁੰਚ ਅਪਣਾਈ ਗਈ। ਇਸ ਮਾਮਲੇ ਵਿਚ ਅਗਲੇਰੀ ਜਾਂਚ ਜਾਰੀ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਘਟਨਾ ਤੋਂ ਬਾਅਦ ਏ.ਡੀ.ਸੀ.ਪੀ. ਸਿਟੀ-2 ਅਭਿਮਨਿਊ ਰਾਣਾ ਅਤੇ ਏ.ਸੀ.ਪੀ. ਉੱਤਰੀ ਵਿਜੇ ਕੁਮਾਰ ਦੀ ਦੇਖ-ਰੇਖ ਹੇਠ ਸਿਵਲ ਲਾਈਨ ਪੁਲਿਸ ਸਟੇਸ਼ਨ, ਸੀ.ਆਈ.ਏ.-1 ਅਤੇ ਸੀ.ਆਈ.ਏ.-2 ਦੀਆਂ ਪੁਲਿਸ ਟੀਮਾਂ ਨੇ ਤੁਰੰਤ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ।

ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਨੇ 12 ਘੰਟਿਆਂ ਤੋਂ ਵੀ ਘੱਟ ਸਮੇਂ ਵਿਚ ਕੇਸ ਨੂੰ ਟਰੇਸ ਕਰਨ ਵਿਚ ਕਾਮਯਾਬੀ ਹਾਸਲ ਕੀਤੀ ਅਤੇ 24 ਘੰਟਿਆਂ ਵਿਚ ਮਹਾਰਾਸ਼ਟਰ ਤੋਂ ਤਿੰਨ ਮੁਲਜ਼ਮਾਂ ਨੂੰ ਜਾ ਦਬੋਚਿਆ, ਜਦਕਿ ਬਾਕੀ ਚਾਰ ਮੁਲਜ਼ਮਾਂ ਨੂੰ ਸ਼ੁੱਕਰਵਾਰ ਅਤੇ ਸ਼ਨੀਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਸੀ.ਪੀ. ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਮਾਮਲੇ ਵਿਚ ਸ਼ਾਮਲ ਦੋ ਹੋਰ ਵਿਅਕਤੀਆਂ ਦੀ ਪਛਾਣ ਕਰ ਲਈ ਗਈ ਹੈ ਅਤੇ ਉਨ੍ਹਾਂ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਲਈ ਜਾਂਚ ਜਾਰੀ ਹੈ।

## ਜੋਧਪੁਰ 'ਚ ਜੁਡੀਸ਼ਲ ਪ੍ਰੀਖਿਆ ਦੌਰਾਨ ਸਿੱਖ ਉਮੀਦਵਾਰਾਂ ਨਾਲ ਵਿਤਕਰੇ ਦੀ ਨਿੰਦਾ

**ਅੰਮ੍ਰਿਤਸਰ, (ਪੰਜਾਬ ਮੇਲ)-** ਰਾਜਸਥਾਨ ਦੇ ਜੋਧਪੁਰ ਵਿਚ ਜੁਡੀਸ਼ਲ ਪ੍ਰੀਖਿਆ ਦੌਰਾਨ ਵੱਡੀ ਗਿਣਤੀ 'ਚ ਅੰਮ੍ਰਿਤਧਾਰੀ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਿਆਂ ਖ਼ਿਲਾਫ਼ ਸਰਕਾਰ ਵੱਲੋਂ ਅਜੇ ਤੱਕ ਕੋਈ ਕਾਰਵਾਈ ਨਾ ਕੀਤੇ ਜਾਣ ਨੂੰ ਸ਼੍ਰੋਮਣੀ ਕਮੇਟੀ ਨੇ ਦੁਖਦਾਈ ਅਤੇ ਅਨਿਆਂਪੂਰਨ ਕਰਾਰ ਦਿੱਤਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅੰਬਾਲਾ ਛਾਉਣੀ ਦੀ ਇੱਕ ਗੁਰਸਿੱਖ ਲੜਕੀ ਲਖਵਿੰਦਰ ਕੌਰ ਦੇ ਕਕਾਰ ਜੋਧਪੁਰ ਜੁਡੀਸ਼ਲ ਪ੍ਰੀਖਿਆ ਦੌਰਾਨ ਉਤਰਵਾਏ ਗਏ ਹਨ।

ਇਸ ਤੋਂ ਪਹਿਲਾਂ ਜਲੰਧਰ ਵਾਸੀ ਗੁਰਸਿੱਖ ਲੜਕੀ ਅਰਮਨਜੋਤ ਕੌਰ ਦੇ ਮਾਮਲੇ ਨੇ ਸਿੱਖਾਂ ਨਾਲ ਹੋ ਰਹੇ ਵਿਤਕਰੇ ਨੂੰ ਉਜਾਗਰ ਕੀਤਾ ਸੀ। ਸ਼੍ਰੀ ਧਾਮੀ ਨੇ ਕਿਹਾ ਕਿ ਇਹ ਵਰਤਾਰਾ ਸਿੱਖ ਸੰਵੇਦਨਾ ਨੂੰ ਸੱਟ ਮਾਰਨ ਵਾਲਾ ਹੈ, ਜਿਸ ਪ੍ਰਤੀ ਰਾਜਸਥਾਨ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ ਪਰ ਦੁੱਖ ਦੀ ਗੱਲ ਹੈ ਕਿ ਸਿੱਖ ਕੌਮ ਵੱਲੋਂ ਲਗਾਤਾਰ ਪ੍ਰਗਟਾਏ ਜਾ ਰਹੇ ਇਤਰਾਜ਼ ਮਗਰੋਂ ਵੀ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
**ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

## ਪੰਜਾਬ 'ਚ ਆਗਾਮੀ ਜ਼ਿਮਨੀ ਚੋਣਾਂ 'ਮਿਸ਼ਨ 2027' ਦਾ ਮੁੱਢ ਬੰਨ੍ਹਣਗੀਆਂ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਆਗਾਮੀ ਜ਼ਿਮਨੀ ਚੋਣਾਂ 'ਮਿਸ਼ਨ 2027' ਦਾ ਮੁੱਢ ਬੰਨ੍ਹਣਗੀਆਂ। ਇਸੇ ਕਰ ਕੇ ਸਿਆਸੀ ਧਿਰਾਂ ਦਾ ਮੁੱਖ ਨਿਸ਼ਾਨਾ ਹੁਣ ਜ਼ਿਮਨੀ ਚੋਣਾਂ ਹਨ। ਸੱਤਾ ਧਿਰ ਲਈ ਜਲੰਧਰ (ਪੱਛਮੀ) ਦੀ ਜ਼ਿਮਨੀ ਚੋਣ 'ਕਰੋ ਜਾਂ ਮਰੋ' ਦਾ ਸਵਾਲ ਹੈ। ਆਉਂਦਾ ਇੱਕ ਵਰ੍ਹਾ ਤਾਂ ਚੋਣਾਂ ਦੇ ਰੌਲੇ-ਰੱਪੇ ਵਿਚ ਹੀ ਲੰਘਣਾ ਹੈ ਕਿਉਂਕਿ ਪੰਜਾਬ ਸਰਕਾਰ ਪੰਚਾਇਤੀ ਚੋਣਾਂ ਅਤੇ ਨਿਗਮ ਚੋਣਾਂ ਵੀ ਫ਼ੌਰੀ ਕਰਾਉਣ ਦੇ ਰੌਅ ਵਿਚ ਹੈ, ਜਿਸ ਦੀ ਤਿਆਰੀ ਵਿੱਢ ਦਿੱਤੀ ਗਈ ਹੈ। ਸਿਆਸੀ ਧਿਰਾਂ ਲਈ ਪਹਿਲੀ ਪ੍ਰੀਖਿਆ ਜਲੰਧਰ ਪੱਛਮੀ ਦੀ ਚੋਣ ਹੈ। ਹਾਕਮ ਧਿਰ ਜਲੰਧਰ ਪੱਛਮੀ ਚੋਣ ਜਿੱਤਣ ਲਈ ਪੂਰਾ ਜ਼ੋਰ ਲਾ ਰਹੀ ਹੈ। ਕਾਂਗਰਸ ਪਾਰਟੀ ਜਲੰਧਰ ਚੋਣ ਨੂੰ ਵੱਕਾਰੀ ਮੰਨ ਰਹੀ ਹੈ।

ਭਾਜਪਾ ਲਈ ਵੋਟ ਫੀਸਦੀ ਪੱਖੋਂ ਜਲੰਧਰ ਜ਼ਿਮਨੀ ਚੋਣ ਅਹਿਮ ਹੈ। ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਮਗਰੋਂ ਕਿਸੇ ਵੇਲੇ ਵੀ ਚੋਣ ਕਮਿਸ਼ਨ ਵਿਧਾਨ ਸਭਾ ਹਲਕਾ ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਦੀ ਜ਼ਿਮਨੀ ਚੋਣ ਦਾ ਐਲਾਨ ਕਰ ਸਕਦਾ ਹੈ। ਜਲੰਧਰ ਪੱਛਮੀ ਚੋਣ ਦਾ ਨਤੀਜਾ ਇਨ੍ਹਾਂ ਉਪਰੋਕਤ ਚਾਰ ਜ਼ਿਮਨੀ ਚੋਣਾਂ ਦੇ ਨਤੀਜੇ ਵੀ ਪ੍ਰਭਾਵਿਤ ਕਰੇਗਾ। ਡਿਬਰੂਗੜ੍ਹ ਜੇਲ੍ਹ ਵਿਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਤਿੰਨ ਸਾਥੀਆਂ ਨੇ ਵੀ ਜ਼ਿਮਨੀ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਡਿਬਰੂਗੜ੍ਹ ਜੇਲ੍ਹ ਵਿਚ ਬੰਦ ਦਲਜੀਤ ਸਿੰਘ ਕਲਸੀ ਦੇ ਡੇਰਾ ਬਾਬਾ ਨਾਨਕ ਤੋਂ, ਬਰਨਾਲਾ ਤੋਂ ਕੁਲਵੰਤ ਸਿੰਘ ਰਾਊਕੇ ਅਤੇ ਗਿੱਦੜਬਾਹਾ ਤੋਂ ਭਗਵੰਤ ਸਿੰਘ ਬਾਜੇਕੇ ਦੇ ਚੋਣ ਲੜਨ ਦੇ ਚਰਚੇ ਹਨ। ਗਿੱਦੜਬਾਹਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਚੋਣ ਲੜਨ ਦੇ ਵੀ ਚਰਚੇ ਹਨ। ਸ਼੍ਰੋਮਣੀ ਅਕਾਲੀ ਦਲ ਵਿਚ ਅੰਦਰੂਨੀ ਕਲੇਸ਼ ਛਿੜਿਆ ਹੋਇਆ ਹੈ, ਜਿਸ ਦਾ ਅਸਰ ਜ਼ਿਮਨੀ ਚੋਣਾਂ 'ਤੇ ਵੀ ਪਵੇਗਾ।

ਸਾਲ 1995 ਵਿਚ ਗਿੱਦੜਬਾਹਾ ਦੀ ਜ਼ਿਮਨੀ ਚੋਣ ਹੋਈ ਸੀ ਅਤੇ ਉਸ ਵੇਲੇ ਤਤਕਾਲੀ ਬੇਅੰਤ ਸਿੰਘ ਦੀ ਸਰਕਾਰ ਨੇ ਪੂਰੀ ਸ਼ਕਤੀ ਝੋਕ ਦਿੱਤੀ ਸੀ ਪ੍ਰੰਤੂ ਇਹ ਸੀਟ ਉਦੋਂ ਅਕਾਲੀ ਦਲ ਦੀ ਝੋਲੀ ਪਈ ਸੀ ਅਤੇ ਮਨਪ੍ਰੀਤ ਸਿੰਘ ਬਾਦਲ ਪਹਿਲੀ ਵਾਰ ਵਿਧਾਇਕ ਬਣੇ ਸਨ। ਗਿੱਦੜਬਾਹਾ ਸੀਟ 'ਤੇ ਸਾਲ 1977 ਤੋਂ ਹੁਣ ਤੱਕ 10 ਵਾਰ ਦੀ ਚੋਣ 'ਚੋਂ ਛੇ ਵਾਰ ਸ਼੍ਰੋਮਣੀ ਅਕਾਲੀ ਦਲ ਨੂੰ ਜਿੱਤ ਮਿਲੀ ਹੈ, ਜਦੋਂਕਿ ਚਾਰ ਵਾਰ ਕਾਂਗਰਸ ਜੇਤੂ ਰਹੀ ਹੈ। ਪਿਛਲੀਆਂ ਤਿੰਨ ਚੋਣਾਂ ਅਮਰਿੰਦਰ ਸਿੰਘ ਰਾਜਾ ਵੜਿੰਗ ਜੇਤੂ ਰਹੇ ਹਨ। ਗਿੱਦੜਬਾਹਾ ਸੀਟ ਤੋਂ ਤਿੰਨ ਵਾਰ ਮਰਹੂਮ ਪ੍ਰਕਾਸ਼ ਸਿੰਘ ਬਾਦਲ ਜੇਤੂ ਰਹੇ ਹਨ। ਇਸੇ ਤਰ੍ਹਾਂ ਬਰਨਾਲਾ ਸੀਟ ਤੋਂ 10 'ਚੋਂ ਤਿੰਨ ਵਾਰ ਕਾਂਗਰਸ ਜੇਤੂ ਰਹੀ ਹੈ, ਜਦੋਂਕਿ ਚਾਰ ਵਾਰ ਇਹ ਸੀਟ ਸ਼੍ਰੋਮਣੀ ਅਕਾਲੀ ਦਲ ਦੀ ਝੋਲੀ ਪਈ ਹੈ। ਬੀਤੀਆਂ ਦੋ ਚੋਣਾਂ 'ਆਪ' ਦੇ ਗੁਰਮੀਤ ਸਿੰਘ ਮੀਤ ਹੇਅਰ ਨੇ ਜਿੱਤੀਆਂ ਹਨ। ਡੇਰਾ ਬਾਬਾ ਨਾਨਕ ਤੋਂ ਪਿਛਲੀਆਂ ਤਿੰਨ ਚੋਣਾਂ ਕਾਂਗਰਸ ਦੇ ਸੁਖਜਿੰਦਰ ਸਿੰਘ ਰੰਧਾਵਾ ਨੇ ਜਿੱਤੀਆਂ ਹਨ, ਜਦੋਂਕਿ ਚੱਬੇਵਾਲ ਸੀਟ ਤੋਂ ਲੰਘੀਆਂ ਦੋ ਚੋਣਾਂ ਵਿਚ ਡਾ. ਰਾਜ ਕੁਮਾਰ ਚੱਬੇਵਾਲ ਨੇ ਜਿੱਤ ਹਾਸਲ ਕੀਤੀ ਅਤੇ ਸਾਲ 2012 ਵਿਚ ਇਹ ਸੀਟ ਅਕਾਲੀ ਦਲ ਨੇ ਪ੍ਰਾਪਤ ਕੀਤੀ ਸੀ। ਜ਼ਿਮਨੀ ਚੋਣ ਦਾ ਰੰਗ ਆਮ ਚੋਣਾਂ ਨਾਲੋਂ ਵੱਖਰਾ ਹੁੰਦਾ ਹੈ। ਪੰਜਾਬ ਸਰਕਾਰ ਨੇ ਇਨ੍ਹਾਂ ਸਾਰੀਆਂ ਜ਼ਿਮਨੀ ਚੋਣਾਂ ਦੀ ਤਿਆਰੀ ਵਿੱਢ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬੀਤੇ ਦਿਨੀਂ ਮਾਲਵਾ ਨਹਿਰ ਦੀ ਉਸਾਰੀ ਦਾ ਜ਼ਿਕਰ ਕੀਤਾ ਗਿਆ ਸੀ, ਉਸ ਦੀ ਉਸਾਰੀ ਦੀ ਪ੍ਰਕਿਰਿਆ ਵੀ ਤੇਜ਼ ਕਰ ਦਿੱਤੀ ਹੈ, ਤਾਂ ਜੋ ਗਿੱਦੜਬਾਹਾ ਚੋਣ ਵਿਚ ਇਸ ਦਾ ਫ਼ਾਇਦਾ ਲਿਆ ਜਾ ਸਕੇ। ਪੰਜਾਬ ਸਰਕਾਰ ਨੇ ਹੁਣ ਤੋਂ ਕੰਮਾਂ ਦੀ ਰਫ਼ਤਾਰ ਵਧਾ ਦਿੱਤੀ ਹੈ।



# ਜਲੰਧਰ ਜ਼ਿਮਨੀ ਚੋਣ; ਸਿਆਸੀ ਆਗੂਆਂ ਦੀਆਂ ਪਤਨੀਆਂ ਚੋਣ ਪ੍ਰਚਾਰ 'ਚ ਡਟੀਆਂ


ਚੋਣ ਮੁਹਿੰਮ ਦੌਰਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਇਕ ਔਰਤ ਨੂੰ ਮਿਲਦੀ ਹੋਈ।


ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਦਾ ਸਵਾਗਤ ਕਰਦੇ ਹੋਏ ਵਰਕਰ।

**ਜਲੰਧਰ, (ਪੰਜਾਬ ਮੇਲ)-** ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਸੀਟ ਲਈ ਹੋ ਰਹੀ ਜ਼ਿਮਨੀ ਚੋਣ ਸਾਰੀਆਂ ਸਿਆਸੀ ਪਾਰਟੀਆਂ ਲਈ ਵੱਕਾਰ ਦਾ ਸਵਾਲ ਬਣੀ ਹੋਈ ਹੈ। ਖਾਸ ਕਰ ਕੇ ਸੱਤਾ ਧਿਰ 'ਆਪ', ਕਾਂਗਰਸ ਅਤੇ ਭਾਜਪਾ ਨੇ ਇਹ ਸੀਟ ਜਿੱਤਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਹੈ। ਇਨ੍ਹਾਂ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਪਤਨੀਆਂ ਵੀ ਚੋਣ ਪ੍ਰਚਾਰ ਵਿਚ ਡਟੀਆਂ ਹੋਈਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਵਿਚ ਗੇੜੇ 'ਤੇ ਗੇੜਾ ਲਾ ਰਹੇ ਹਨ ਅਤੇ 'ਆਪ' ਉਮੀਦਵਾਰ ਮਹਿੰਦਰ ਭਗਤ ਲਈ ਘਰ-ਘਰ ਜਾ ਕੇ ਵੋਟਾਂ ਮੰਗ ਰਹੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਲੰਧਰ ਵਿਚ ਘਰ ਕਿਰਾਏ 'ਤੇ ਲੈ ਕੇ ਜਲੰਧਰ ਪੱਛਮੀ ਸੀਟ 'ਤੇ ਲਗਾਤਾਰ ਨਜ਼ਰ ਟਿਕਾਈ ਹੋਈ ਹੈ। ਕਾਂਗਰਸ ਨੇ ਇਸ ਸੀਟ ਤੋਂ ਲੋਕ ਸਭਾ ਚੋਣਾਂ ਦੌਰਾਨ ਜਿੱਤ ਤਾਂ ਹਾਸਲ ਕੀਤੀ ਸੀ ਪਰ ਜਿੱਤ ਦਾ ਫਰਕ ਬੜਾ ਥੋੜ੍ਹਾ ਸੀ। ਕਾਂਗਰਸ ਦੇ ਲੋਕ ਸਭਾ ਮੈਂਬਰ ਬਣੇ ਚਰਨਜੀਤ ਸਿੰਘ ਚੰਨੀ ਨੇ ਲੋਕ ਸਭਾ ਚੋਣਾਂ ਵਿਚ ਜਲੰਧਰ ਪੱਛਮੀ ਹਲਕੇ ਤੋਂ ਆਪਣੇ ਵਿਰੋਧੀ ਸੁਸ਼ੀਲ ਕੁਮਾਰ ਰਿੰਕੂ ਨੂੰ 1500 ਤੋਂ ਵੱਧ ਵੋਟਾਂ ਨਾਲ ਪਛਾੜਿਆ ਸੀ। ਕਾਂਗਰਸ ਹੁਣ ਆਪਣੀ ਜਿੱਤ ਦਾ ਫਰਕ ਵਧਾਉਣ ਲਈ ਸਾਰੀ ਤਾਕਤ ਝੋਕ ਰਹੀ ਹੈ। ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਦੀ ਪਤਨੀ ਡਾ. ਕਮਲਜੀਤ ਕੌਰ ਵੀ ਚੋਣ ਪ੍ਰਚਾਰ ਵਿਚ ਡੱਟ ਗਏ ਹਨ। ਇਸ ਤਰ੍ਹਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਨੇ ਜਲੰਧਰ ਵਿਚ ਚੋਣ ਪ੍ਰਚਾਰ ਦਾ ਮੋਰਚਾ ਸੰਭਾਲ ਲਿਆ ਹੈ। ਭਾਜਪਾ ਦੇ ਉਮੀਦਵਾਰ ਸ਼ੀਤਲ ਅੰਗੁਰਾਲ ਦੀ ਪਤਨੀ ਵੀ ਹਲਕੇ ਵਿਚ ਪ੍ਰਚਾਰ ਲਈ ਡਟੇ ਹੋਏ ਹਨ, ਇੰਜ ਹੀ ਭਾਜਪਾ ਆਗੂ ਸੁਸ਼ੀਲ ਕੁਮਾਰ ਰਿੰਕੂ ਦੀ ਪਤਨੀ ਸੁਨੀਤਾ ਰਿੰਕੂ ਵੀ ਇਸ ਹਲਕੇ ਦੇ ਹਰ ਗਲੀ-ਮੁਹੱਲੇ ਤੋਂ ਚੰਗੀ ਤਰ੍ਹਾਂ ਵਾਕਿਫ਼ ਹਨ ਤੇ ਉਹ ਕੌਂਸਲਰ ਰਹੇ ਹੋਣ ਕਾਰਨ ਲੋਕਾਂ ਦੀ ਨਬਜ਼ ਪਛਾਣਦੇ ਹਨ।

## ਕੈਨੇਡਾ ਜਾ ਕੇ ਨੂੰਹ ਨੇ ਪਤੀ ਤੇ ਸਹੁਰੇ ਪਰਿਵਾਰ ਨਾਲ ਰਿਸ਼ਤਾ ਰੱਖਣ ਤੋਂ ਕੀਤਾ ਸਾਫ਼ ਇਨਕਾਰ

**ਜੀਰਾ, (ਪੰਜਾਬ ਮੇਲ)-** ਵਿਆਹ ਕਰਵਾ ਕੇ ਕੈਨੇਡਾ ਗਈ ਲੜਕੀ ਵੱਲੋਂ ਆਪਣੇ ਪਤੀ ਤੇ ਸਹੁਰੇ ਪਰਿਵਾਰ ਨਾਲ ਰਿਸ਼ਤਾ ਰੱਖਣ ਤੋਂ ਇਨਕਾਰ ਕਰ ਕੇ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਥਾਣਾ ਸਿਟੀ ਜ਼ੀਰਾ ਦੀ ਪੁਲਿਸ ਨੇ ਕੈਨੇਡਾ ਗਈ ਲੜਕੀ ਅਤੇ ਉਸ ਦੇ ਮਾਤਾ-ਪਿਤਾ ਤੇ ਭਰਾ ਖਿਲਾਫ਼ ਮਾਮਲਾ ਦਰਜ ਕੀਤਾ ਹੈ।

ਇਸ ਦੀ ਜਾਣਕਾਰੀ ਦਿੰਦੇ ਹੋਏ ਏ.ਐੱਸ.ਆਈ. ਰੇਸ਼ਮ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਦਿੱਤੀ ਸ਼ਿਕਾਇਤ ਤੇ ਬਿਆਨਾਂ ਵਿਚ ਅੰਗਰੇਜ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਜੌਹਲ ਨਗਰ ਜ਼ੀਰਾ ਨੇ ਦੋਸ਼ ਲਗਾਉਂਦੇ ਦੱਸਿਆ ਕਿ ਉਸ ਦੇ ਪੁੱਤਰ ਲਵਪ੍ਰੀਤ ਸਿੰਘ ਦਾ ਵਿਆਹ ਸਾਲ 2019 ਵਿਚ ਸੰਦੀਪ ਕੌਰ ਦੇ ਨਾਲ ਹੋਇਆ ਸੀ ਤੇ ਉਨ੍ਹਾ ਵੱਲੋਂ ਸੰਦੀਪ ਕੌਰ ਨੂੰ ਕੈਨੇਡਾ ਭੇਜਣ ਅਤੇ ਵਰਕ ਪਰਮਿਟ ਦਵਾਉਣ 'ਤੇ 38 ਲੱਖ 48 ਹਜ਼ਾਰ 574 ਰੁਪਏ ਖਰਚ ਕੀਤੇ ਗਏ ਹਨ।

ਪਰ ਇਸ ਤੋਂ ਬਾਅਦ ਸੰਦੀਪ ਕੌਰ ਨੇ ਉਨ੍ਹਾਂ ਨਾਲ ਰਿਸ਼ਤਾ ਰੱਖਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਸੰਦੀਪ ਕੌਰ, ਗੁਰਨਾਮ ਸਿੰਘ, ਪਰਮਜੀਤ ਕੌਰ ਅਤੇ ਹਰਦਿਆਲ ਸਿੰਘ ਵਾਸੀਆਨ ਕੋਟ ਸਦਰ ਖਾਂ ਜ਼ਿਲ੍ਹਾ ਮੋਗਾ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ ਤੇ ਦੋਸ਼ੀਆਂ ਖਿਲਾਫ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਜਲੰਧਰ ਜ਼ਿਮਨੀ ਚੋਣ : ਅਕਾਲੀ ਦਲ 1920 ਤੇ ਮਿਸਲ ਸਤਲੁਜ ਵੱਲੋਂ ਬੀਬੀ ਸੁਰਜੀਤ ਕੌਰ ਦੀ ਹਮਾਇਤ ਦਾ ਐਲਾਨ


ਅਕਾਲੀ ਦਲ 1920 ਤੇ ਸਤਲੁਜ ਮਿਸਲ ਦੇ ਆਗੂ ਬੀਬੀ ਸੁਰਜੀਤ ਕੌਰ ਨਾਲ।

**ਜਲੰਧਰ, (ਪੰਜਾਬ ਮੇਲ)-** ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਦੇ ਨਿਰਦੇਸ਼ਾਂ ਹੇਠ ਜਲੰਧਰ ਇਕਾਈ ਦੇ ਪ੍ਰਧਾਨ ਮਹਿੰਦਰ ਪਾਲ ਸਿੰਘ ਬਿਨਾਕਾ ਅਤੇ ਮਿਸਲ ਸਤਲੁਜ ਦੇ ਪ੍ਰਧਾਨ ਅਜੇਪਾਲ ਸਿੰਘ ਬਰਾੜ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਰਜੀਤ ਕੌਰ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਗਿਆ ਹੈ। ਮੀਟਿੰਗ ਵਿਚ ਹਾਜ਼ਰ ਜਥੇਦਾਰ ਭਰਪੂਰ ਸਿੰਘ ਧਾਂਦਰਾ, ਜਗਤਾਰ ਸਿੰਘ ਸਹਾਰਨਮਾਜਰਾ, ਬੀਬੀ ਹਰਜੀਤ ਕੌਰ ਤਲਵੰਡੀ, ਅਮਰਜੀਤ ਸਿੰਘ, ਦਵਿੰਦਰ ਸਿੰਘ ਸੇਖੋਂ ਤੇ ਬਲਦੇਵ ਸਿੰਘ ਗੱਤਕਾ ਨੇ ਕਿਹਾ ਕਿ ਬੀਬੀ ਸੁਰਜੀਤ ਕੌਰ ਟਕਸਾਲੀ ਅਕਾਲੀ ਪਰਿਵਾਰ ਵਿਚੋਂ ਹਨ। ਆਗੂਆਂ ਨੇ ਕਿਹਾ ਕਿ ਬੀਬੀ ਸੁਰਜੀਤ ਕੌਰ 'ਤੇ ਕਾਗਜ਼ ਵਾਪਸ ਲੈਣ ਦਾ ਦਬਾਅ ਪਾਇਆ ਗਿਆ ਅਤੇ ਉਨ੍ਹਾਂ ਨੂੰ ਅਲਾਟ ਹੋਇਆ ਪਾਰਟੀ ਦਾ ਚੋਣ ਨਿਸ਼ਾਨ ਤੱਕੜੀ ਖੋਹਣ ਦੇ ਯਤਨ ਕੀਤੇ ਗਏ ਪਰ ਜਦੋਂ ਸੁਖਬੀਰ ਸਿੰਘ ਬਾਦਲ ਦੀ ਜੁੰਡਲੀ ਕਾਮਯਾਬ ਨਹੀਂ ਹੋ ਸਕੀ, ਤਾਂ ਆਖਰੀ ਹਥਿਆਰ ਵਰਤਦਿਆਂ ਸੁਖਬੀਰ ਸਿੰਘ ਬਾਦਲ ਧੜੇ ਦੇ ਆਗੂਆਂ ਨੇ ਬੀਬੀ ਸੁਰਜੀਤ ਕੌਰ ਨੂੰ ਕੋਈ ਪਾਰਟੀ ਫੰਡ ਦੇਣ ਤੋਂ ਨਾਂਹ ਕਰ ਦਿੱਤੀ ਤੇ ਬਸਪਾ ਦੇ ਉਮੀਦਵਾਰ ਨੂੰ ਵੋਟਾਂ ਪਾਉਣ ਦਾ ਫੈਸਲਾ ਸੁਣਾ ਦਿੱਤਾ। ਯੂਥ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਮਿੰਦਰਪਾਲ ਸਿੰਘ ਰਾਜਪਾਲ ਨੇ ਕਿਹਾ ਕਿ ਪਾਰਟੀ ਦਾ 103 ਸਾਲਾਂ ਦਾ ਇਤਿਹਾਸ ਬੜਾ ਸ਼ਾਨਾਮੱਤਾ ਹੈ ਪਰ ਪਾਰਟੀ ਨੇ ਕਦੇ ਇਹ ਨਹੀਂ ਸੀ ਕੀਤਾ ਕਿ ਆਪਣੇ ਐਲਾਨੇ ਹੋਏ ਉਮੀਦਵਾਰ ਤੋਂ ਪਾਰਟੀ ਪ੍ਰਧਾਨ ਮੂੰਹ ਫੇਰ ਲੈਣ। ਅਕਾਲੀ ਦਲ 1920 ਤੇ ਮਿਸਲ ਸਤਲੁਜ ਨੇ ਫੈਸਲਾ ਲੈਂਦਿਆਂ ਬੀਬੀ ਸੁਰਜੀਤ ਕੌਰ ਦੀ ਹਰ ਪੱਖ ਤੋਂ ਮਦਦ ਕੀਤੀ ਜਾਵੇਗੀ।




# ਦਿੱਲੀ ਕੋਰਟ ਨੇ ਕੇਜਰੀਵਾਲ ਨੂੰ 14 ਦਿਨਾ ਨਿਆਂਇਕ ਹਿਰਾਸਤ ’ਚ ਭੇਜਿਆ

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਦੀ ਰਾਊਜ਼ ਐਵੇਨਿਊ ਕੋਰਟ ਨੇ ਸ਼ਰਾਬ ਨੀਤੀ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਮਾਮਲੇ ’ਚ ਸੀ.ਬੀ.ਆਈ. ਦੀ ਮੰਗ ’ਤੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ ’ਚ ਭੇਜ ਦਿੱਤਾ ਹੈ। ਸੁਣਵਾਈ ਦੌਰਾਨ ਸੀ.ਬੀ.ਆਈ. ਨੇ ਕੇਜਰੀਵਾਲ ਦੀ 14 ਦਿਨਾਂ ਦੀ ਨਿਆਂਇਕ ਹਿਰਾਸਤ ਦੀ ਮੰਗ ਕੀਤੀ ਸੀ, ਜਿਸ ਨੂੰ ਅਦਾਲਤ ਨੇ ਸਵੀਕਾਰ ਕਰ ਲਿਆ। ਕੇਜਰੀਵਾਲ ਨੂੰ 12 ਜੁਲਾਈ ਨੂੰ ਦੁਪਹਿਰ 2 ਵਜੇ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ’ਚ ਪੇਸ਼ ਕੀਤਾ ਜਾਵੇਗਾ।

ਤਿੰਨ ਦਿਨਾਂ ਦੀ ਹਿਰਾਸਤ ਦੀ ਮਿਆਦ ਖਤਮ ਹੋਣ ਤੋਂ ਬਾਅਦ ਕੇਜਰੀਵਾਲ ਨੂੰ ਸੀ.ਬੀ.ਆਈ. ਨੇ ਸ਼ਨੀਵਾਰ ਨੂੰ ਅਦਾਲਤ ਵਿਚ ਪੇਸ਼ ਕੀਤਾ। ਵਿਸ਼ੇਸ਼ ਜੱਜ ਸੁਨੈਨਾ ਸ਼ਰਮਾ ਨੇ ਪਹਿਲਾਂ ਕੇਜਰੀਵਾਲ ਨੂੰ ਜੇਲ੍ਹ ਭੇਜਣ ਦੀ ਮੰਗ ਵਾਲੀ ਪਟੀਸ਼ਨ ’ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਅਤੇ ਬਾਅਦ ’ਚ 14 ਦਿਨਾਂ ਲਈ ਨਿਆਂਇਕ ਹਿਰਾਸਤ ’ਚ ਭੇਜਣ ਦਾ ਹੁਕਮ ਦਿੱਤਾ।

**■ ਸੀ.ਬੀ.ਆਈ. ਦੀ ਅਰਜ਼ੀ ਮਨਜ਼ੂਰ**



ਦਿੱਲੀ ਦੇ ਮੁੱਖ ਮੰਤਰੀ ਨੂੰ ਆਪਣੀ ਸਰਕਾਰ ਦੀ ਸ਼ਰਾਬ ਨੀਤੀ ਵਿਚ ਬੇਨਿਯਮੀਆਂ ਦੇ ਮਾਮਲੇ ’ਚ ਸੀ.ਬੀ.ਆਈ. ਨੇ ਗ੍ਰਿਫ਼ਤਾਰ ਕੀਤਾ ਸੀ। 21 ਮਾਰਚ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਉਨ੍ਹਾਂ ਨੂੰ ਮਨੀ ਲਾਂਡਰਿੰਗ ਮਾਮਲੇ ਵਿਚ ਗ੍ਰਿਫਤਾਰ ਕੀਤਾ ਸੀ। ਹਾਲ ਹੀ ’ਚ ਕੇਜਰੀਵਾਲ ਨੂੰ ਹੇਠਲੀ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਸੀ, ਜਿਸ ’ਤੇ ਦਿੱਲੀ ਹਾਈਕੋਰਟ ਨੇ ਰੋਕ ਲਗਾ ਦਿੱਤੀ ਸੀ।

# ਪੰਜਾਬ ਪੁਲਿਸ ਵੱਲੋਂ ਸੂਬੇ ਵਿਚ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਸਾਥੀਆਂ ਵੱਲੋਂ ਟਾਰਗੇਟ ਕਿਲਿੰਗ ਦੀ ਯੋਜਨਾ ਨੂੰ ਨਾਕਾਮ; 3 ਸ਼ੂਟਰ ਗ੍ਰਿਫ਼ਤਾਰ

ਚੰਡੀਗੜ੍ਹ/ਬਠਿੰਡਾ, (ਪੰਜਾਬ ਮੇਲ)- ਬਠਿੰਡਾ ਦੀ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਨੇ ਜ਼ਿਲ੍ਹਾ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ’ਚ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਨਾਲ ਸਬੰਧਤ ਤਿੰਨ ਸ਼ੂਟਰਾਂ ਨੂੰ ਗ੍ਰਿਫਤਾਰ ਕਰਕੇ ਸੂਬੇ ਵਿਚ ਸੰਭਾਵਿਤ ਟਾਰਗੇਟ ਕਿਲਿੰਗ ਦੀ ਯੋਜਨਾ ਨੂੰ ਨਾਕਾਮ ਕਰ ਦਿੱਤਾ ਹੈ।

ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਗੌਰਵ ਯਾਦਵ ਨੇ ਇੱਥੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਕਰਨਦੀਪ ਸਿੰਘ ਉਰਫ ਕਨੂ ਵਾਸੀ ਨਵੀਂ ਬਸਤੀ ਮੌੜ ਮੰਡੀ, ਰਘੁਵੀਰ ਸਿੰਘ ਅਤੇ ਕੁਲਵਿੰਦਰ ਸਿੰਘ ਉਰਫ



ਬਿੱਟੂ ਦੋਵੇਂ ਵਾਸੀ ਪਿੰਡ ਕੋਟ ਸ਼ਮੀਰ ਬਠਿੰਡਾ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ’ਚੋਂ 3 ਪਿਸਤੌਲ, ਜਿਨ੍ਹਾਂ ਵਿਚ ਇੱਕ 9 ਐੱਮ.ਐੱਮ. ਪਿਸਤੌਲ ਅਤੇ ਦੋ .32 ਬੋਰ ਦੇ ਪਿਸਤੌਲ ਸ਼ਾਮਲ ਹਨ, ਸਮੇਤ ਛੇ ਜਿੰਦਾ ਕਾਰਤੂਸ ਅਤੇ ਛੇ ਮੈਗਜ਼ੀਨ ਬਰਾਮਦ ਕਰਨ ਤੋਂ ਇਲਾਵਾ ਉਨ੍ਹਾਂ ਦੀ ਹੁੰਡਈ ਵਰਨਾ ਕਾਰ ਵੀ ਜ਼ਬਤ ਕਰ ਲਈ ਹੈ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਪੁਲਿਸ ਨੂੰ ਖੁਫ਼ੀਆ ਜਾਣਕਾਰੀ ਮਿਲੀ ਸੀ ਕਿ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਸਾਥੀ ਜ਼ਿਲ੍ਹਾ ਬਠਿੰਡਾ, ਮੋਹਾਲੀ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਟਾਰਗੇਟ ਕਿਲਿੰਗ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਹਨ, ਜਿਸ ’ਤੇ ਕਾਰਵਾਈ ਕਰਦਿਆਂ ਸੀ.ਆਈ. ਬਠਿੰਡਾ ਅਤੇ ਬਠਿੰਡਾ ਪੁਲਿਸ ਦੀਆਂ ਟੀਮਾਂ ਨੇ ਸ਼ੂਟਰਾਂ ਨੂੰ ਫੜਨ ਲਈ ਸਾਂਝੇ ਅਪ੍ਰੇਸ਼ਨ ਦੌਰਾਨ ਮੌੜ ਚੌਕ ਵਿਖੇ ਨਾਕਾ ਲਗਾਇਆ।

ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਤਿੰਨਾਂ ਮੁਲਜ਼ਮਾਂ ਨੂੰ ਉਸ ਵੇਲੇ ਕਾਬੂ ਕੀਤਾ, ਜਦੋਂ ਉਹ ਆਪਣੀ ਹੁੰਡਈ ਵਰਨਾ ਕਾਰ ਵਿਚ ਮੌੜ ਤੋਂ ਬਠਿੰਡਾ ਵੱਲ ਆ ਰਹੇ ਸਨ ਅਤੇ ਉਨ੍ਹਾਂ ਦੇ ਕਬਜ਼ੇ ’ਚੋਂ ਤਿੰਨ ਪਿਸਤੌਲਾਂ ਸਮੇਤ ਗੋਲੀ-ਸਿੱਕਾ ਬਰਾਮਦ ਕਰ ਲਿਆ। ਡੀ.ਜੀ.ਪੀ. ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਕਰਨਦੀਪ ਕਨੂ ਸਿੱਧੇ ਤੌਰ ’ਤੇ ਲਾਰੈਂਸ ਬਿਸ਼ਨੋਈ ਦੇ ਸੰਪਰਕ ਵਿਚ ਸੀ ਅਤੇ ਮੁਲਜ਼ਮਾਂ ਪਾਸੋਂ ਬਰਾਮਦ ਕੀਤੇ ਗਏ ਹਥਿਆਰਾਂ ਦੀ ਵਰਤੋਂ ਟਾਰਗੇਟ ਕਿਲਿੰਗ ਨੂੰ ਅੰਜਾਮ ਦੇਣ ਲਈ ਕੀਤੀ ਜਾਣੀ ਸੀ।

## ਸੈਮ ਪਿਤਰੋਦਾ ਇੰਡੀਅਨ ਓਵਰਸੀਜ਼ ਕਾਂਗਰਸ ਦੇ ਮੁੜ ਪ੍ਰਧਾਨ ਨਿਯੁਕਤ



ਨਵੀਂ ਦਿੱਲੀ, (ਪੰਜਾਬ ਮੇਲ)- ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸੈਮ ਪਿਤਰੋਦਾ ਨੂੰ ਇੰਡੀਅਨ ਓਵਰਸੀਜ਼ ਕਾਂਗਰਸ ਦਾ ਮੁੜ ਪ੍ਰਧਾਨ ਨਿਯੁਕਤ ਕੀਤਾ ਹੈ। ਹਾਲੀਆ ਲੋਕ ਸਭਾ ਚੋਣਾਂ ਦੌਰਾਨ ਇਕ ਵਿਵਾਦਿਤ ਪੋਸਟ ਪਾ ਕੇ ਪਾਰਟੀ ਨੇ ਪਿਤਰੋਦਾ ਨੂੰ ਇਸ ਅਹੁਦੇ ਤੋਂ ਲਾਂਭੇ ਕਰ ਦਿੱਤਾ ਸੀ। ਭਾਜਪਾ ਨੇ ਉਦੋਂ ਪਿਤਰੋਦਾ ਦੀ ਟਿੱਪਣੀ ਨੂੰ ‘ਨਸਲੀ’ ਕਰਾਰ ਦਿੱਤਾ ਸੀ। ਪਾਰਟੀ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਇਕ ਬਿਆਨ ’ਚ ਕਿਹਾ, “ਕਾਂਗਰਸ ਪ੍ਰਧਾਨ ਨੇ ਸੈਮ ਪਿਤਰੋਦਾ ਨੂੰ ਫ਼ੌਰੀ ਤੌਰ ’ਤੇ ਇੰਡੀਅਨ ਓਵਰਸੀਜ਼ ਕਾਂਗਰਸ ਦਾ ਮੁੜ ਪ੍ਰਧਾਨ ਨਿਯੁਕਤ ਕੀਤਾ ਹੈ।”


## ਮੈਟਰੀਮੋਨੀਅਲ

ਜੱਟ ਸਿੱਖ, 42 ਸਾਲ, 5’-4”, ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ ਬਿਨਾਂ ਬੱਚੇ ਤੋਂ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ ਵਟਸਐਪ 540-479-0603 ’ਤੇ ਸੰਪਰਕ ਕਰ ਸਕਦੇ ਹਨ।

## MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6’-2” ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

## ਪੰਜਾਬ ਮੇਲ ’ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 ’ਤੇ ਸੰਪਰਕ ਕਰੋ।

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸੰਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5’-10”, ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

## MATRIMONIAL

Jath Sikh, 28 yrs, height 6’-2” feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Lovepreet Singh Gill, 26 yrs old, 5’11”. US citizen, own small trucking company, living in Sacramento CA

## MATRIMONIAL

Jat Sikh Mann parents seeks a SMF for their son, 34 years old, 5’-6” tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

## MATRIMONIAL


Seeking alliance for a beautiful 33 year old Sikh Rajput girl height 5’3” Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਭਾਰਤੀ ਟੀਮ ਲਈ 125 ਕਰੋੜ ਰੁਪਏ ਇਨਾਮੀ ਰਾਸ਼ੀ ਦਾ ਐਲਾਨ

## ਕੋਹਲੀ, ਰੋਹਿਤ ਤੇ ਜਡੇਜਾ ਦੇ ਸੰਨਿਆਸ ਨਾਲ ਕ੍ਰਿਕਟ ਦੇ ਇਕ ਯੁੱਗ ਦਾ ਅੰਤ



ਵਿਸ਼ਵ ਕੱਪ ਜੇਤੂ ਭਾਰਤੀ ਖਿਡਾਰੀਆਂ ਨਾਲ ਬੀ.ਸੀ.ਸੀ.ਆਈ. ਸਕੱਤਰ ਜੈ ਸ਼ਾਹ।



ਰੋਹਿਤ ਸ਼ਰਮਾ, ਵਿਰਾਟ ਕੋਹਲੀ, ਰਵਿੰਦਰ ਜਡੇਜਾ।

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਦੇ ਸਕੱਤਰ ਜੈ ਸ਼ਾਹ ਨੇ ਟੀ-20 ਵਿਸ਼ਵ ਕੱਪ 'ਚ ਭਾਰਤ ਦੀ ਇਤਿਹਾਸਕ ਖਿਤਾਬੀ ਜਿੱਤ ਦੀ ਸ਼ਲਾਘਾ ਕਰਦਿਆਂ ਟੀਮ ਨੂੰ 125 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਨਾਲ ਆਲੋਚਕਾਂ ਨੂੰ ਚੁੱਪ ਕਰਵਾ ਦਿੱਤਾ ਹੈ। ਭਾਰਤ ਨੇ ਫਾਈਨਲ ਵਿਚ ਦੱਖਣੀ ਅਫਰੀਕਾ ਨੂੰ ਸੱਤ ਦੌੜਾਂ ਨਾਲ ਹਰਾ ਕੇ ਆਪਣਾ ਦੂਜਾ ਟੀ-20 ਵਿਸ਼ਵ ਕੱਪ ਖ਼ਿਤਾਬ ਜਿੱਤਿਆ ਹੈ। ਵਿਰਾਟ ਕੋਹਲੀ, ਰੋਹਿਤ ਸ਼ਰਮਾ ਤੇ ਰਵਿੰਦਰ ਜਡੇਜਾ ਵੱਲੋਂ ਟੀ-20 ਕ੍ਰਿਕਟ ਤੋਂ ਸੰਨਿਆਸ ਲੈਣ ਦੇ ਕੀਤੇ ਐਲਾਨ ਨਾਲ ਭਾਰਤੀ ਕ੍ਰਿਕਟ ਦੇ ਇਕ ਯੁੱਗ ਦਾ ਅੰਤ ਹੋ ਗਿਆ ਹੈ। ਭਾਰਤੀ ਟੀਮ ਦੇ ਇਨ੍ਹਾਂ ਸਟਾਰ ਖਿਡਾਰੀਆਂ ਨੇ ਟੀ-20 ਕ੍ਰਿਕਟ ਨੂੰ ਅਲਵਿਦਾ ਆਖਣ ਦਾ ਐਲਾਨ ਸਹੀ ਸਮੇਂ 'ਤੇ ਕੀਤਾ ਹੈ, ਜਿਸ ਨਾਲ ਭਾਰਤੀ ਟੀਮ ਮੈਨੇਜਮੈਂਟ ਨੂੰ 2026 ਵਿਚ ਭਾਰਤ 'ਚ ਖੇਡੇ ਜਾਣ ਵਾਲੇ ਟੀ-20 ਵਿਸ਼ਵ ਕੱਪ ਤੋਂ ਪਹਿਲਾਂ ਨੌਜਵਾਨ ਤੇ ਉਭਰਦੇ ਖਿਡਾਰੀਆਂ ਨਾਲ ਲੈਸ ਟੀਮ ਬਣਾਉਣ ਵਾਸਤੇ ਯੋਜਨਾਬੰਦੀ ਲਈ ਚੋਖਾ ਸਮਾਂ ਮਿਲ ਜਾਵੇਗਾ। ਬੀ.ਸੀ.ਸੀ.ਆਈ. ਦੇ ਪ੍ਰਧਾਨ ਰੌਜਰ ਬਿਨੀ ਨੇ ਕਿਹਾ, "ਸਮਾਂ ਲੱਗੇਗਾ, ਪਰ ਅਗਲੇ ਦੋ-ਤਿੰਨ ਸਾਲਾਂ ਵਿਚ ਅਸੀਂ ਇਨ੍ਹਾਂ ਸਟਾਰ ਖਿਡਾਰੀਆਂ ਤੋਂ ਬਗੈਰ ਟੀਮ ਤਿਆਰ ਕਰ ਲਵਾਂਗੇ।"

ਉਧਰ ਟੀ-20 ਵਿਸ਼ਵ ਕੱਪ ਖ਼ਤਮ ਹੋਣ ਦੇ ਨਾਲ ਹੀ ਮੁੱਖ ਕੋਚ ਰਾਹੁਲ ਦਰਾਵਿੜ ਦਾ ਬੋਰਡ ਨਾਲ ਕਰਾਰ ਖ਼ਤਮ ਹੋ ਗਿਆ ਹੈ। ਬੀ.ਸੀ.ਸੀ.ਆਈ. ਨੇ ਦਰਾਵਿੜ ਦੇ ਬਦਲ ਲਈ ਭਾਲ ਆਰੰਭ ਦਿੱਤੀ ਹੈ ਤੇ ਦਰਾਵਿੜ ਦਾ ਜਾਨਸ਼ੀਨ ਬਣਨ ਦੀ ਦੌੜ ਵਿਚ ਕ੍ਰਿਕਟਰ ਤੇ ਸਾਬਕਾ ਭਾਜਪਾ ਐੱਮ.ਪੀ. ਗੌਤਮ ਗੰਭੀਰ ਸਭ ਤੋਂ ਅੱਗੇ ਹੈ। ਬੀ.ਸੀ.ਸੀ.ਆਈ. ਪ੍ਰਧਾਨ ਰੌਜਰ ਬਿਨੀ ਨੇ ਹਾਲ ਹੀ ਵਿਚ ਗੰਭੀਰ ਦੀ ਤਾਰੀਫ਼ ਕਰਦਿਆਂ ਕਿਹਾ ਸੀ ਕਿ ਖੱਬੇ ਹੱਥ ਦੇ ਇਸ ਸਾਬਕਾ ਬੱਲੇਬਾਜ਼ ਕੋਲ ਵੱਡਾ ਤਜ਼ਰਬਾ ਹੈ ਤੇ ਜੇ ਉਹ ਕੋਚ ਬਣਦਾ ਹੈ, ਤਾਂ ਇਹ ਭਾਰਤੀ ਕ੍ਰਿਕਟ ਲਈ ਚੰਗਾ ਹੋਵੇਗਾ। ਬੋਰਡ ਦੇ ਸਕੱਤਰ ਜੈ ਸ਼ਾਹ ਨੇ ਇੱਕ ਬਿਆਨ ਵਿਚ ਕਿਹਾ, "ਰੋਹਿਤ ਸ਼ਰਮਾ ਦੀ ਅਗਵਾਈ ਹੇਠ ਇਸ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਭਾਰਤ ਨੇ ਇਸ ਵਿਸ਼ਵ ਕੱਪ ਵਿਚ ਇੱਕ ਵੀ ਮੈਚ ਨਹੀਂ ਹਾਰਿਆ। ਭਾਰਤੀ ਟੀਮ ਆਈ.ਸੀ.ਸੀ. ਟੀ-20 ਵਿਸ਼ਵ ਕੱਪ ਦੇ ਇਤਿਹਾਸ ਵਿਚ ਅਜਿਹਾ ਕਰਨ ਵਾਲੀ ਪਹਿਲੀ ਟੀਮ ਬਣ ਗਈ ਹੈ।" ਉਨ੍ਹਾਂ ਭਾਰਤ ਦੀ ਖਿਤਾਬੀ ਦੌੜ ਨੂੰ 'ਪ੍ਰੇਰਨਾ ਸਰੋਤ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨਾਂ ਨਾਲ ਆਪਣੇ ਆਲੋਚਕਾਂ ਨੂੰ ਵਾਰ-ਵਾਰ ਚੁੱਪ ਕਰਵਾਇਆ ਹੈ ਅਤੇ ਟੀਮ ਨੇ ਇਸ ਵਾਰ ਵੀ ਅਜਿਹਾ ਹੀ ਕੀਤਾ ਹੈ। ਇਸ ਮਗਰੋਂ ਸ਼ਾਹ ਨੇ ਸੋਸ਼ਲ ਮੀਡੀਆ 'ਤੇ ਟੀਮ ਲਈ 125 ਕਰੋੜ ਰੁਪਏ ਦੇ ਇਨਾਮ ਦਾ ਐਲਾਨ ਕੀਤਾ। ਸ਼ਾਹ ਨੇ 'ਐਕਸ' 'ਤੇ ਲਿਖਿਆ, "ਮੈਂ ਭਾਰਤੀ ਟੀਮ ਲਈ ਆਈ.ਸੀ.ਸੀ. ਪੁਰਸ਼ ਟੀ-20 ਵਿਸ਼ਵ ਕੱਪ 2024 ਜਿੱਤਣ 'ਤੇ 125 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦਾ ਐਲਾਨ ਕਰਦਿਆਂ ਬਹੁਤ ਖ਼ੁਸ਼ੀ ਮਹਿਸੂਸ ਕਰ ਰਿਹਾ ਹਾਂ। ਉਨ੍ਹਾਂ ਨੇ ਟੀਮ ਦੀ ਸਖ਼ਤ ਮਿਹਨਤ ਦੀ ਵੀ ਸ਼ਲਾਘਾ ਕੀਤੀ। ਜੈ ਸ਼ਾਹ ਨੇ ਕਿਹਾ, "ਇਸ ਟੀਮ ਨੇ ਆਪਣੀ ਸਮਰਪਣ ਭਾਵਨਾ, ਸਖ਼ਤ ਮਿਹਨਤ ਅਤੇ ਦ੍ਰਿੜ੍ਹ ਭਾਵਨਾ ਨਾਲ ਸਾਨੂੰ ਸਾਰਿਆਂ ਨੂੰ ਮਾਣ ਮਹਿਸੂਸ ਕਰਵਾਇਆ ਹੈ। ਰੋਹਿਤ ਸ਼ਰਮਾ ਦੀ ਅਗਵਾਈ ਅਤੇ ਵਿਰਾਟ ਕੋਹਲੀ, ਜਸਪ੍ਰੀਤ ਬੁਮਰਾਹ ਤੇ ਹੋਰਾਂ ਦੀ ਮਦਦ ਨਾਲ ਉਨ੍ਹਾਂ ਨੇ 140 ਕਰੋੜ ਭਾਰਤੀਆਂ ਦੇ ਸੁਫ਼ਨੇ ਪੂਰੇ ਕੀਤੇ ਹਨ।"

# ਭਾਰਤ ਦੇ 23 ਸੂਬਿਆਂ 'ਚ 22.5 ਕਰੋੜ ਦੀ ਸਾਈਬਰ ਠੱਗੀ; 2 ਗ੍ਰਿਫਤਾਰ



**ਗਾਜ਼ੀਆਬਾਦ, (ਪੰਜਾਬ ਮੇਲ)-** ਦੇਸ਼ ਦੇ 23 ਸੂਬਿਆਂ 'ਚ ਸਾਈਬਰ ਧੋਖਾਦੇਹੀ ਰਾਹੀਂ ਲੋਕਾਂ ਨਾਲ 22.5 ਕਰੋੜ ਰੁਪਏ ਦੀ ਠੱਗੀ ਮਾਰਨ ਵਾਲੇ ਇਕ ਅੰਤਰਰਾਸ਼ਟਰੀ ਗਿਰੋਹ ਦੇ 2 ਠੱਗਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਕੋਲੋਂ ਵੱਡੀ ਮਾਤਰਾ ਵਿਚ ਮੋਬਾਈਲ ਫੋਨ, ਸਿਮ ਕਾਰਡ, ਆਧਾਰ ਕਾਰਡ, ਵਾਈ-ਫਾਈ ਡੌਂਗਲ, 36 ਲੱਖ ਰੁਪਏ ਨਕਦ, ਲੈਪਟਾਪ, ਚੈੱਕ ਬੁੱਕ ਅਤੇ ਪਾਸਬੁੱਕ ਬਰਾਮਦ ਕੀਤੀਆਂ ਹਨ। ਪੁਲਿਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਦੀ ਗ੍ਰਿਫਤਾਰੀ ਤੋਂ ਬਾਅਦ ਗਾਜ਼ੀਆਬਾਦ 'ਚ 3 ਅਤੇ ਦੇਸ਼ ਭਰ 'ਚ 168 ਵਾਰਦਾਤਾਂ ਸਾਹਮਣੇ ਆਈਆਂ ਹਨ। ਇਹ ਲੋਕ ਸ਼ੇਅਰ ਟਰੇਡਿੰਗ ਦੇ ਨਾਂ 'ਤੇ ਠੱਗੀ ਮਾਰਦੇ ਸਨ। ਪੁੱਛਗਿੱਛ ਦੇ ਆਧਾਰ 'ਤੇ ਪੁਲਿਸ ਗਿਰੋਹ ਦੇ ਹੋਰ ਮੈਂਬਰਾਂ ਦਾ ਵੀ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਏ.ਡੀ.ਸੀ.ਪੀ. ਕ੍ਰਾਈਮ ਸਚਿਦਾਨੰਦ ਨੇ ਦੱਸਿਆ ਕਿ ਗਾਜ਼ੀਆਬਾਦ ਵਾਸੀ ਕੁਸ਼ਲ ਪਾਲ ਸਿੰਘ ਨੇ 70 ਲੱਖ ਰੁਪਏ, ਭਗਵੰਤ ਕੁਮਾਰ ਸਿੰਘ ਬੋਰਾ ਨੇ 24.81 ਲੱਖ ਰੁਪਏ ਅਤੇ ਰਾਹੁਲ ਰਾਜਾ ਨੇ 52.51 ਲੱਖ ਰੁਪਏ ਦੀ ਧੋਖਾਦੇਹੀ ਸਬੰਧੀ ਸਾਈਬਰ ਥਾਣੇ ਵਿਚ ਰਿਪੋਰਟ ਦਰਜ ਕਰਵਾਈ ਸੀ, ਜਿਸ 'ਚ ਪੀੜਤਾਂ ਨੇ ਦੱਸਿਆ ਸੀ ਕਿ ਮੁਲਜ਼ਮਾਂ ਨੇ ਉਨ੍ਹਾਂ ਨੂੰ ਸ਼ੇਅਰ ਟਰੇਡਿੰਗ ਦੇ ਨਾਂ 'ਤੇ ਟੈਕਸਟਾਰ ਅਤੇ ਯੂ.ਆਈ.ਸੀ.ਆਈ.ਆਰ. ਨਾਮੀ ਮੋਬਾਈਲ ਐਪ ਰਾਹੀਂ ਠੱਗੀ ਮਾਰੀ। ਜਿਸ ਤੋਂ ਬਾਅਦ ਸਾਈਬਰ ਥਾਣਾ ਪੁਲਿਸ ਠੱਗਾਂ ਦੀ ਭਾਲ ਵਿਚ ਸੀ।

# ਭਗੌੜੇ ਕਾਰੋਬਾਰੀ ਵਿਜੈ ਮਾਲਿਆ ਖ਼ਿਲਾਫ਼ ਗ਼ੈਰ-ਜ਼ਮਾਨਤੀ ਵਾਰੰਟੀ ਜਾਰੀ



**ਮੁੰਬਈ, (ਪੰਜਾਬ ਮੇਲ)-** ਇੱਥੋਂ ਦੀ ਵਿਸ਼ੇਸ਼ ਅਦਾਲਤ ਨੇ ਇੰਡੀਅਨ ਓਵਰਸੀਜ਼ ਬੈਂਕ ਨਾਲ ਜੁੜੇ 180 ਕਰੋੜ ਰੁਪਏ ਦਾ ਕਰਜ਼ਾ ਨਾ ਮੋੜਨ ਦੇ ਮਾਮਲੇ ਵਿਚ ਭਗੌੜੇ ਕਾਰੋਬਾਰੀ ਵਿਜੈ ਮਾਲਿਆ ਖ਼ਿਲਾਫ਼ ਗ਼ੈਰ-ਜ਼ਮਾਨਤੀ ਵਾਰੰਟੀ ਜਾਰੀ ਕੀਤੇ ਹਨ। ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਦੇ ਜੱਜ ਐੱਸ.ਪੀ. ਨਾਇਕ ਨਿੰਬਾਲਕਰ ਨੇ ਮਾਲਿਆ ਖ਼ਿਲਾਫ਼ ਇਹ ਵਾਰੰਟ 29 ਜੂਨ ਨੂੰ ਜਾਰੀ ਕੀਤੇ ਸਨ ਅਤੇ ਇਸ ਆਦੇਸ਼ ਦਾ ਵੇਰਵਾ ਮੁਹੱਈਆ ਕਰਵਾਇਆ ਗਿਆ ਹੈ। ਮਾਮਲੇ ਦੀ ਜਾਂਚ ਕਰ ਰਹੀ ਸੀ.ਬੀ.ਆਈ. ਨੇ ਦਾਅਵਾ ਕੀਤਾ ਹੈ ਕਿ ਮਾਲੀਆ ਨੇ ਸਰਕਾਰੀ ਬੈਂਕ ਨੂੰ 180 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਪਹੁੰਚਾਇਆ ਹੈ।






# ਸ਼੍ਰੋਮਣੀ ਅਕਾਲੀ ਦਲ ਸੰਕਟ: ਅਕਾਲੀ ਦਲ ਦੇ ਬਾਗ਼ੀ ਧੜੇ ਵੱਲੋਂ ਅਕਾਲ ਤਖ਼ਤ 'ਤੇ ਖਿਮਾ ਯਾਚਨਾ

**■ ਅਕਾਲੀ ਸਰਕਾਰ ਵੇਲੇ ਹੋਈਆਂ ਵੱਡੀਆਂ ਗਲਤੀਆਂ ਤੇ ਭੁੱਲਾਂ ਦਾ ਕੀਤਾ ਇੰਕਸ਼ਾਫ**



ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮਿਲਦੇ ਹੋਏ ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਸੁਰਜੀਤ ਸਿੰਘ ਰੱਖੜਾ ਤੇ ਹੋਰ।

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਵਿਚਾਲੇ ਪੈਦਾ ਹੋਇਆ ਸੰਕਟ ਉਸ ਵੇਲੇ ਹੋਰ ਡੂੰਘਾ ਹੋ ਗਿਆ, ਜਦੋਂ ਨਾਰਾਜ਼ ਅਕਾਲੀ ਆਗੂਆਂ ਦੇ ਧੜੇ ਨੇ ਅਕਾਲ ਤਖਤ ਪਹੁੰਚ ਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਇੱਕ ਖਿਮਾ ਯਾਚਨਾ ਪੱਤਰ ਸੌਂਪਿਆ ਤੇ ਅਕਾਲੀ ਸਰਕਾਰ ਵੇਲੇ ਹੋਈਆਂ ਵੱਡੀਆਂ ਗਲਤੀਆਂ ਤੇ ਭੁੱਲਾਂ ਦਾ ਇੰਕਸ਼ਾਫ ਕੀਤਾ। ਉਨ੍ਹਾਂ ਨੇ ਖਿਮਾ ਲਈ ਅਰਦਾਸ ਵੀ ਕੀਤੀ।

ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਪੱਧਰ 'ਤੇ ਹੀ ਅਕਾਲ ਤਖਤ ਵਿਖੇ ਅਰਦਾਸ ਕਰਕੇ ਭੁੱਲਾਂ ਦੀ ਖਿਮਾ ਯਾਚਨਾ ਕੀਤੀ ਜਾ ਚੁੱਕੀ ਹੈ ਪਰ ਉਸ ਵੇਲੇ ਕਿਹੜੀਆਂ-ਕਿਹੜੀਆਂ ਭੁੱਲਾਂ ਤੇ ਗਲਤੀਆਂ ਹੋਈਆਂ ਹਨ, ਉਨ੍ਹਾਂ ਬਾਰੇ ਕਦੇ ਖੁਲਾਸਾ ਨਹੀਂ ਕੀਤਾ ਗਿਆ ਸੀ ਪਰ ਬਾਗ਼ੀ ਧੜੇ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਜਥੇਦਾਰ ਨੂੰ ਪੱਤਰ ਸੌਂਪਣ ਵਾਲਿਆਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਭਾਈ ਮਨਜੀਤ ਸਿੰਘ, ਸੁਰਜੀਤ ਸਿੰਘ ਰੱਖੜਾ, ਸੁੱਚਾ ਸਿੰਘ ਛੋਟੇਪੁਰ, ਗੁਰਪ੍ਰਤਾਪ ਸਿੰਘ ਵਡਾਲਾ, ਸਰਵਣ ਸਿੰਘ ਫਿਲੌਰ, ਚਰਨਜੀਤ ਸਿੰਘ ਬਰਾੜ, ਸੁਖਵੰਤ ਸਿੰਘ, ਤਜਿੰਦਰ ਪਾਲ ਸਿੰਘ, ਬੀਬੀ ਪਰਮਜੀਤ ਕੌਰ ਲਾਂਡਰਾਂ, ਰਣਧੀਰ ਸਿੰਘ ਰੱਖੜਾ, ਕਰਨੈਲ ਸਿੰਘ ਪੰਜੋਲੀ ਤੇ ਹੋਰ ਸ਼ਾਮਲ ਸਨ। ਉਨ੍ਹਾਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਚਾਰ ਸਫਿਆਂ ਦਾ ਇੱਕ ਪੱਤਰ ਦਿੱਤਾ, ਜਿਸ ਵਿਚ ਅਕਾਲੀ ਸਰਕਾਰ ਵੇਲੇ ਹੋਈਆਂ ਗਲਤੀਆਂ ਅਤੇ ਭੁੱਲਾਂ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਵਿਚ 2007 ਦਾ ਸਲਾਬਤਪੁਰਾ ਕੇਸ, ਜਿਸ ਵਿਚ ਡੇਰਾ ਸਿਰਸਾ ਦੇ ਮੁਖੀ ਵੱਲੋਂ ਦਸਵੇਂ ਗੁਰੂ ਗੋਬਿੰਦ ਸਿੰਘ ਵਾਂਗ ਅੰਮ੍ਰਿਤ ਛਕਾਉਣ ਦੀ ਨਕਲ ਕੀਤੀ ਗਈ ਸੀ, ਵੀ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਉਸ ਵੇਲੇ ਪੁਲਿਸ ਕੇਸ ਤਾਂ ਦਰਜ ਹੋਇਆ ਸੀ ਪਰ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਅਗਲੀ ਕਾਰਵਾਈ ਕਰਨ ਦੀ ਥਾਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਇਹ ਕੇਸ ਵਾਪਸ ਲੈ ਲਿਆ। ਦੂਜਾ ਮਾਮਲਾ 2015 ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦਾ ਹੈ, ਜਿਸ ਵਿਚ ਉਸ ਵੇਲੇ ਦੀ ਅਕਾਲੀ ਸਰਕਾਰ ਅਤੇ ਬਤੌਰ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਂ ਸਿਰ ਸਹੀ ਜਾਂਚ ਕਰਵਾਉਣ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਵਾਉਣ ਵਿਚ ਅਸਫਲ ਰਹੇ। ਤੀਜਾ ਮਾਮਲਾ ਡੇਰਾ ਸਿਰਸਾ ਦੇ ਮੁਖੀ ਨੂੰ ਬਿਨਾ ਮੰਗਿਆਂ ਮਾਫੀ ਦੇਣ ਸਬੰਧੀ ਹੈ। ਚੌਥਾ ਮਾਮਲਾ ਸੁਮੇਧ ਸੈਣੀ ਨੂੰ ਪੰਜਾਬ ਪੁਲਿਸ ਦਾ ਮੁਖੀ ਬਣਾਉਣ ਅਤੇ ਅੱਤਵਾਦ ਵੇਲੇ ਪੰਜਾਬ 'ਚ ਹੋਏ ਝੂਠੇ ਮੁਕਾਬਲਿਆਂ ਦੀ ਜਾਂਚ ਲਈ ਜਾਂਚ ਕਮਿਸ਼ਨ ਨਾ ਬਣਾਉਣ ਸਬੰਧੀ ਹੈ।

# ਸਮੁੱਚਾ ਅਕਾਲੀ ਦਲ ਪ੍ਰਧਾਨਗੀ ਵਾਸਤੇ ਕਹੇ ਤਾਂ ਵਿਚਾਰ ਕਰਾਂਗਾ: ਗਿਆਨੀ ਹਰਪ੍ਰੀਤ ਸਿੰਘ



**ਅੰਮ੍ਰਿਤਸਰ, (ਪੰਜਾਬ ਮੇਲ)-** ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਅਤੇ ਅਕਾਲ ਤਖ਼ਤ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜੇ ਸਮੁੱਚਾ ਸ਼੍ਰੋਮਣੀ ਅਕਾਲੀ ਦਲ ਉਨ੍ਹਾਂ ਤੱਕ ਪਾਰਟੀ ਦੀ ਪ੍ਰਧਾਨਗੀ ਵਾਸਤੇ ਪਹੁੰਚ ਕਰਦਾ ਹੈ, ਤਾਂ ਉਹ ਇਸ ਵਿਸ਼ੇ 'ਤੇ ਵਿਚਾਰ ਕਰ ਸਕਦੇ ਹਨ। ਇੱਥੇ ਹਰਿਮੰਦਰ ਸਾਹਿਬ ਸਮੂਹ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਮਾਮਲੇ ਵਿਚ ਹਾਲੇ ਕਿਸੇ ਵੀ ਅਕਾਲੀ ਧੜੇ ਨੇ ਉਨ੍ਹਾਂ ਤੱਕ ਕੋਈ ਪਹੁੰਚ ਨਹੀਂ ਕੀਤੀ। ਉਹ ਧੜਿਆਂ ਦੀ ਰਾਜਨੀਤੀ ਤੋਂ ਦੂਰ ਰਹਿਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਜੇ ਸਮੁੱਚਾ ਅਕਾਲੀ ਦਲ ਉਨ੍ਹਾਂ ਤੱਕ ਇਸ ਸਬੰਧੀ ਪਹੁੰਚ ਕਰਦਾ ਹੈ, ਤਾਂ ਉਹ ਇਸ ਬਾਰੇ ਵਿਚਾਰ ਕਰ ਸਕਦੇ ਹਨ। ਸ਼੍ਰੋਮਣੀ ਅਕਾਲੀ ਦਲ 'ਤੇ ਬਣੇ ਸੰਕਟ ਬਾਰੇ ਉਨ੍ਹਾਂ ਕਿਹਾ ਕਿ ਇਹ ਸਿੱਖਾਂ ਦੀ ਪੁਰਾਤਨ ਰਾਜਸੀ ਜਥੇਬੰਦੀ ਹੈ ਅਤੇ ਇਸ ਨੂੰ ਕਾਇਮ ਰਹਿਣਾ ਚਾਹੀਦਾ ਹੈ। ਇਸ ਨੂੰ ਦੋਫਾੜ ਨਹੀਂ ਹੋਣਾ ਚਾਹੀਦਾ। ਹਾਲ ਹੀ 'ਚ ਹਰਿਮੰਦਰ ਸਾਹਿਬ ਮੱਥਾ ਟੇਕਣ ਆਏ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਪੰਜਾਬ ਤੋਂ ਪਾਣੀ ਦੀ ਮੰਗ ਕੀਤੇ ਜਾਣ ਬਾਰੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ। 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਸਬੰਧੀ ਉਨ੍ਹਾਂ ਕਿਹਾ ਕਿ ਉਸ ਦੀ ਰਿਹਾਈ ਨੂੰ ਲਟਕਾਉਣਾ ਅਤੇ ਐੱਨ.ਐੱਸ.ਏ. ਦੀ ਮਿਆਦ ਵਿਚ ਵਾਧਾ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ।


ਉਨ੍ਹਾਂ ਕਿਹਾ ਕਿ ਹਰਿਮੰਦਰ ਸਾਹਿਬ ਨੂੰ ਸੈਲਾਨੀ ਕੇਂਦਰ ਨਹੀਂ ਬਣਾਉਣਾ ਚਾਹੀਦਾ। ਇਹ ਰੂਹਾਨੀਅਤ ਵਾਲਾ ਸਥਾਨ ਹੈ ਅਤੇ ਇੱਥੇ ਧਾਰਮਿਕ ਅਸਥਾਨ ਵਜੋਂ ਹੀ ਆਉਣਾ ਚਾਹੀਦਾ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਤੋਂ ਸ਼੍ਰੋਮਣੀ ਕਮੇਟੀ ਨੇ ਪਾਸਪੋਰਟ ਮੰਗੇ

**ਅੰਮ੍ਰਿਤਸਰ, (ਪੰਜਾਬ ਮੇਲ)-** ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਨਵੰਬਰ 2024 ਵਿਚ ਭੇਜਿਆ ਜਾਵੇਗਾ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਵੀਜ਼ਾ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਸ਼ਰਧਾਲੂ ਆਪਣੇ ਪਾਸਪੋਰਟ 10 ਅਗਸਤ 2024 ਤੱਕ ਜਮ੍ਹਾ ਕਰਵਾ ਸਕਣਗੇ। \

ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਥਾ ਪਾਕਿਸਤਾਨ ਭੇਜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜਿਹੜੇ ਸ਼ਰਧਾਲੂ ਇਸ ਇਤਿਹਾਸਕ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਗੁਰਧਾਮਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ, ਉਹ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸ਼ਿਫਾਰਸ ਸਹਿਤ 10 ਅਗਸਤ ਤੱਕ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਯਾਤਰਾ ਵਿਭਾਗ ਵਿਚ ਭੇਜਣ।

ਸ. ਪ੍ਰਤਾਪ ਸਿੰਘ ਨੇ ਜਾਣਕਾਰੀ ਦਿੱਤੀ ਕਿ ਸ਼ਰਧਾਲੂਆਂ ਲਈ ਪਾਸਪੋਰਟ ਦੇ ਨਾਲ ਪਛਾਣ ਦੇ ਸਬੂਤ ਵਜੋਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਫੋਟੋ ਕਾਪੀ ਲਗਾਉਣੀ ਜ਼ਰੂਰੀ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਆਪਣੇ ਪਾਸਪੋਰਟ ਅਤੇ ਦਸਤਾਵੇਜ਼ ਸ਼੍ਰੋਮਣੀ ਕਮੇਟੀ ਨੂੰ ਦੇਣ, ਤਾਂ ਜੋ ਵੀਜ਼ਾ ਪ੍ਰਕਿਰਿਆ ਪੂਰੀ ਕਰਨ ਲਈ ਅਗਲੀ ਕਾਰਵਾਈ ਕੀਤੀ ਜਾ ਸਕੇ।



# ਉਜੜੇ ਰਾਹਾਂ ਦੇ ਪਾਂਧੀ ਬਣਦੀ ਜਾ ਰਹੀ ਹੈ ਪੰਜਾਬ ਦੀ ਜਵਾਨੀ!

## ਪੰਜਾਬ ਦੀਆਂ ਜੇਲ੍ਹਾਂ 'ਚ ਪਿਆ ਘੜਮੱਸ; ਵੱਡੀ ਗਿਣਤੀ ਨੌਜਵਾਨ ਬੰਦੀ



**ਚੰਡੀਗੜ੍ਹ, (ਪੰਜਾਬ ਮੇਲ)-** ਜਦੋਂ ਵੀ ਨਸ਼ਿਆਂ ਖ਼ਿਲਾਫ਼ ਮੁਹਿੰਮ ਛਿੜਦੀ ਹੈ, ਪੰਜਾਬ ਦੀਆਂ ਜੇਲ੍ਹਾਂ 'ਚ ਘੜਮੱਸ ਮੱਚ ਜਾਂਦਾ ਹੈ। ਪੰਜਾਬ ਪੁਲਿਸ ਨੇ ਹੁਣ ਨਸ਼ਿਆਂ ਵਿਰੁੱਧ ਮੁਹਿੰਮ ਵਿੱਢੀ ਹੈ, ਜਿਸ ਦੇ ਨਤੀਜੇ ਵਜੋਂ ਜੇਲ੍ਹਾਂ ਵਿਚ ਬੰਦੀਆਂ ਦੀ ਗਿਣਤੀ ਵਧਣ ਲੱਗੀ ਹੈ। ਬੀਤੇ ਦੋ ਵਰ੍ਹਿਆਂ ਦੌਰਾਨ ਜੇਲ੍ਹਾਂ ਵਿਚ ਕਰੀਬ 5,443 ਬੰਦੀਆਂ ਦਾ ਵਾਧਾ ਹੋ ਗਿਆ ਹੈ। ਹੁਣ ਜੇਲ੍ਹਾਂ ਵਿਚ ਨਸ਼ਾ ਤਸਕਰੀ ਵਾਲੇ ਕੇਸਾਂ ਦੇ ਬੰਦੀ ਵਧਣ ਲੱਗੇ ਹਨ, ਜਦੋਂਕਿ ਜੇਲ੍ਹਾਂ ਦੀ ਸਮਰੱਥਾ ਘੱਟ ਹੈ। ਦੇਸ਼ 'ਚੋਂ ਪੰਜਾਬ ਛੋਟਾ ਸੂਬਾ ਹੈ ਪ੍ਰੰਤੂ ਇਹ ਮੁਲਕ 'ਚੋਂ ਜੇਲ੍ਹਾਂ ਵਿਚ ਬੰਦੀਆਂ ਦੇ ਲਿਹਾਜ਼ 'ਚ ਪੰਜਵੇਂ ਨੰਬਰ 'ਤੇ ਆ ਗਿਆ ਹੈ। ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦੀਆਂ ਦੀ ਗਿਣਤੀ 31,607 ਹੋ ਗਈ ਹੈ, ਜਦੋਂਕਿ ਜੂਨ 2022 ਵਿਚ ਇਹ ਅੰਕੜਾ 26,164 ਸੀ। ਜੇਲ੍ਹਾਂ ਵਿਚ 5,443 ਬੰਦੀ ਵਧ ਗਏ ਹਨ। ਹਾਲਾਂਕਿ ਜੇਲ੍ਹਾਂ ਵਿਚ ਬੰਦੀਆਂ ਦਾ ਅੰਕੜਾ ਘਟਦਾ-ਵਧਦਾ ਰਹਿੰਦਾ ਹੈ ਲੇਕਿਨ ਹੁਣ ਪੰਜਾਬ ਪੁਲਿਸ ਨੇ ਨਸ਼ਿਆਂ ਖ਼ਿਲਾਫ਼ ਜੋ ਤਸਕਰਾਂ ਦੀ ਫੜੋ-ਫੜੀ ਸ਼ੁਰੂ ਕੀਤੀ ਹੈ, ਉਸ ਤੋਂ ਜਾਪਦਾ ਹੈ ਕਿ ਆਉਂਦੇ ਦਿਨਾਂ ਵਿਚ ਜੇਲ੍ਹਾਂ ਵਿਚ ਬੰਦੀਆਂ ਨੂੰ ਥਾਂ ਮਿਲਣੀ ਮੁਸ਼ਕਲ ਹੋ ਜਾਣੀ ਹੈ। ਸੂਬੇ ਦੀਆਂ ਜੇਲ੍ਹਾਂ ਦੀ ਸਮਰੱਥਾ 26,904 ਬੰਦੀਆਂ ਦੀ ਹੈ ਅਤੇ ਇਨ੍ਹਾਂ ਜੇਲ੍ਹਾਂ ਵਿਚ ਸਮਰੱਥਾ ਤੋਂ ਕਰੀਬ ਚਾਰ ਹਜ਼ਾਰ ਬੰਦੀ ਵੱਧ ਬੰਦ ਹਨ।

ਸੂਤਰ ਦੱਸਦੇ ਹਨ ਕਿ ਜੇਲ੍ਹਾਂ ਵਿਚ ਵਿਚਾਰ ਅਧੀਨ ਬੰਦੀ ਜ਼ਿਆਦਾ ਹਨ ਅਤੇ ਇਨ੍ਹਾਂ ਵਿਚ ਐੱਨ.ਡੀ.ਪੀ.ਐੱਸ. ਕੇਸਾਂ ਵਾਲੇ ਬੰਦੀ ਜ਼ਿਆਦਾ ਹਨ। ਇਸ ਵੇਲੇ ਪੰਜਾਬ ਦੀਆਂ ਜੇਲ੍ਹਾਂ ਵਿਚ 1,548 ਔਰਤਾਂ ਵੀ ਬੰਦ ਹਨ। ਨਸ਼ਿਆਂ ਵਿਰੁੱਧ ਕੰਮ ਕਰਨ ਵਾਲੇ ਸਮਾਜਿਕ ਕਾਰਕੁੰਨ ਰੁਪਿੰਦਰਪਾਲ ਸਿੰਘ ਤਲਵੰਡੀ ਸਾਬੋ ਆਖਦੇ ਹਨ ਕਿ ਪੁਲਿਸ ਦੀ ਵਿਸ਼ੇਸ਼ ਮੁਹਿੰਮ ਨਾਲ ਜੇਲ੍ਹਾਂ ਵਿਚ ਬੰਦੀ ਤਾਂ ਵੱਧ ਜਾਂਦੇ ਹਨ ਪ੍ਰੰਤੂ ਬਹੁਤੇ ਬੰਦੀ ਕਾਨੂੰਨੀ ਖ਼ਾਮੀਆਂ ਕਰਕੇ ਜਲਦ ਜ਼ਮਾਨਤ 'ਤੇ ਬਾਹਰ ਆ ਜਾਂਦੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਰੋਕਣ ਵਾਸਤੇ ਬਹੁਪੱਖੀ ਰਣਨੀਤੀ ਤਿਆਰ ਕਰਨ ਦੀ ਲੋੜ ਹੈ। ਜੇ ਜੇਲ੍ਹਾਂ ਵਿਚ ਇਸੇ ਰਫ਼ਤਾਰ ਨਾਲ ਬੰਦੀਆਂ ਦਾ ਅੰਕੜਾ ਵਧਦਾ ਗਿਆ, ਤਾਂ ਜੇਲ੍ਹਾਂ ਦੇ ਪ੍ਰਬੰਧ ਛੋਟੇ ਪੈ ਜਾਣੇ ਹਨ। ਨਸ਼ਿਆਂ ਖ਼ਿਲਾਫ਼ ਮੁਹਿੰਮ ਦੇ ਵਜੋਂ ਵਕੀਲਾਂ ਦਾ ਕੰਮਕਾਰ ਵੀ ਵਧ ਗਿਆ ਹੈ। ਪਿਛਲੀਆਂ ਸਰਕਾਰਾਂ ਸਮੇਂ ਵੀ ਜਦੋਂ ਨਸ਼ਿਆਂ ਖ਼ਿਲਾਫ਼ ਲੋਕ ਆਵਾਜ਼ ਉੱਠਦੀ ਸੀ, ਤਾਂ ਬਾਕਾਇਦਾ ਇੱਕ ਵਿਸ਼ੇਸ਼ ਮੁਹਿੰਮ ਚਲਾਈ ਜਾਂਦੀ ਸੀ, ਜਿਸ ਤਹਿਤ ਵੱਧ ਤੋਂ ਵੱਧ ਕੇਸ ਦਰਜ ਕੀਤੇ ਜਾਂਦੇ ਸਨ। ਜਿਉਂ ਹੀ ਲੋਕਾਂ ਦਾ ਧਿਆਨ ਲਾਂਭੇ ਹੁੰਦਾ ਸੀ, ਤਾਂ ਮੁਹਿੰਮ ਆਪਣੇ ਆਪ ਫ਼ੌਤ ਹੋ ਜਾਂਦੀ ਸੀ। ਲੰਘੀਆਂ ਲੋਕ ਸਭਾ ਚੋਣਾਂ ਵਿਚ ਨਸ਼ੇ ਮੁੜ ਮੁੱਦਾ ਬਣ ਕੇ ਉੱਭਰੇ ਸਨ। ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਦੀਆਂ ਜੇਲ੍ਹਾਂ ਵਿਚ 24,956 ਬੰਦੀ ਹਨ, ਜਦੋਂਕਿ ਰਾਜਸਥਾਨ ਦੀਆਂ ਜੇਲ੍ਹਾਂ ਵਿਚ 24,067 ਬੰਦੀ ਹਨ। ਗੁਜਰਾਤ ਦੀਆਂ ਜੇਲ੍ਹਾਂ ਵਿਚ 18,235 ਬੰਦੀ ਹਨ। ਦੇਸ਼ 'ਤੇ ਨਜ਼ਰ ਮਾਰੀਏ, ਤਾਂ ਸਭ ਤੋਂ ਵੱਧ ਜੇਲ੍ਹਾਂ ਵਿਚ ਬੰਦੀ ਉੱਤਰ ਪ੍ਰਦੇਸ਼ ਵਿਚ ਹਨ, ਜਿੱਥੇ ਜੇਲ੍ਹਾਂ ਵਿਚ 88,876 ਬੰਦੀ ਹਨ, ਜਦੋਂ ਕਿ ਦੂਜੇ ਨੰਬਰ 'ਤੇ ਬਿਹਾਰ ਦੀਆਂ ਜੇਲ੍ਹਾਂ ਵਿਚ 47,934 ਬੰਦੀ ਹਨ। ਤੀਜਾ ਨੰਬਰ ਮੱਧ ਪ੍ਰਦੇਸ਼ ਦਾ ਹੈ, ਜਿੱਥੋਂ ਦੀਆਂ ਜੇਲ੍ਹਾਂ ਵਿਚ 46900 ਬੰਦੀ ਹਨ। ਮਹਾਰਾਸ਼ਟਰ ਦੀਆਂ ਜੇਲ੍ਹਾਂ ਵਿਚ 42224 ਬੰਦੀ ਹਨ, ਜਿਸ ਦਾ ਚੌਥਾ ਨੰਬਰ ਹੈ। ਪੰਜਵੇਂ ਨੰਬਰ 'ਤੇ ਪੰਜਾਬ ਆਉਂਦਾ ਹੈ, ਜਿੱਥੇ ਜੇਲ੍ਹਾਂ ਵਿਚ 31607 ਬੰਦੀ ਹਨ।

ਵੇਰਵਿਆਂ ਅਨੁਸਾਰ ਪੰਜਾਬ ਦੀਆਂ ਜੇਲ੍ਹਾਂ ਵਿਚ ਵੱਡੀ ਗਿਣਤੀ ਨੌਜਵਾਨ ਬੰਦੀ ਹਨ, ਜੋ ਇੱਕ ਚਿੰਤਾਜਨਕ ਵਿਸ਼ਾ ਵੀ ਹੈ।

# ਬਰਨਾਲਾ ਵਿਖੇ ਨਿਹੰਗ ਸਿੰਘ ਦਾ ਬੇਰਹਿਮੀ ਨਾਲ ਕਤਲ

**ਬਰਨਾਲਾ (ਪੰਜਾਬ ਮੇਲ)-** ਨੇੜਲੇ ਪਿੰਡ ਕਾਹਨੇਕੇ ਵਿਖੇ ਘਰ 'ਚ ਸੁੱਤੇ ਨਿਹੰਗ ਸਿੰਘ ਦਾ ਅਣਪਛਾਤੇ ਵਿਅਕਤੀਆਂ ਨੇ ਕਤਲ ਕਰ ਦਿੱਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਨਿਹੰਗ ਸਿੰਘ ਗਿਆਨੀ ਗੁਰਦਿਆਲ ਸਿੰਘ ਉਰਫ਼ ਜਸਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਕਾਹਨੇਕੇ ਆਪਣੇ ਘਰ 'ਚ ਬਣਾਈ ਨਿਹੰਗ ਛਾਉਣੀ ਵਿਚ ਰਾਤ ਸਮੇਂ ਸੁੱਤਾ ਪਿਆ ਸੀ, ਜਿਸ ਦਾ ਅਣਪਛਾਤੇ ਵਿਅਕਤੀਆਂ ਨੇ ਬੇਰਹਿਮੀ ਨਾਲ ਗਲੇ ਅਤੇ ਮੂੰਹ 'ਤੇ ਤੇਜ਼ਧਾਰ ਹਥਿਆਰਾਂ ਦੇ ਵਾਰ ਕਰਕੇ ਕਤਲ ਕਰ ਦਿੱਤਾ।

ਇਸ ਘਟਨਾ ਦਾ ਪਤਾ ਲੋਕਾਂ ਨੂੰ ਸਵੇਰੇ ਲੱਗਿਆ, ਜਦੋਂ ਤੜਕਸਾਰ ਘਰ ਦੇ ਵੇਹੜੇ ਵਿਚ ਖ਼ੂਨ ਨਾਲ ਭਿੱਜੀ ਲਾਸ਼ ਮਿਲੀ। ਮ੍ਰਿਤਕ ਦੇ ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਗੁਰਦਿਆਲ ਸਿੰਘ ਪਿਛਲੇ 25 ਸਾਲਾਂ ਤੋਂ ਪਿੰਡ ਵਿਚ ਆਪਣੇ ਬਣਾਏ ਮਕਾਨ ਵਿਚ ਛਾਉਣੀ ਬਣਾ ਕੇ ਇਕੱਲਾ ਰਹਿੰਦਾ ਸੀ। ਉਹ ਗੁਰਬਾਣੀ ਦਾ ਪਾਠ ਵੀ ਸਿਖਾਉਂਦਾ ਸੀ। ਪਰਿਵਾਰ ਨੇ ਕਤਲ ਕਰਨ ਵਾਲੇ ਮੁਲਜ਼ਮਾਂ ਦੇ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਦੱਸਣਯੋਗ ਹੈ ਕਿ ਇਸ ਪਿੰਡ ਵਿਚ ਪਹਿਲਾਂ ਵੀ ਚੱਲਦਾ ਵਹੀਰ ਬੁੱਢਾ ਦਲ ਘੋੜਿਆਂ ਦੇ ਜਥੇਦਾਰ ਬਹਾਦਰ ਸਿੰਘ ਦਾ ਵੀ ਪਿੰਡ ਦੀ ਧਰਮਸ਼ਾਲਾ ਵਿਚ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਥਾਣਾ ਰੂੜੇਕੇ ਕਲਾਂ ਨੇ ਜਰਨੈਲ ਸਿੰਘ ਪੁੱਤਰ ਭਰਪੂਰ ਸਿੰਘ ਵਾਸੀ ਕਾਹਨੇਕੇ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਅਕਾਲੀ ਦਲ (ਅ) ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਦੀ ਮੰਗ



ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦੇ ਹੋਏ ਅਕਾਲੀ ਦਲ (ਅ) ਦੇ ਆਗੂ।

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕੇਂਦਰ ਸਰਕਾਰ ਕੋਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਮੰਗ ਕੀਤੀ ਹੈ। ਪ੍ਰੈੱਸ ਕਾਨਫਰੰਸ ਦੌਰਾਨ ਜਨਰਲ ਸਕੱਤਰ ਹਰਪਾਲ ਸਿੰਘ ਬਲੇਰ ਨੇ ਕਿਹਾ ਕਿ ਪਿਛਲੇ 13 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਹੀਂ ਕਰਵਾਈਆਂ ਗਈਆਂ। ਇਹ ਚੋਣ ਸਿੱਖ ਕੌਮ ਦਾ ਹੱਕ ਹੈ, ਜਿਸ ਤੋਂ ਉਨ੍ਹਾਂ ਨੂੰ ਵਾਂਝਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਸੰਸਦ ਮੈਂਬਰ ਕੰਗਨਾ ਰਣੌਤ ਦੇ ਪੰਜਾਬੀਆਂ ਨੂੰ ਥੱਪੜ ਮਾਰਨ ਦੇ ਬਿਆਨ ਅਤੇ ਦਰਬਾਰ ਸਾਹਿਬ ਵਿਖੇ ਯੋਗ ਕਰਨ ਆਈ ਮਹਿਲਾ 'ਤੇ ਵੀ ਤਿੱਖਾ ਪ੍ਰਤੀਕਰਮ ਦਿੱਤਾ ਹੈ। ਇਸ ਮੌਕੇ ਈਮਾਨ ਸਿੰਘ ਮਾਨ ਨੇ ਸੂਬਾ ਸਰਕਾਰ 'ਤੇ ਹਮਲਾ ਬੋਲਦਿਆਂ ਕਿਹਾ ਕਿ 'ਆਪ' ਸਰਕਾਰ ਝੂਠ ਬੋਲ ਕੇ ਸੱਤਾ ਵਿਚ ਆਈ ਹੈ। ਇਸ ਮੌਕੇ ਬਾਬਾ ਲਹਿਣਾ ਸਿੰਘ ਨੇ ਅੰਮ੍ਰਿਤਪਾਲ ਸਿੰਘ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਿਆਂ ਕਿਹਾ ਕਿ ਉਸ ਨੂੰ ਸਹੁੰ ਨਾ ਚੁਕਵਾਉਣ ਦਾ ਮਾਮਲਾ ਸਮੁੱਚੀਆਂ ਪਾਰਟੀਆਂ ਨੂੰ ਇਕਜੁੱਟ ਹੋ ਕੇ ਉਭਾਰਨਾ ਚਾਹੀਦਾ ਹੈ।


**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਬੀ.ਸੀ. ਵਿੰਗ ਦੇ ਅਹੁਦੇਦਾਰਾਂ ਵੱਲੋਂ ਸੁਖਬੀਰ ਦੀ ਪ੍ਰਧਾਨਗੀ ਕਬੂਲ

## 106 ਮੈਂਬਰਾਂ ਵੱਲੋਂ ਪਾਰਟੀ ਪ੍ਰਧਾਨ ਦੀ ਪੁਰਜ਼ੋਰ ਹਮਾਇਤ



**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ 'ਚ ਪੈਦਾ ਹੋਈ ਖਾਨਾਜੰਗੀ ਦਰਮਿਆਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਮੀਟਿੰਗਾਂ ਦੇ ਸ਼ੁਰੂ ਕੀਤੇ ਸਿਲਸਿਲੇ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਪਾਰਟੀ ਦੇ ਬੀ.ਸੀ. ਵਿੰਗ ਦੇ ਅਹੁਦੇਦਾਰਾਂ ਤੇ ਮੈਂਬਰਾਂ ਨਾਲ ਮੀਟਿੰਗ ਕੀਤੀ। ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਬੀ.ਸੀ. ਵਿੰਗ ਦੇ ਅਹੁਦੇਦਾਰਾਂ ਨੇ ਵੀ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲਣ ਦਾ ਭਰੋਸਾ ਦਿੱਤਾ ਹੈ। ਇਸ ਮੀਟਿੰਗ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਵੀ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਮੀਟਿੰਗ ਮਗਰੋਂ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਮੀਟਿੰਗ 93 ਮੈਂਬਰ ਨਿੱਜੀ ਤੌਰ 'ਤੇ ਹਾਜ਼ਰ ਸਨ। ਉਨ੍ਹਾਂ ਕਿਹਾ ਕਿ 6 ਮੈਂਬਰ ਵਿਦੇਸ਼ ਗਏ ਹੋਏ ਹਨ ਤੇ 5 ਸਿਹਤ ਠੀਕ ਨਾ ਹੋਣ ਕਾਰਨ ਆ ਨਹੀਂ ਸਕੇ, ਜਦੋਂਕਿ 2 ਮੈਂਬਰਾਂ ਦੇ ਪਰਿਵਾਰਕ ਰੁਝੇਵਿਆਂ ਕਾਰਨ ਉਹ ਮੀਟਿੰਗ ਵਿਚ ਨਹੀਂ ਆ ਸਕੇ। ਇਸ ਤਰੀਕੇ ਕੁੱਲ 106 ਮੈਂਬਰਾਂ ਨੇ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ 'ਚ ਪੂਰਨ ਭਰੋਸਾ ਪ੍ਰਗਟਾਇਆ ਹੈ। ਉਨ੍ਹਾਂ ਦੱਸਿਆ ਕਿ ਮੀਟਿੰਗ 'ਚ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਲਿਸਟਾਂ ਤਿਆਰ ਕਰਨ ਦਾ ਮਸਲਾ ਵੀ ਵਿਚਾਰਿਆ ਗਿਆ। ਮੈਂਬਰਾਂ ਨੇ ਇਸ ਗੱਲ 'ਤੇ ਚਿੰਤਾ ਜ਼ਾਹਰ ਕੀਤੀ ਕਿ ਦੋ ਅੰਮ੍ਰਿਤਧਾਰੀ ਬੀਬੀਆਂ ਨੂੰ ਰਾਜਸਥਾਨ ਜੁਡੀਸ਼ੀਅਨ ਸਰਵਿਸਿਜ਼ ਪ੍ਰੀਖਿਆ ਨਹੀਂ ਦੇਣ ਦਿੱਤੀ ਗਈ। ਉਨ੍ਹਾਂ ਨੇ ਸਿੱਖ ਕੌਮ ਤੇ ਇਨ੍ਹਾਂ ਦੇ ਧਾਰਮਿਕ ਕੱਕਾਰਾਂ ਪ੍ਰਤੀ ਇਸ ਤਰੀਕੇ ਦੀ ਬੇਰੁਖ਼ੀ ਵਿਖਾਉਣ ਲਈ ਸਬੰਧਤ ਅਧਿਕਾਰੀਆਂ ਦੀ ਸਖ਼ਤ ਨਿਖੇਧੀ ਕੀਤੀ।

ਮੈਂਬਰਾਂ ਨੇ ਹਰਿਆਣਾ 'ਚ ਸਿੱਖ ਨੌਜਵਾਨ ਦੀ ਬੇਰਹਿਮੀ ਨਾਲ ਕੁੱਟਮਾਰ ਤੇ ਹਿਮਾਚਲ ਪ੍ਰਦੇਸ਼ ਵਿਚ ਵੀ ਪੰਜਾਬੀਆਂ ਨਾਲ ਵਧੀਕੀਆਂ ਕਰਨ ਦੀ ਸਖ਼ਤ ਨਿਖੇਧੀ ਕੀਤੀ। ਮੈਂਬਰਾਂ ਨੇ ਸਬੰਧਤ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਮਾਮਲੇ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਕਿਹਾ ਕਿ ਸਿੱਖ ਕੌਮ ਹਮੇਸ਼ਾ ਹੋਰਨਾਂ ਦੇ ਹੱਕਾਂ ਦੀ ਰਾਖੀ ਵਾਸਤੇ ਜਾਣੀ ਜਾਂਦੀ ਰਹੀ ਹੈ। ਬਾਗੀਆਂ 'ਤੇ ਵਰ੍ਹਦਿਆਂ ਡਾ. ਚੀਮਾ ਨੇ ਕਿਹਾ ਕਿ ਸੁਰਜੀਤ ਕੌਰ ਦੇ 'ਆਪ' ਵਿਚ ਸ਼ਾਮਲ ਹੋਣ ਤੋਂ ਸਪਸ਼ਟ ਹੈ ਕਿ ਬਾਗ਼ੀ ਸਿਰਫ਼ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨਾ ਚਾਹੁੰਦੇ ਸਨ ਤੇ ਉਨ੍ਹਾਂ ਦਾ ਚੋਣਾਂ ਲੜਨ ਦਾ ਕੋਈ ਇਰਾਦਾ ਨਹੀਂ ਸੀ। ਉਨ੍ਹਾਂ ਕਿਹਾ ਕਿ ਦੂਜੇ ਪਾਸੇ ਪਾਰਟੀ ਮਾਮਲੇ ਵਿਚ ਸੰਜੀਦਾ ਸੀ, ਇਸੇ ਲਈ ਇਸਨੇ ਬਸਪਾ ਦੀ ਹਮਾਇਤ ਦਾ ਫ਼ੈਸਲਾ ਲਿਆ ਸੀ।

# ਬਾਇਡਨ ਨੂੰ ਰਾਸ਼ਟਰਪਤੀ ਅਹੁਦੇ ਤੋਂ ਹਟਾਉਣ ਨਾਲ ਪੱਛਮੀ ਦੇਸ਼ਾਂ 'ਚ ਆਏਗੀ ਸਥਿਰਤਾ ਦੀ ਘਾਟ: ਨਾਟੋ

**ਮਾਸਕੋ, (ਪੰਜਾਬ ਮੇਲ)-** ਨਾਟੋ ਸਹਿਯੋਗੀਆਂ ਨੂੰ ਡਰ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਸਥਾਨ 'ਤੇ ਡੈਮੋਕ੍ਰੇਟਿਕ ਪਾਰਟੀ ਦੇ ਕਿਸੇ ਹੋਰ ਉਮੀਦਵਾਰ ਨੂੰ ਲਿਆਉਣ ਨਾਲ ਪੱਛਮੀ ਦੇਸ਼ਾਂ 'ਚ ਸਥਿਰਤਾ ਦੀ ਘਾਟ ਆਏਗੀ। ਸੀ.ਐੱਨ.ਐੱਨ. ਨੇ ਇਹ ਜਾਣਕਾਰੀ ਸੋਮਵਾਰ ਨੂੰ ਦਿੱਤੀ। ਰਿਪੋਰਟ 'ਚ ਐਤਵਾਰ ਨੂੰ ਕਿਹਾ ਗਿਆ ਕਿ ਇਹ ਚੀਨ ਅਤੇ ਰੂਸ ਨੂੰ ਅਮਰੀਕੀ ਲੋਕਤੰਤਰੀ ਪ੍ਰਣਾਲੀ ਨੂੰ ਕਮਜ਼ੋਰ ਦਿਖਾਉਣ ਅਤੇ ਪੱਛਮ ਦੇ ਵਿਰੋਧੀ ਦੇਸ਼ਾਂ ਵਲੋਂ ਪ੍ਰਚਾਰ ਪ੍ਰਸਾਰ ਦੇ ਨਾਲ-ਨਾਲ ਪੱਛਮੀ ਸਹਿਯੋਗੀਆਂ ਵਿਚਾਲੇ ਅਸਹਿਮਤੀ ਦੇ ਮੌਕੇ ਪੈਦਾ ਕਰਨ ਦੀ ਮਨਜ਼ੂਰੀ ਦੇਵੇਗਾ।

ਨਿਊਯਾਰਕ ਟਾਈਮਜ਼ ਦੇ ਸੰਪਾਦਕੀ 'ਚ ਸ਼ੁੱਕਰਵਾਰ ਨੂੰ ਲਿਖਿਆ ਗਿਆ ਕਿ ਪਹਿਲੀ ਰਾਸ਼ਟਰਪਤੀ ਬਹਿਸ 'ਚ ਖ਼ਰਾਬ ਪ੍ਰਦਰਸ਼ਨ ਤੋਂ ਬਾਅਦ ਬਾਇਡਨ ਨੂੰ ਆਪਣੀ ਰਾਸ਼ਟਰਪਤੀ ਮੁਹਿੰਮ ਨੂੰ ਮੁਅੱਤਲ ਕਰ ਦੇਣਾ ਚਾਹੀਦਾ ਅਤੇ ਇਕ ਨਵੇਂ ਡੈਮੋਕ੍ਰੇਟਿਕ ਉਮੀਦਵਾਰ ਨੂੰ ਉਨ੍ਹਾਂ ਦੀ ਜਗ੍ਹਾ ਲੈਣੀ ਚਾਹੀਦੀ ਹੈ। ਇਸ ਵਿਚ, ਬਾਇਡਨ ਨੇ ਸਵੀਕਾਰ ਕੀਤਾ ਕਿ ਅਟਲਾਂਟਾ 'ਚ ਹੋਈ ਬਹਿਸ 'ਚ ਉਨ੍ਹਾਂ ਦਾ ਪ੍ਰਦਰਸ਼ਨ ਖ਼ਰਾਬ ਰਿਹਾ ਪਰ ਉਨ੍ਹਾਂ ਨੇ ਜਨਤਾ ਨੂੰ ਭਰੋਸਾ ਦਿੱਤਾ ਕਿ ਉਹ ਮੁੜ ਚੁਣੇ ਜਾਣ ਦੀ ਬੋਲੀ ਨੂੰ ਖ਼ਤਮ ਨਹੀਂ ਕਰਨਗੇ। ਅਮਰੀਕੀ ਰਾਸ਼ਟਰਪਤੀ ਚੋਣਾਂ ਨਵੰਬਰ 2024 'ਚ ਹੋਣੀਆਂ ਹਨ। ਬੈਲਟ ਪੇਪਰ 'ਤੇ ਮੁੱਖ ਦਾਅਵੇਦਾਰ ਬਾਇਡਨ ਅਤੇ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹਨ, ਜਿਨ੍ਹਾਂ ਨੇ ਆਪਣੇ ਸੰਬੰਧਤ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਪਾਰਟੀਆਂ ਦੇ ਸੰਭਾਵਿਤ ਉਮੀਦਵਾਰ ਬਣਨ ਲਈ ਪ੍ਰਤੀਨਿਧੀਆਂ ਦੇ ਵੋਟ ਜਿੱਤੇ ਹਨ। ਟਰੰਪ ਅਤੇ ਬਾਇਡਨ ਦੀ 10 ਸਤੰਬਰ ਨੂੰ ਮੁੜ ਬਹਿਸ ਹੋਵੇਗੀ।

# ਪੈਰਿਸ ਸਮਝੌਤੇ ਇਕ ਧੋਖਾ ਸੀ; ਟਰੰਪ ਵੱਲੋਂ ਭਾਰਤ, ਚੀਨ ਅਤੇ ਰੂਸ 'ਤੇ ਗੰਭੀਰ ਦੋਸ਼

**ਅਟਲਾਂਟਾ, (ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ 2017 'ਚ ਇਤਿਹਾਸਕ ਪੈਰਿਸ ਜਲਵਾਯੂ ਸਮਝੌਤੇ ਤੋਂ ਇਸ ਲਈ ਬਾਹਰ ਨਿਕਲਣ ਦਾ ਫ਼ੈਸਲਾ ਕੀਤਾ, ਕਿਉਂਕਿ ਇਹ ਇਕ ਧੋਖਾ ਸੀ, ਜਿਸ ਨਾਲ ਵਾਸ਼ਿੰਗਟਨ ਨੂੰ ਇਕ ਖਰਬ ਅਮਰੀਕੀ ਡਾਲਰ ਦਾ ਨੁਕਸਾਨ ਹੁੰਦਾ। ਉਨ੍ਹਾਂ ਦਾਅਵਾ ਕੀਤਾ ਕਿ ਭਾਰਤ, ਚੀਨ ਅਤੇ ਰੂਸ ਇਸ ਲਈ ਭੁਗਤਾਨ ਨਹੀਂ ਕਰ ਰਹੇ ਸਨ। ਰਿਪਬਲਿਕਨ ਪਾਰਟੀ ਵਲੋਂ ਰਾਸ਼ਟਰਪਤੀ ਅਹੁਦੇ ਦੇ ਸੰਭਾਵਿਤ ਉਮੀਦਵਾਰ ਟਰੰਪ ਨੇ ਵੀਰਵਾਰ ਨੂੰ ਆਪਣੇ ਡੈਮੋਕ੍ਰਟਿਕ ਪਾਰਟੀ ਦੇ ਮੁਕਾਬਲੇਬਾਜ਼ ਰਾਸ਼ਟਰਪਤੀ ਜੋਅ ਬਾਇਡਨ ਨਾਲ ਰਾਸ਼ਟਰਪਤੀ ਅਹੁਦੇ ਦੀ ਚੋਣ ਪ੍ਰਕਿਰਿਆ ਦੀ ਪਹਿਲੀ ਬਹਿਸ ਦੌਰਾਨ ਇਹ ਦਾਅਵੇ ਕੀਤੇ।

ਇਸ ਦੌਰਾਨ ਦੋਹਾਂ ਨੇਤਾਵਾਂ ਵਿਚਾਲੇ ਅਰਥਵਿਵਸਥਾ, ਸਰਹੱਦ, ਵਿਦੇਸ਼ ਨੀਤੀ, ਗਰਭਪਾਤ, ਰਾਸ਼ਟਰੀ ਸੁਰੱਖਿਆ ਦੀ ਸਥਿਤੀ ਅਤੇ ਜਲਵਾਯੂ ਪਰਿਵਰਤਨ 'ਤੇ ਬਹਿਸ ਹੋਈ। ਵੀਰਵਾਰ ਰਾਤ ਨੂੰ ਲਗਭਗ 90 ਮਿੰਟ ਹੋਈ ਬਹਿਸ ਦੌਰਾਨ 78 ਸਾਲਾ ਟਰੰਪ ਨੇ ਦਾਅਵਾ ਕੀਤਾ ਕਿ ਪੈਰਿਸ ਜਲਵਾਯੂ ਸਮਝੌਤੇ 'ਤੇ ਇਕ ਖਰਬ ਅਮਰੀਕੀ ਡਾਲਰ ਖਰਚ ਹੁੰਦੇ ਹਨ ਅਤੇ ਅਮਰੀਕਾ ਹੀ ਇਕ ਮਾਤਰ ਅਜਿਹਾ ਦੇਸ਼ ਸੀ, ਜਿਸ ਨੂੰ ਇਸ ਦਾ ਭੁਗਤਾਨ ਕਰਨਾ ਪੈਂਦਾ। ਇਸ ਨੂੰ ਇਕ ਧੋਖਾ ਦੱਸਦੇ ਹੋਏ ਟਰੰਪ ਨੇ ਕਿਹਾ ਕਿ ਚੀਨ, ਭਾਰਤ ਅਤੇ ਰੂਸ ਇਸ ਦਾ ਭੁਗਤਾਨ ਨਹੀਂ ਕਰ ਰਹੇ ਸਨ। ਸਾਲ 2017 'ਚ ਸਾਬਕਾ ਰਾਸ਼ਟਰਪਤੀ ਟਰੰਪ ਨੇ ਅਮਰੀਕਾ ਨੂੰ 2015 ਦੇ ਪੈਰਿਸ ਜਲਵਾਯੂ ਸਮਝੌਤੇ ਤੋਂ ਇਹ ਕਹਿੰਦੇ ਹੋਏ ਬਾਹਰ ਕੱਢ ਲਿਆ ਸੀ ਕਿ ਗਲੋਬਲ ਤਾਪਮਾਨ ਨੂੰ 2 ਡਿਗਰੀ ਸੈਲਸੀਅਸ ਤੋਂ ਹੇਠਾਂ ਰੱਖਣ ਦਾ ਅੰਤਰਰਾਸ਼ਟਰੀ ਸਮਝੌਤਾ ਅਮਰੀਕੀ ਮਜ਼ਦੂਰਾਂ ਲਈ ਨੁਕਸਾਨਦੇਹ ਸੀ। ਪੈਰਿਸ ਸਮਝੌਤੇ ਦੇ ਅਧੀਨ ਅਮਰੀਕਾ ਅਤੇ ਹੋਰ ਵਿਕਸਿਤ ਦੇਸ਼ਾਂ ਨੇ ਸਮੂਹਿਕ ਰੂਪ ਨਾਲ 2020 ਤੱਕ ਹਰ ਸਾਲ 100 ਅਰਬ ਅਮਰੀਕੀ ਡਾਲਰ ਦਾ ਯੋਗਦਾਨ ਦੇਣ ਦੀ ਵਚਨਬੱਧਤਾ ਜਤਾਈ ਸੀ, ਤਾਂ ਕਿ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਸਮੁੰਦਰ ਦੇ ਪੱਧਰ 'ਚ ਵਾਧੇ ਅਤੇ ਗਰਮੀ ਦੇ ਵਿਗੜਦੇ ਹਾਲਾਤ ਵਰਗੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨਾਲ ਤਾਲਮੇਲ ਬਿਠਾਉਣ 'ਚ ਮਦਦ ਮਿਲ ਸਕੇ।



# ਕਰਤਾਰਪੁਰ ਸਾਹਿਬ 'ਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ

**ਲਹਿੰਦੇ ਪੰਜਾਬ ਦੇ ਪਹਿਲੇ ਸਿੱਖ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕੀਤਾ ਬੁੱਤ ਦਾ ਉਦਘਾਟਨ**



ਕਰਤਾਰਪੁਰ ਸਾਹਿਬ 'ਚ ਸਥਾਪਤ ਕੀਤਾ ਗਿਆ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ।

**ਲਾਹੌਰ, (ਪੰਜਾਬ ਮੇਲ)-** ਸਿੱਖ ਸਾਮਰਾਜ ਦੇ ਪਹਿਲੇ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੇ ਕਰਤਾਰਪੁਰ ਸਾਹਿਬ 'ਚ ਸਥਾਪਤ ਕੀਤੇ ਗਏ ਬੁੱਤ ਤੋਂ 450 ਤੋਂ ਵੱਧ ਭਾਰਤੀ ਸਿੱਖਾਂ ਦੀ ਹਾਜ਼ਰੀ ਵਿਚ ਪਰਦਾ ਹਟਾਇਆ ਗਿਆ। ਪਾਕਿਸਤਾਨ ਤੇ ਭਾਰਤ ਦੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਮਹਾਰਾਜਾ ਦੇ ਬੁੱਤ ਦੇ ਸਾਹਮਣੇ ਤਸਵੀਰਾਂ ਖਿਚਵਾਈਆਂ। ਪੰਜਾਬ ਦੇ ਪਹਿਲੇ ਸਿੱਖ ਮੰਤਰੀ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਬੁੱਤ ਦਾ ਉਦਘਾਟਨ ਕੀਤਾ। ਅਰੋੜਾ ਨੇ ਦੱਸਿਆ, "ਅਸੀਂ ਸਥਾਨਕ ਲੋਕਾਂ ਤੇ ਭਾਰਤੀ ਸਿੱਖਾਂ ਦੀ ਹਾਜ਼ਰੀ ਵਿਚ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ 'ਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ ਕੀਤਾ ਹੈ।" ਪੀ.ਐੱਮ.ਐੱਲ.-ਐੱਨ. ਦੇ 44 ਸਾਲਾ ਆਗੂ ਨੇ ਕਿਹਾ ਕਿ ਮੁੜ ਸਥਾਪਤ ਬੁੱਤ ਮੁੱਖ ਤੌਰ 'ਤੇ ਕਰਤਾਰਪੁਰ ਸਾਹਿਬ 'ਚ ਰੱਖਿਆ ਗਿਆ ਹੈ, ਤਾਂ ਜੋ ਗਲਿਆਰੇ ਰਾਹੀਂ ਸਰਹੱਦ ਪਾਰੋਂ ਇਥੇ ਆਉਣ ਵਾਲੇ ਭਾਰਤੀ ਸਿੱਖ ਵੀ ਇਸ ਨੂੰ ਦੇਖ ਸਕਣ। ਉਨ੍ਹਾਂ ਕਿਹਾ ਕਿ ਇਸ ਬੁੱਤ ਲਈ ਬਿਹਤਰ ਸੁਰੱਖਿਆ ਯਕੀਨੀ ਬਣਾਈ ਜਾਵੇਗੀ। ਜ਼ਿਕਰਯੋਗ ਹੈ ਕਿ ਮਹਾਰਾਜਾ ਸਿੰਘ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਪਿਛਲੇ ਹਫ਼ਤੇ ਭਾਰਤ ਤੋਂ ਇੱਥੇ ਪੁੱਜਿਆ 455 ਸਿੱਖਾਂ ਦਾ ਜਥਾ ਵੀ ਉਦਘਾਟਨੀ ਸਮਾਗਮ ਵਿਚ ਸ਼ਾਮਲ ਹੋਇਆ। ਮਹਾਰਾਜਾ ਦਾ ਨੌਂ ਫੁੱਟ ਉੱਚਾ ਬੁੱਤ ਪਹਿਲਾਂ 2019 ਵਿਚ ਲਾਹੌਰ ਕਿਲੇ ਨੇੜੇ ਉਨ੍ਹਾਂ ਦੀ ਸਮਾਧ 'ਤੇ ਸਥਾਪਤ ਕੀਤਾ ਗਿਆ ਸੀ, ਜਿਸ ਨੂੰ ਤਹਿਰੀਕ-ਏ-ਲਬਾਇਕ ਪਾਕਿਸਤਾਨ ਦੇ ਕਾਰਕੁਨਾਂ ਨੇ ਦੋ ਵਾਰ ਨੁਕਸਾਨ ਪਹੁੰਚਾਇਆ ਸੀ।

## ਆਸਟਰੇਲੀਆ ਤੋਂ ਦਿੱਲੀ ਜਾ ਰਹੇ ਜਹਾਜ਼ 'ਚ ਪੰਜਾਬੀ ਮੁਟਿਆਰ ਦੀ ਮੌਤ

**ਮੈਲਬੌਰਨ, (ਪੰਜਾਬ ਮੇਲ)-** ਕੁਆਂਟਾਸ ਦੀ ਉਡਾਣ ਵਿਚ ਮੈਲਬੌਰਨ ਤੋਂ ਨਵੀਂ



ਦਿੱਲੀ ਜਾਣ ਲਈ ਸਵਾਰ ਹੋਈ 24 ਵਰ੍ਹਿਆਂ ਦੀ ਇੱਕ ਭਾਰਤੀ ਲੜਕੀ ਦੀ ਹਾਲਤ ਵਿਗੜਨ ਕਾਰਨ ਜਹਾਜ਼ 'ਚ ਹੀ ਮੌਤ ਹੋ ਗਈ, ਜੋ ਕਿ ਟੀ.ਬੀ. ਤੋਂ ਪੀੜਤ ਸੀ। ਸੋਮਵਾਰ ਨੂੰ ਇਕ ਮੀਡੀਆ ਖ਼ਬਰ 'ਚ ਇਹ ਜਾਣਕਾਰੀ ਦਿੱਤੀ ਗਈ।

ਮ੍ਰਿਤਕਾ ਦੀ ਪਛਾਣ ਮਨਪ੍ਰੀਤ ਕੌਰ ਵਜੋਂ ਹੋਈ ਹੈ, ਜੋ ਸ਼ੈੱਫ ਬਣਨਾ ਚਾਹੁੰਦੀ ਸੀ। ਉਹ 20 ਜੂਨ ਨੂੰ ਮੈਲਬੌਰਨ ਤੋਂ ਦਿੱਲੀ ਜਾਣ ਲਈ ਜਹਾਜ਼ 'ਚ ਸਵਾਰ ਹੋਈ। ਜਾਣਕਾਰੀ ਮੁਤਾਬਕ ਮਨਪ੍ਰੀਤ ਹਵਾਈ ਅੱਡੇ 'ਤੇ ਪਹੁੰਚਣ ਤੋਂ ਬਾਅਦ ਠੀਕ ਮਹਿਸੂਸ ਨਹੀਂ ਕਰ ਰਹੀ ਸੀ ਤੇ ਜਹਾਜ਼ ਵਿਚ ਉਸ ਦੀ ਮੌਤ ਹੋ ਗਈ। ਮਨਪ੍ਰੀਤ ਦੇ ਇੱਕ ਦੋਸਤ ਅਨੁਸਾਰ ਉਹ (ਮਨਪ੍ਰੀਤ) ਮਾਰਚ 2020 ਵਿਚ ਆਸਟਰੇਲੀਆ ਆਉਣ ਮਗਰੋਂ ਪਹਿਲੀ ਵਾਰ ਆਪਣੇ ਮਾਪਿਆਂ ਨੂੰ ਮਿਲਣ ਭਾਰਤ ਜਾ ਰਹੀ ਸੀ। ਉਸ ਨੇ ਦੱਸਿਆ ਕਿ ਜਦੋਂ ਮਨਪ੍ਰੀਤ ਆਪਣੀ ਸੀਟ ਬੈਲਟ ਬੰਨ੍ਹਣ ਲੱਗੀ, ਤਾਂ ਉਹ ਫਰਸ਼ 'ਤੇ ਡਿੱਗ ਪਈ ਅਤੇ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ।

## ਪਾਕਿਸਤਾਨ ਨੇ 1965, 1971 ਦੀਆਂ ਜੰਗਾਂ ਦੇ ਲਾਪਤਾ ਰੱਖਿਆ ਕਰਮਚਾਰੀਆਂ ਦੀ ਸੂਚੀ ਭਾਰਤ ਨੂੰ ਸੌਂਪੀ

**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਨੇ ਸੋਮਵਾਰ ਨੂੰ ਭਾਰਤ ਨੂੰ 1965 ਅਤੇ 1971 ਦੀਆਂ ਜੰਗਾਂ 'ਚ ਲਾਪਤਾ ਹੋਏ ਰੱਖਿਆ ਕਰਮਚਾਰੀਆਂ ਦੀ ਸੂਚੀ ਸੌਂਪ ਦਿੱਤੀ ਹੈ। ਇਸ ਤੋਂ ਇਲਾਵਾ, ਦੋਵਾਂ ਦੇਸ਼ਾਂ ਨੇ ਇਕ ਦੂਜੇ ਦੀ ਹਿਰਾਸਤ ਵਿਚ ਨਾਗਰਿਕ ਕੈਦੀਆਂ ਅਤੇ ਮਛੇਰਿਆਂ ਦੀਆਂ ਸੂਚੀਆਂ ਦਾ ਆਦਾਨ-ਪ੍ਰਦਾਨ ਕੀਤਾ। ਵਿਦੇਸ਼ ਵਿਭਾਗ ਨੇ ਇਹ ਜਾਣਕਾਰੀ ਦਿੱਤੀ।

ਇੱਕ ਬਿਆਨ ਵਿਚ ਕਿਹਾ ਗਿਆ ਹੈ ਕਿ ਭਾਰਤ ਅਤੇ ਪਾਕਿਸਤਾਨ ਨੇ ਸੋਮਵਾਰ ਨੂੰ ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿਚ ਇੱਕੋ ਸਮੇਂ ਕੂਟਨੀਤਕ ਚੈਨਲਾਂ ਰਾਹੀਂ ਇੱਕ ਦੂਜੇ ਦੀ ਹਿਰਾਸਤ ਵਿਚ ਨਾਗਰਿਕ ਕੈਦੀਆਂ ਅਤੇ ਮਛੇਰਿਆਂ ਦੀਆਂ ਸੂਚੀਆਂ ਦਾ ਆਦਾਨ-ਪ੍ਰਦਾਨ ਕੀਤਾ। ਵਿਦੇਸ਼ ਦਫ਼ਤਰ ਨੇ ਇੱਕ ਬਿਆਨ ਵਿਚ ਕਿਹਾ, "ਪਾਕਿਸਤਾਨ ਨੇ 38 ਲਾਪਤਾ ਪਾਕਿਸਤਾਨੀ ਰੱਖਿਆ ਕਰਮਚਾਰੀਆਂ ਦੀ ਇੱਕ ਸੂਚੀ ਵੀ ਸੌਂਪੀ ਹੈ, ਜੋ ਮੰਨਿਆ ਜਾਂਦਾ ਹੈ ਕਿ 1965 ਅਤੇ 1971 ਦੀਆਂ ਜੰਗਾਂ ਤੋਂ ਬਾਅਦ ਭਾਰਤੀ ਹਿਰਾਸਤ ਵਿਚ ਹਨ।"

ਪਾਕਿਸਤਾਨ ਨੇ ਪਾਕਿਸਤਾਨੀ ਜੇਲ੍ਹਾਂ ਵਿਚ ਬੰਦ 254 ਭਾਰਤੀ ਜਾਂ ਮੰਨੇ ਜਾਂਦੇ ਭਾਰਤੀ ਨਾਗਰਿਕ ਕੈਦੀਆਂ ਅਤੇ ਮਛੇਰਿਆਂ ਦੀ ਸੂਚੀ ਸੌਂਪੀ ਹੈ, ਜਦੋਂਕਿ ਭਾਰਤ ਨੇ 452 ਪਾਕਿਸਤਾਨੀ ਜਾਂ ਮੰਨੇ ਜਾਂਦੇ ਭਾਰਤੀ ਜੇਲ੍ਹਾਂ ਵਿਚ ਬੰਦ ਪਾਕਿਸਤਾਨੀ ਨਾਗਰਿਕ ਕੈਦੀਆਂ ਅਤੇ ਮਛੇਰਿਆਂ ਦੀ ਸੂਚੀ ਸੌਂਪੀ ਹੈ। 2008 ਦੇ ਦੁਵੱਲੇ ਸਮਝੌਤੇ ਦੇ ਉਪਬੰਧਾਂ ਦੇ ਤਹਿਤ, ਹਰ ਸਾਲ 1 ਜਨਵਰੀ ਅਤੇ 1 ਜੁਲਾਈ ਨੂੰ ਅਜਿਹੀਆਂ ਸੂਚੀਆਂ ਦਾ ਆਦਾਨ-ਪ੍ਰਦਾਨ ਕੀਤਾ ਜਾਂਦਾ ਹੈ। ਵਿਦੇਸ਼ ਦਫਤਰ ਨੇ ਕਿਹਾ ਕਿ ਸਰਕਾਰ ਨੇ ਭਾਰਤ ਵਿਚ ਆਪਣੀ ਸਜ਼ਾ ਪੂਰੀ ਕਰ ਚੁੱਕੇ ਪਾਕਿਸਤਾਨੀ ਕੈਦੀਆਂ ਦੀ ਤੁਰੰਤ ਰਿਹਾਈ ਅਤੇ ਵਾਪਸੀ ਦੀ ਬੇਨਤੀ ਕੀਤੀ ਹੈ। ਵਿਦੇਸ਼ ਦਫਤਰ ਨੇ ਕਿਹਾ ਕਿ ਸਰਕਾਰ ਦੀਆਂ ਕੋਸ਼ਿਸ਼ਾਂ ਨੇ ਹੁਣ ਤੱਕ 2023 ਵਿਚ 62 ਅਤੇ ਚਾਲੂ ਸਾਲ ਵਿੱਚ ਚਾਰ ਪਾਕਿਸਤਾਨੀ ਕੈਦੀਆਂ ਦੀ ਵਾਪਸੀ ਨੂੰ ਸੁਰੱਖਿਅਤ ਕੀਤਾ ਹੈ।

# ਗੁਰਪਤਵੰਤ ਪੰਨੂ ਮਾਮਲਾ : ਅਮਰੀਕਾ ਵੱਲੋਂ ਜਾਂਚ ਬਾਰੇ ਅਪਡੇਟ ਨੂੰ ਲੈ ਕੇ ਭਾਰਤ 'ਤੇ ਪਾਇਆ ਜਾ ਰਿਹੈ ਦਬਾਅ



**ਨਵੀਂ ਦਿੱਲੀ, (ਪੰਜਾਬ ਮੇਲ)-** ਬਾਇਡਨ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੇ ਕਥਿਤ ਕਤਲ ਦੀ ਨਾਕਾਮ ਸਾਜ਼ਿਸ਼ ਦੀ ਭਾਰਤੀ ਏਜੰਸੀਆਂ ਵੱਲੋਂ ਕੀਤੀ ਜਾ ਰਹੀ ਜਾਂਚ ਬਾਰੇ ਕਿਸੇ ਤਰ੍ਹਾਂ ਦੇ ਅਪਡੇਟ ਨੂੰ ਲੈ ਕੇ ਅਮਰੀਕਾ ਵੱਲੋਂ ਭਾਰਤ 'ਤੇ ਲਗਾਤਾਰ ਦਬਾਅ ਪਾਇਆ ਜਾ ਰਿਹਾ ਹੈ। ਅਮਰੀਕੀ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਭਾਰਤ ਨੂੰ ਸਾਫ਼ ਕਰ ਦਿੱਤਾ ਹੈ ਕਿ ਉਹ ਇਸ ਕੇਸ ਵਿਚ ਜਵਾਬਦੇਹੀ ਚਾਹੁੰਦੇ ਹਨ।

ਅਮਰੀਕਾ ਦੇ ਉਪ ਵਿਦੇਸ਼ ਮੰਤਰੀ ਕਰਟ ਕੈਂਪਬੈੱਲ ਨੇ ਕਿਹਾ ਕਿ ਅਮਰੀਕਾ ਨੇ ਇਸ ਮਾਮਲੇ ਵਿਚ ਭਾਰਤ ਸਰਕਾਰ ਦੇ ਸਿਖਰਲੇ ਅਧਿਕਾਰੀਆਂ ਨਾਲ ਸਿੱਧਾ ਰਾਬਤਾ ਕੀਤਾ ਹੈ। ਕੈਂਪਬੈੱਲ ਨੇ ਵਰਚੁਅਲ ਮੀਡੀਆ ਬ੍ਰੀਫਿੰਗ ਦੌਰਾਨ ਉਪਰੋਕਤ ਟਿੱਪਣੀਆਂ ਕੀਤੀਆਂ। ਕੈਂਪਬੈੱਲ ਤੇ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਪਿਛਲੇ ਹਫ਼ਤੇ ਭਾਰਤ ਦੌਰੇ 'ਤੇ ਆਏ ਸਨ। ਉਨ੍ਹਾਂ ਕਿਹਾ, "ਸਾਡੀ ਇਸ ਮੁੱਦੇ 'ਤੇ ਭਾਰਤ ਨਾਲ ਉਸਾਰੂ ਗੱਲਬਾਤ ਹੋਈ ਸੀ ਤੇ ਮੈਂ ਕਹਾਂਗਾ ਕਿ ਉਹ ਸਾਡੇ ਫ਼ਿਕਰਾਂ ਨੂੰ ਲੈ ਕੇ ਸੰਵੇਦਨਸ਼ੀਲ ਸਨ।" ਸੀਨੀਅਰ ਅਧਿਕਾਰੀ ਨੇ ਕਿਹਾ, "ਅਸੀਂ ਸਾਫ਼ ਕਰ ਦਿੱਤਾ ਹੈ ਕਿ ਅਸੀਂ ਭਾਰਤ ਸਰਕਾਰ ਕੋਲੋਂ ਜਵਾਬਦੇਹੀ ਚਾਹੁੰਦੇ ਹਾਂ ਤੇ ਅਸੀਂ ਭਾਰਤ ਵੱਲੋਂ ਕੀਤੀ ਜਾ ਰਹੀ ਜਾਂਚ ਸਬੰਧੀ ਅਪਡੇਟ ਮੰਗੀ ਹੈ। ਅਸੀਂ ਇਸ ਮੁੱਦੇ ਨੂੰ ਲੈ ਕੇ ਭਾਰਤ ਸਰਕਾਰ ਨਾਲ ਸਿਖਰਲੇ ਪੱਧਰ 'ਤੇ ਸਿੱਧਾ ਰਾਬਤਾ ਕੀਤਾ ਹੈ।" ਅਮਰੀਕੀ ਸੰਘੀ ਵਕੀਲਾਂ ਨੇ ਪਿਛਲੇ ਸਾਲ ਨਵੰਬਰ ਵਿਚ ਦੋਸ਼ ਲਾਇਆ ਸੀ ਕਿ ਭਾਰਤੀ ਨਾਗਰਿਕ ਨਿਖਿਲ ਗੁਪਤਾ ਭਾਰਤ ਸਰਕਾਰ ਦੇ ਇਕ ਮੁਲਾਜ਼ਮ ਨਾਲ ਮਿਲ ਕੇ ਪੰਨੂ ਨੂੰ ਨਿਊਯਾਰਕ ਵਿਚ ਕਤਲ ਕਰਨ ਦੀ ਨਾਕਾਮ ਸਾਜ਼ਿਸ਼ ਵਿਚ ਸ਼ਾਮਲ ਸੀ। ਪੰਨੂ, ਜੋ ਅੱਤਵਾਦ ਦੇ ਦੋਸ਼ਾਂ ਨੂੰ ਲੈ ਕੇ ਭਾਰਤ ਵਿਚ ਲੋੜੀਂਦਾ ਹੈ, ਕੋਲ ਅਮਰੀਕਾ ਤੇ ਕੈਨੇਡਾ ਦੀ ਦੋਹਰੀ ਨਾਗਰਿਕਤਾ ਹੈ। ਗੁਪਤਾ, ਜਿਸ ਨੂੰ ਪਿਛਲੇ ਸਾਲ ਚੈੱਕ ਗਣਰਾਜ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ 14 ਜੂਨ ਨੂੰ ਅਮਰੀਕਾ ਦੇ ਹਵਾਲੇ ਕਰ ਦਿੱਤਾ ਗਿਆ ਸੀ। ਅਮਰੀਕਾ ਵੱਲੋਂ ਲਾਏ ਉਪਰੋਕਤ ਦੋਸ਼ਾਂ ਮਗਰੋਂ ਭਾਰਤ ਨੇ ਇਸ ਪੂਰੇ ਮਾਮਲੇ ਦੀ ਜਾਂਚ ਲਈ ਉੱਚ ਪੱਧਰੀ ਕਮੇਟੀ ਬਣਾਈ ਸੀ।

## ਭਾਰਤ ਤੇ ਪਾਕਿਸਤਾਨ ਵੱਲੋਂ ਨਾਗਰਿਕ ਕੈਦੀਆਂ, ਮਛੇਰਿਆਂ ਦੀ ਸੂਚੀ ਦਾ ਆਦਾਨ-ਪ੍ਰਦਾਨ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਅਤੇ ਪਾਕਿਸਤਾਨ ਨੇ ਸੋਮਵਾਰ ਨੂੰ ਇੱਕ ਦੂਜੇ ਦੀ ਹਿਰਾਸਤ ਵਿਚ ਨਾਗਰਿਕ ਕੈਦੀਆਂ ਅਤੇ ਮਛੇਰਿਆਂ ਦੀਆਂ ਸੂਚੀਆਂ ਦਾ ਆਦਾਨ-ਪ੍ਰਦਾਨ ਕੀਤਾ। ਵਿਦੇਸ਼ ਮੰਤਰਾਲੇ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਐੱਮ.ਈ.ਏ. ਦੇ ਇੱਕ ਬਿਆਨ ਵਿਚ ਕਿਹਾ ਗਿਆ ਕਿ ਸੂਚੀਆਂ ਨੂੰ ਕੌਂਸੁਲਰ ਐਕਸੈਸ 2008 'ਤੇ ਦੁਵੱਲੇ ਸਮਝੌਤੇ ਦੇ ਉਪਬੰਧਾਂ ਨੂੰ ਧਿਆਨ ਵਿਚ ਰੱਖਦਿਆਂ ਸਾਂਝਾ ਕੀਤਾ ਗਿਆ ਸੀ, ਜਿਸ ਦੇ ਤਹਿਤ ਸੂਚੀਆਂ ਦਾ ਆਦਾਨ-ਪ੍ਰਦਾਨ ਹਰ ਸਾਲ 1 ਜਨਵਰੀ ਅਤੇ 1 ਜੁਲਾਈ ਨੂੰ ਕੀਤਾ ਜਾਂਦਾ ਹੈ।

ਭਾਰਤ ਨੇ ਪਾਕਿਸਤਾਨ ਨੂੰ ਭਾਰਤ ਦੀ ਹਿਰਾਸਤ ਵਿਚ 366 ਨਾਗਰਿਕ ਕੈਦੀਆਂ ਅਤੇ 86 ਮਛੇਰਿਆਂ ਦੀ ਸੂਚੀ ਸਾਂਝੀ ਕੀਤੀ। ਇਸੇ ਤਰ੍ਹਾਂ ਪਾਕਿਸਤਾਨ ਨੇ "ਆਪਣੀ ਹਿਰਾਸਤ ਵਿਚ 43 ਨਾਗਰਿਕ ਕੈਦੀਆਂ ਅਤੇ 211 ਮਛੇਰਿਆਂ ਦੇ ਨਾਮ ਸਾਂਝੇ ਕੀਤੇ ਹਨ, ਜੋ ਭਾਰਤੀ ਹਨ ਜਾਂ ਮੰਨਿਆ ਜਾਂਦਾ ਹੈ ਕਿ ਉਹ ਭਾਰਤੀ ਹਨ। ਇੱਕ ਅਧਿਕਾਰਤ ਰਿਲੀਜ਼ ਮੁਤਾਬਕ, "ਭਾਰਤ ਸਰਕਾਰ ਨੇ ਨਾਗਰਿਕ ਕੈਦੀਆਂ, ਉਨ੍ਹਾਂ ਦੀਆਂ ਕਿਸ਼ਤੀਆਂ ਸਮੇਤ ਮਛੇਰਿਆਂ ਅਤੇ ਪਾਕਿਸਤਾਨ ਦੀ ਹਿਰਾਸਤ ਵਿਚੋਂ ਲਾਪਤਾ ਭਾਰਤੀ ਰੱਖਿਆ ਕਰਮਚਾਰੀਆਂ ਦੀ ਛੇਤੀ ਰਿਹਾਈ ਅਤੇ ਵਾਪਸੀ ਦੀ ਮੰਗ ਕੀਤੀ ਹੈ। ਪਾਕਿਸਤਾਨ ਨੂੰ 185 ਭਾਰਤੀ ਮਛੇਰਿਆਂ ਅਤੇ ਨਾਗਰਿਕ ਕੈਦੀਆਂ ਦੀ ਰਿਹਾਈ ਅਤੇ ਵਾਪਸੀ ਵਿਚ ਤੇਜ਼ੀ ਲਿਆਉਣ ਲਈ ਕਿਹਾ ਗਿਆ ਹੈ। ਇਸ ਤੋਂ ਇਲਾਵਾ ਪਾਕਿਸਤਾਨ ਨੂੰ ਆਪਣੀ ਹਿਰਾਸਤ ਵਿਚ 47 ਨਾਗਰਿਕ ਕੈਦੀਆਂ ਅਤੇ ਮਛੇਰਿਆਂ ਨੂੰ ਤੁਰੰਤ ਕੌਂਸਲਰ ਪਹੁੰਚ ਪ੍ਰਦਾਨ ਕਰਨ ਲਈ ਕਿਹਾ ਗਿਆ ਹੈ, ਜੋ ਮੰਨਿਆ ਜਾਂਦਾ ਹੈ ਕਿ ਉਹ ਭਾਰਤੀ ਹਨ ਅਤੇ ਉਨ੍ਹਾਂ ਨੂੰ ਅਜੇ ਤੱਕ ਕੌਂਸਲਰ ਪਹੁੰਚ ਪ੍ਰਦਾਨ ਨਹੀਂ ਕੀਤੀ ਗਈ ਹੈ।

ਰੀਲੀਜ਼ ਵਿਚ ਕਿਹਾ ਗਿਆ, "ਪਾਕਿਸਤਾਨ ਨੂੰ ਸਾਰੇ ਭਾਰਤੀ ਅਤੇ ਮੰਨੇ ਜਾਣ ਵਾਲੇ ਭਾਰਤੀ ਨਾਗਰਿਕ ਕੈਦੀਆਂ ਅਤੇ ਮਛੇਰਿਆਂ ਦੀ ਸੁਰੱਖਿਆ ਅਤੇ ਕਲਿਆਣ ਨੂੰ ਯਕੀਨੀ ਬਣਾਉਣ ਲਈ ਬੇਨਤੀ ਕੀਤੀ ਗਈ, ਜਦੋਂ ਤੱਕ ਉਨ੍ਹਾਂ ਦੀ ਰਿਹਾਈ ਅਤੇ ਭਾਰਤ ਵਾਪਸੀ ਲੰਬਿਤ ਹੈ।" ਭਾਰਤ ਇੱਕ ਦੂਜੇ ਦੇ ਦੇਸ਼ ਵਿਚ ਕੈਦੀਆਂ ਅਤੇ ਮਛੇਰਿਆਂ ਸਮੇਤ ਸਾਰੇ ਮਾਨਵਤਾਵਾਦੀ ਮਾਮਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹੈ। ਐੱਮ.ਈ.ਏ. ਨੇ ਕਿਹਾ, "ਇਸ ਸੰਦਰਭ ਵਿਚ ਭਾਰਤ ਨੇ ਪਾਕਿਸਤਾਨ ਨੂੰ ਭਾਰਤ ਦੀ ਹਿਰਾਸਤ ਵਿਚ 75 ਪਾਕਿਸਤਾਨੀ ਨਾਗਰਿਕ ਕੈਦੀਆਂ ਅਤੇ ਮਛੇਰਿਆਂ ਦੀ ਨਾਗਰਿਕਤਾ ਤਸਦੀਕ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਅਪੀਲ ਕੀਤੀ ਹੈ, ਜਿਨ੍ਹਾਂ ਦੀ ਪਾਕਿਸਤਾਨ ਤੋਂ ਨਾਗਰਿਕਤਾ ਦੀ ਪੁਸ਼ਟੀ ਨਾ ਹੋਣ ਕਾਰਨ ਦੇਸ਼ ਵਾਪਸੀ ਲੰਬਿਤ ਹੈ।" ਸਰਕਾਰ ਦੇ ਲਗਾਤਾਰ ਯਤਨਾਂ ਦੇ ਨਤੀਜੇ ਵਜੋਂ 2014 ਤੋਂ ਹੁਣ ਤੱਕ 2,639 ਭਾਰਤੀ ਮਛੇਰੇ ਅਤੇ 71 ਭਾਰਤੀ ਨਾਗਰਿਕ ਕੈਦੀਆਂ ਨੂੰ ਪਾਕਿਸਤਾਨ ਤੋਂ ਵਾਪਸ ਭੇਜਿਆ ਗਿਆ ਹੈ। ਇਸ ਵਿਚ 478 ਭਾਰਤੀ ਮਛੇਰੇ ਅਤੇ 13 ਭਾਰਤੀ ਨਾਗਰਿਕ ਕੈਦੀ ਸ਼ਾਮਲ ਹਨ, ਜਿਨ੍ਹਾਂ ਨੂੰ 2023 ਤੋਂ ਹੁਣ ਤੱਕ ਪਾਕਿਸਤਾਨ ਤੋਂ ਵਾਪਸ ਭੇਜਿਆ ਗਿਆ ਹੈ।

# ਸਿੱਖਿਆ ਦੇ ਮੁਕਾਬਲੇ ਵਿਆਹ ਸਮਾਗਮਾਂ 'ਤੇ ਦੁੱਗਣਾ ਖਰਚਾ ਕਰਦੇ ਨੇ ਭਾਰਤੀ



**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤੀ ਵਿਆਹ ਸਨਅਤ ਦਾ ਘੇਰਾ ਤਕਰੀਬਨ 10 ਲੱਖ ਕਰੋੜ ਰੁਪਏ ਦਾ ਹੈ, ਜੋ ਖੁਰਾਕ ਤੇ ਕਰਿਆਨੇ ਤੋਂ ਬਾਅਦ ਦੂਜੇ ਸਥਾਨ 'ਤੇ ਹੈ। ਇੱਕ ਰਿਪੋਰਟ 'ਚ ਇਹ ਜਾਣਕਾਰੀ ਦਿੰਦੇ ਹੋਏ ਕਿਹਾ ਗਿਆ ਹੈ ਕਿ ਆਮ ਭਾਰਤੀ ਸਿੱਖਿਆ ਮੁਕਾਬਲੇ ਵਿਆਹ ਸਮਾਗਮਾਂ 'ਤੇ ਦੁੱਗਣਾ ਖਰਚਾ ਕਰਦੇ ਹਨ। ਭਾਰਤ ਵਿਚ ਸਾਲਾਨਾ 80 ਲੱਖ ਤੋਂ ਇੱਕ ਕਰੋੜ ਤੱਕ ਵਿਆਹ ਹੁੰਦੇ ਹਨ, ਜਦਕਿ ਚੀਨ 'ਚ 70-80 ਲੱਖ ਅਤੇ ਅਮਰੀਕਾ 'ਚ 20-25 ਲੱਖ ਵਿਆਹ ਹੁੰਦੇ ਹਨ।

ਬ੍ਰੋਕਰੇਜ਼ ਜੈੱਫਰੀਜ਼ ਨੇ ਇੱਕ ਰਿਪੋਰਟ 'ਚ ਕਿਹਾ ਹੈ ਕਿ, 'ਭਾਰਤੀ ਵਿਆਹ ਸਨਅਤ ਦਾ ਆਕਾਰ ਅਮਰੀਕਾ (70 ਅਰਬ ਅਮਰੀਕੀ ਡਾਲਰ) ਦੀ ਸਨਅਤ ਮੁਕਾਬਲੇ ਤਕਰੀਬਨ ਦੁੱਗਣਾ ਹੈ। ਹਾਲਾਂਕਿ ਇਹ ਚੀਨ (170 ਅਰਬ ਅਮਰੀਕੀ ਡਾਲਰ) ਨਾਲੋਂ ਛੋਟਾ ਹੈ। ਰਿਪੋਰਟ ਅਨੁਸਾਰ ਭਾਰਤ 'ਚ ਖਪਤ ਸ਼੍ਰੇਣੀ 'ਚ ਵਿਆਹਾਂ ਦਾ ਦੂਜਾ ਸਥਾਨ ਹੈ। ਜੇਕਰ ਵਿਆਹ ਇੱਕ ਸ਼੍ਰੇਣੀ ਹੁੰਦੀ, ਤਾਂ ਖੁਰਾਕ ਤੇ ਕਰਿਆਨੇ (681 ਅਰਬ ਅਮਰੀਕੀ ਡਾਲਰ) ਮਗਰੋਂ ਇਹ ਦੂਜੀ ਸਭ ਤੋਂ ਵੱਡੀ ਪ੍ਰਚੂਨ ਸ਼੍ਰੇਣੀ ਹੁੰਦੀ।'

ਭਾਰਤ ਵਿਚ ਵਿਆਹ ਸ਼ਾਨਦਾਰ ਹੁੰਦੇ ਹਨ ਅਤੇ ਇਨ੍ਹਾਂ 'ਚ ਕਈ ਤਰ੍ਹਾਂ ਦੇ ਸਮਾਗਮ ਤੇ ਖਰਚੇ ਹੁੰਦੇ ਹਨ। ਇਸ ਵਿਚ ਗਹਿਣੇ ਤੇ ਕੱਪੜੇ ਜਿਹੀਆਂ ਸ਼੍ਰੇਣੀਆਂ ਵਿਚ ਖਪਤ ਵੱਧਦੀ ਹੈ ਅਤੇ ਅਸਿੱਧੇ ਢੰਗ ਨਾਲ ਆਟੋ ਤੇ ਇਲੈਕਟ੍ਰੌਨਿਕਸ ਸਨਅਤ ਨੂੰ ਲਾਭ ਮਿਲਦਾ ਹੈ। ਖਰਚੀਲੇ ਵਿਆਹਾਂ ਨੂੰ ਨੱਥ ਪਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਵਿਦੇਸ਼ੀ ਥਾਵਾਂ 'ਤੇ ਆਲੀਸ਼ਾਨ ਵਿਆਹ ਹੋ ਰਹੇ ਹਨ।

ਰਿਪੋਰਟ ਅਨੁਸਾਰ, 'ਹਰ ਸਾਲ 80 ਲੱਖ ਤੋਂ ਇੱਕ ਕਰੋੜ ਵਿਆਹ ਹੋਣ ਦੇ ਨਾਲ ਭਾਰਤ ਦੁਨੀਆਂ ਵਿਚ ਸਭ ਤੋਂ ਵੱਡੀ ਵਿਆਹਾਂ ਵਾਲੀ ਥਾਂ ਹੈ।' ਕੈਟ ਅਨੁਸਾਰ ਇਸ ਦਾ ਆਕਾਰ 130 ਕਰੋੜ ਅਰਬ ਅਮਰੀਕੀ ਡਾਲਰ ਹੋਣ ਦਾ ਅਨੁਮਾਨ ਹੈ। ਭਾਰਤ ਦੀ ਵਿਆਹ ਸਨਅਤ ਅਮਰੀਕਾ ਮੁਕਾਬਲੇ ਤਕਰੀਬਨ ਦੁੱਗਣੀ ਹੈ ਤੇ ਅਹਿਮ ਖਪਤ ਸ਼੍ਰੇਣੀਆਂ ਵਿਚ ਇਸ ਦਾ ਅਹਿਮ ਯੋਗਦਾਨ ਹੈ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ 'ਚ ਵਿਆਹਾਂ 'ਤੇ ਸਿੱਖਿਆ (ਗ੍ਰੈਜੂਏਸ਼ਨ ਤੱਕ) ਮੁਕਾਬਲੇ ਦੁੱਗਣਾ ਖਰਚਾ ਕੀਤਾ ਜਾਂਦਾ ਹੈ, ਜਦਕਿ ਅਮਰੀਕਾ ਜਿਹੇ ਮੁਲਕਾਂ 'ਚ ਇਹ ਖਰਚਾ ਸਿੱਖਿਆ ਮੁਕਾਬਲੇ ਤਕਰੀਬਨ ਅੱਧੇ ਤੋਂ ਵੀ ਘੱਟ ਹੈ।

## ਪਾਕਿ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਫੌਰੀ ਰਿਹਾਅ ਕਰਨ ਦੀ ਮੰਗ



**ਇਸਲਾਮਾਬਾਦ, (ਪੰਜਾਬ ਮੇਲ)-** ਸੰਯੁਕਤ ਰਾਸ਼ਟਰ ਵਰਕਿੰਗ ਸਮੂਹ ਨੇ ਵੱਖ-ਵੱਖ ਕੇਸਾਂ ਤਹਿਤ ਜੇਲ੍ਹ ਵਿਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਫੌਰੀ ਰਿਹਾਅ ਕੀਤੇ ਜਾਣ ਦੀ ਮੰਗ ਕੀਤੀ ਹੈ। ਸਮੂਹ ਨੇ ਕਿਹਾ ਕਿ ਖ਼ਾਨ ਖਿਲਾਫ਼ ਦਰਜ ਕੇਸਾਂ ਵਿਚੋਂ ਘੱਟੋ-ਘੱਟ ਦੋ ਕੇਸ 'ਸਿਆਸਤ ਤੋਂ ਪ੍ਰੇਰਿਤ' ਹਨ ਤੇ ਇਨ੍ਹਾਂ ਦਾ ਇਕੋ ਇਕ ਮਕਸਦ ਖ਼ਾਨ ਨੂੰ ਦੇਸ਼ ਦੇ ਸਿਆਸੀ ਦ੍ਰਿਸ਼ ਤੋਂ ਲਾਂਭੇ ਕਰਨਾ ਹੈ। ਆਪਹੁਦਰੀਆਂ ਗ੍ਰਿਫ਼ਤਾਰੀਆਂ ਬਾਰੇ ਸੰਯੁਕਤ ਰਾਸ਼ਟਰ ਦੇ ਵਰਕਿੰਗ ਗਰੁੱਪ ਨੇ ਜਨੇਵਾ ਵਿਚ 18-27 ਮਾਰਚ ਤੱਕ ਆਪਣੇ 99ਵੇਂ ਇਜਲਾਸ ਦੌਰਾਨ 71 ਸਾਲਾ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਪਾਰਟੀ ਦੇ ਬਾਨੀ ਦੀ ਨਜ਼ਰਬੰਦੀ ਨੂੰ ਲੈ ਕੇ ਆਪਣੀ ਰਾਏ ਰੱਖੀ। ਉਧਰ ਪੀ.ਟੀ.ਆਈ. ਨੇ ਯੂ.ਐੱਨ. ਵਰਕਿੰਗ ਸਮੂਹ ਦੀ ਰਾਇ ਨੂੰ 'ਵੱਡੀ' ਪੇਸ਼ਕਦਮੀ ਕਰਾਰ ਦਿੱਤਾ ਹੈ।

ਸਮੂਹ ਨੇ ਕਿਹਾ ਕਿ ਪਹਿਲਾਂ ਤੋਸ਼ਾਖਾਨਾ ਭ੍ਰਿਸ਼ਟਾਚਾਰ ਕੇਸ ਤੇ ਮਗਰੋਂ ਸਾਈਫਰ ਕੇਸਾਂ ਵਿਚ ਖ਼ਾਨ ਦੀ ਨਜ਼ਰਬੰਦੀ ਤੇ ਮੁਕੱਦਮੇ ਦੀ ਕਾਰਵਾਈ 'ਸਿਆਸੀ ਤੋਂ ਪ੍ਰੇਰਿਤ' ਸੀ, ਤਾਂ ਕਿ ਉਨ੍ਹਾਂ ਨੂੰ ਸਿਆਸੀ ਪਿੜ ਵਿਚੋਂ ਲਾਂਭੇ ਕੀਤਾ ਜਾ ਸਕੇ। ਰੋਜ਼ਨਾਮਚਾ 'ਡਾਅਨ' ਨੇ ਆਪਣੀ ਰਿਪੋਰਟ 'ਚ ਯੂ.ਐੱਨ. ਸਮੂਹ ਦੇ ਹਵਾਲੇ ਨਾਲ ਕਿਹਾ ਕਿ ਖ਼ਾਨ ਨੂੰ 'ਬਿਨਾਂ ਕਿਸੇ ਕਾਨੂੰਨੀ ਆਧਾਰ' ਦੇ ਗ੍ਰਿਫ਼ਤਾਰ ਕੀਤਾ ਗਿਆ। ਸਮੂਹ ਨੇ ਕਿਹਾ ਕਿ ਪੀ.ਟੀ.ਆਈ. ਮੁਖੀ ਖਿਲਾਫ਼ ਦਰਜ ਕੇਸਾਂ ਦੀ ਅਦਾਲਤੀ ਕਾਰਵਾਈ ਵਿਚ ਕਈ ਕਾਨੂੰਨੀ ਖਾਮੀਆਂ ਤੇ ਬੇਨੇਮੀਆਂ ਸਨ, ਜਿਸ ਕਰਕੇ ਉਹ ਆਪਣੀ ਰਾਇ ਰੱਖ ਰਹੇ ਸਨ ਕਿ ਕੀ ਖਾਨ ਦੀ ਗ੍ਰਿਫ਼ਤਾਰੀ ਆਪਹੁਦਰੀ ਸੀ। ਸਮੂਹ ਨੇ ਕਿਹਾ, "ਖ਼ਾਨ ਦੀ ਨਜ਼ਰਬੰਦੀ ਦਾ ਕੋਈ ਕਾਨੂੰਨੀ ਆਧਾਰ ਨਹੀਂ ਸੀ ਤੇ ਜਾਪਦਾ ਸੀ ਕਿ ਉਨ੍ਹਾਂ ਨੂੰ ਸਿਆਸਤ ਤੋਂ ਲਾਂਭੇ ਕਰਨ ਲਈ ਇਹ ਸਭ ਕੁਝ ਕੀਤਾ ਗਿਆ। ਲਿਹਾਜ਼ਾ ਸ਼ੁਰੂ ਤੋਂ ਹੀ ਮੁਕੱਦਮੇ ਦਾ ਕੋਈ ਕਾਨੂੰਨ ਆਧਾਰ ਨਹੀਂ ਸੀ।"

# ਅਮਰੀਕੀ ਚੋਣਾਂ : ਅਮਰੀਕੀ ਸੈਨੇਟਰ ਵੱਲੋਂ ਅਸ਼ਵਿਨ ਰਾਮਾਸਵਾਮੀ ਨੂੰ ਸਮਰਥਨ ਦੇਣ ਦਾ ਐਲਾਨ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਭਾਰਤੀ ਮੂਲ ਦੇ ਅਸ਼ਵਿਨ ਰਾਮਾਸਵਾਮੀ, ਜੋ ਕਿ ਅਮਰੀਕਾ ਦੀ ਜਾਰਜੀਆ ਸਟੇਟ ਸੈਨੇਟ ਡਿਸਟ੍ਰਿਕਟ 48 ਲਈ ਚੋਣ ਲੜ ਰਹੇ ਡੈਮੋਕਰੇਟ ਹਨ। ਬੀਤੇ ਦਿਨੀਂ ਉਸ ਨੂੰ ਅਮਰੀਕੀ ਸੈਨੇਟਰ ਜੋਨ ਓਸੌਫ ਤੋਂ ਆਪਣੀ ਮੁਹਿੰਮ ਨੂੰ ਵੱਡਾ ਹੁਲਾਰਾ ਮਿਲਿਆ। 1 ਜੁਲਾਈ ਨੂੰ ਜੋਨ ਓਸੋਫ ਨੇ ਰਸਮੀ ਤੌਰ 'ਤੇ ਆਪਣਾ ਸਮਰਥਨ ਉਸ ਨੂੰ ਦੇਣ ਦਾ ਐਲਾਨ ਕੀਤਾ। ਡੋਨਾਲਡ ਟਰੰਪ ਦੇ ਨਾਲ 2020 ਦੇ ਚੋਣ ਨਤੀਜਿਆਂ ਨੂੰ ਬਦਲਣ ਦੀ ਕੋਸ਼ਿਸ਼ ਕਰਨ ਲਈ ਜਾਰਜੀਆ ਵਿਚ ਸਟੇਟ ਸੈਨੇਟਰ ਸ਼ੌਨ ਸਟਿਲ ਦੇ ਦੋਸ਼ਾਂ ਤੋਂ ਬਾਅਦ ਰਾਮਾਸਵਾਮੀ ਦੀ ਸਟਿਲ ਖ਼ਿਲਾਫ਼ ਮੁਹਿੰਮ ਨੇ ਕਾਫ਼ੀ ਗਤੀ ਪ੍ਰਾਪਤ ਕੀਤੀ ਹੈ।

ਸੈਨੇਟਰ ਓਸੌਫ ਨੇ ਕਿਹਾ ਕਿ ਅਸ਼ਵਿਨ ਰਾਮਾਸਵਾਮੀ, ਜੇਕਰ ਜਾਰਜੀਆ ਸਟੇਟ ਸੈਨੇਟ ਲਈ ਚੁਣਿਆ ਜਾਂਦਾ ਹੈ, ਤਾਂ ਉਹ ਆਪਣੇ ਹਲਕੇ ਦੀ ਨੁਮਾਇੰਦਗੀ ਕਰਨ ਅਤੇ ਲੋਕਤੰਤਰ ਨੂੰ ਸੁਰੱਖਿਅਤ ਰੱਖਣ ਲਈ ਪੂਰੀ ਲਗਨ ਦੇ ਨਾਲ ਕੰਮ ਕਰੇਗਾ। ਅਸ਼ਵਿਨ ਇੱਕ ਸਾਬਕਾ ਚੋਣ ਸੁਰੱਖਿਆ ਮਾਹਰ ਇੱਕ ਮੈਗਾ ਸਿਆਸਤਦਾਨ ਨੂੰ ਚੁਣੌਤੀ ਦੇ ਰਿਹਾ ਹੈ। ਜਿਸ 'ਤੇ ਰਾਫੇਲ ਵਾਰਨੌਕ ਅਤੇ ਮੇਰੇ ਤੋਂ 2020 ਦੀਆਂ ਚੋਣਾਂ ਚੋਰੀ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਹੈ। ਸੈਨੇਟ ਜ਼ਿਲ੍ਹਾ 48 ਵਿਚ ਲੋਕਤੰਤਰ ਨੂੰ ਬੈਲਟ 'ਤੇ ਪਾਉਣਾ ਕੋਈ ਅਤਿਕਥਨੀ ਨਹੀਂ ਹੈ। ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਮੈਂ ਸਟੇਟ ਸੈਨੇਟਰ ਦੇ ਅਹੁਦੇ ਲਈ ਅਸ਼ਵਿਨ ਦਾ ਸਮਰਥਨ ਕਰਦਾ ਹਾਂ।

ਡੈਮੋਕ੍ਰੇਟਿਕ ਪਾਰਟੀ ਨੇ 24 ਸਾਲਾ ਰਾਮਾਸਵਾਮੀ ਨੂੰ ਨਾਮਜ਼ਦ ਕੀਤਾ ਹੈ, ਜੋ ਹੁਣੇ ਜਾਰਜਟਾਊਨ ਯੂਨੀਵਰਸਿਟੀ ਤੋਂ ਗ੍ਰੈਜੂਏਟ ਹੋਇਆ ਹੈ। ਚੁਣੇ ਜਾਣ 'ਤੇ ਉਹ ਇਤਿਹਾਸ ਰਚੇਗਾ, ਜਾਰਜੀਆ ਰਾਜ ਦੇ ਸੰਸਦ ਮੈਂਬਰ ਵਜੋਂ ਸੇਵਾ ਕਰਨ ਵਾਲਾ ਇਹ ਪਹਿਲਾ ਭਾਰਤੀ-ਅਮਰੀਕੀ ਅਤੇ ਅਜਿਹਾ ਕਰਨ ਵਾਲਾ ਸਭ ਤੋਂ ਘੱਟ ਉਮਰ ਦਾ ਵਿਅਕਤੀ ਬਣ ਜਾਵੇਗਾ। 1990 ਵਿਚ ਰਾਮਾਸਵਾਮੀ ਦੇ ਮਾਤਾ-ਪਿਤਾ ਭਾਰਤ ਦੇ ਤਾਮਿਲਨਾਡੂ ਨੂੰ ਛੱਡ ਕੇ ਅਮਰੀਕਾ ਆ ਗਏ ਸਨ। ਸੈਨੇਟਰ ਦੀਆਂ ਪ੍ਰਾਪਤੀਆਂ ਅਤੇ ਨੇੜੇ ਆ ਰਹੀਆਂ ਚੋਣਾਂ ਦੀ ਮਹੱਤਤਾ ਨੂੰ ਪਛਾਣਦੇ ਹੋਏ, ਅਸ਼ਵਿਨ ਰਾਮਾਸਵਾਮੀ ਨੇ ਓਸੌਫ ਦਾ ਸਮਰਥਨ ਕਰਨ ਲਈ ਬਹੁਤ-ਬਹੁਤ ਧੰਨਵਾਦ ਕੀਤਾ।

# ਅਮਰੀਕਾ 'ਚ ਰਿਸ਼ਤੇਦਾਰ ਤੋਂ ਜਬਰੀ ਕੰਮ ਕਰਵਾਉਣ ਦੇ ਦੋਸ਼ ਹੇਠ ਪੰਜਾਬੀ ਜੋੜੇ ਨੂੰ ਜੇਲ੍ਹ

**ਵਾਸ਼ਿੰਗਟਨ, (ਪੰਜਾਬ ਮੇਲ)**-ਅਮਰੀਕੀ ਅਦਾਲਤ ਨੇ ਇਕ ਭਾਰਤੀ-ਅਮਰੀਕੀ ਜੋੜੇ ਨੂੰ ਆਪਣੇ ਰਿਸ਼ਤੇਦਾਰ ਨੂੰ ਸਕੂਲ ਵਿਚ ਦਾਖਲ ਕਰਵਾਉਣ ਦਾ ਲਾਲਚ ਦੇ ਕੇ ਅਮਰੀਕਾ ਲਿਆਉਣ ਅਤੇ ਉਸ ਤੋਂ ਤਿੰਨ ਸਾਲ ਤੱਕ ਆਪਣੇ ਗੈਸ ਸਟੇਸ਼ਨ ਤੇ ਡਿਪਾਰਟਮੈਂਟਲ ਸਟੋਰ 'ਤੇ ਜਬਰੀ ਕੰਮ ਕਰਵਾਉਣ ਦੇ ਦੋਸ਼ ਹੇਠ ਜੇਲ੍ਹ ਦੀ ਸਜ਼ਾ ਸੁਣਾਈ ਹੈ। ਹਰਮਨਪ੍ਰੀਤ ਸਿੰਘ (31) ਨੂੰ ਅਦਾਲਤ ਨੇ 135 ਮਹੀਨੇ (11.25 ਸਾਲ) ਅਤੇ ਕੁਲਬੀਰ ਕੌਰ (43) ਨੂੰ 87 ਮਹੀਨੇ (7.25 ਸਾਲ) ਕੈਦ ਦੀ ਸਜ਼ਾ ਸੁਣਾਈ ਹੈ। ਨਾਲ ਹੀ ਆਪਣੇ ਚਚੇਰੇ ਭਰਾ ਤੇ ਪੀੜਤ ਨੂੰ 2,25,210.76 ਅਮਰੀਕੀ ਡਾਲਰ (ਤਕਰੀਬਨ 1.87 ਕਰੋੜ ਰੁਪਏ) ਦਾ ਮੁਆਵਜ਼ਾ ਦੇਣ ਲਈ ਵੀ ਕਿਹਾ ਗਿਆ ਹੈ। ਜੋੜੇ ਦਾ ਹੁਣ ਤਲਾਕ ਹੋ ਚੁੱਕਾ ਹੈ।

# ਅਮਰੀਕੀ ਸੁਪਰੀਮ ਕੋਰਟ ਵੱਲੋਂ ਟਰੰਪ ਖ਼ਿਲਾਫ਼ ਫੌਜਦਾਰੀ ਕੇਸ ਨਾ ਚਲਾਉਣ ਦਾ ਫੈਸਲਾ



- ਚੋਣਾਂ ਤੋਂ ਪਹਿਲਾਂ ਵੱਡੀ ਰਾਹਤ ਮਿਲੀ
- ਟਰੰਪ ਨੇ ਕਿਹਾ; 'ਇਹ ਸੰਵਿਧਾਨ ਅਤੇ ਲੋਕਤੰਤਰ ਦੀ ਜਿੱਤ'

**ਨਿਊਯਾਰਕ, (ਪੰਜਾਬ ਮੇਲ)**- ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਦੇ ਹੱਕ ਵਿਚ ਵੱਡਾ ਫੈਸਲਾ ਸੁਣਾਇਆ ਹੈ। ਅਦਾਲਤ ਨੇ ਕਿਹਾ ਹੈ ਕਿ ਟਰੰਪ ਦੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਲਏ ਗਏ ਫੈਸਲਿਆਂ 'ਤੇ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕਦੀ। ਉਨ੍ਹਾਂ 'ਤੇ ਅਮਰੀਕਾ ਦੇ ਰਾਸ਼ਟਰਪਤੀ ਹੁੰਦਿਆਂ ਨਵੰਬਰ 2020 ਦੀਆਂ ਚੋਣਾਂ ਦੇ ਨਤੀਜਿਆਂ ਨੂੰ ਉਲਟਾਉਣ ਦੀ ਸਾਜ਼ਿਸ਼ ਰਚਣ ਦਾ ਦੋਸ਼ ਸੀ। ਟਰੰਪ ਨੇ ਇਸ ਖਿਲਾਫ ਅਟਲਾਂਟਾ ਦੀ ਹੇਠਲੀ ਅਦਾਲਤ 'ਚ ਕੇਸ ਦਾਇਰ ਕਰਦਿਆਂ ਅਪੀਲ ਕੀਤੀ ਸੀ ਕਿ ਸਾਬਕਾ ਰਾਸ਼ਟਰਪਤੀ ਹੋਣ ਦੇ ਨਾਤੇ ਉਨ੍ਹਾਂ ਖਿਲਾਫ ਫੌਜਦਾਰੀ ਮਾਮਲਾ ਨਹੀਂ ਚਲਾਇਆ ਜਾਣਾ ਚਾਹੀਦਾ ਪਰ ਹੇਠਲੀ ਅਦਾਲਤ ਨੇ ਇਹ ਅਪੀਲ ਰੱਦ ਕਰ ਦਿੱਤੀ ਸੀ। ਹਾਲਾਂਕਿ ਹੁਣ ਸੁਪਰੀਮ ਕੋਰਟ ਨੇ ਅਟਲਾਂਟਾ ਕੋਰਟ ਦੇ ਫੈਸਲੇ ਨੂੰ ਪਲਟ ਦਿੱਤਾ ਹੈ।

# ਸਰੀ 'ਚ ਪੰਜਾਬੀ ਨੌਜਵਾਨਾਂ ਨੂੰ ਨਕਲੀ ਬੰਦੂਕ ਨਾਲ ਖੇਡਣਾ ਪਿਆ ਮਹਿੰਗਾ

**ਵੈਨਕੂਵਰ, (ਪੰਜਾਬ ਮੇਲ)**- ਸਰੀ ਪੁਲਿਸ ਵੱਲੋਂ ਪੰਜਾਬੀ ਨੌਜਵਾਨਾਂ ਖ਼ਿਲਾਫ਼ ਕੀਤੀ ਕਾਰਵਾਈ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਚਰਚਾ ਹੈ ਕਿ ਕਿਸੇ ਪੰਜਾਬੀ ਨੇ ਹੀ ਇਹ ਵੀਡੀਓ ਬਣਾਈ ਹੈ। ਜਾਣਕਾਰੀ ਅਨੁਸਾਰ ਸਰੀ ਦੇ 78-ਏ ਐਵੇਨਿਊ ਦੇ ਇਕ ਘਰ 'ਚ 7-8 ਪੰਜਾਬੀ ਵਿਦਿਆਰਥੀ ਰਹਿੰਦੇ ਸਨ। ਇਨ੍ਹਾਂ 'ਚੋਂ ਇਕ ਨੌਜਵਾਨ ਬਾਜ਼ਾਰ 'ਚੋਂ ਨਕਲੀ ਬੰਦੂਕ ਖਰੀਦ ਲਿਆਇਆ ਤੇ ਬਾਹਰ ਬੈਠ ਕੇ ਉਸ ਨੂੰ ਸਾਫ਼ ਕਰਨ ਦਾ ਨਾਟਕ ਕਰਨ ਲੱਗਾ। ਗੁਆਂਢੀਆਂ ਨੇ ਬੰਦੂਕ ਅਸਲੀ ਸਮਝ ਕੇ ਤੁਰੰਤ ਪੁਲਿਸ ਨੂੰ ਫੋਨ ਕੀਤਾ। ਮਿੰਟਾਂ 'ਚ ਪੁਲਿਸ ਦੀਆਂ ਕਈ ਗੱਡੀਆਂ ਪਹੁੰਚ ਗਈਆਂ ਅਤੇ ਘਰ ਨੂੰ ਘੇਰਾ ਪਾ ਕੇ ਸਪੀਕਰ ਰਾਹੀਂ ਸਭ ਨੂੰ ਹੱਥ ਖੜ੍ਹੇ ਕਰ ਕੇ ਬਾਹਰ ਆਉਣ ਲਈ ਕਿਹਾ। ਜਿਵੇਂ-ਜਿਵੇਂ ਉਸ ਘਰ 'ਚ ਰਹਿੰਦੇ ਮੁੰਡੇ ਬਾਹਰ ਆਉਂਦੇ ਗਏ, ਪੁਲਿਸ ਮੁਲਾਜ਼ਮ ਉਨ੍ਹਾਂ ਨੂੰ ਹੱਥਕੜੀਆਂ ਲਾ ਕੇ ਜ਼ਮੀਨ 'ਤੇ ਬਿਠਾਉਂਦੇ ਗਏ। ਕਈ ਘੰਟਿਆਂ ਬਾਅਦ ਪੁਲਿਸ ਨੇ ਦੱਸਿਆ ਕਿ ਘਰ 'ਚੋਂ ਨਕਲੀ ਬੰਦੂਕ ਬਰਾਮਦ ਹੋਈ ਹੈ। ਪੁਲਿਸ ਨੇ ਦੱਸਿਆ ਕਿ ਇਨ੍ਹਾਂ 'ਚੋਂ ਇਕ ਨੂੰ ਹਿਰਾਸਤ ਵਿਚ ਲੈ ਕੇ ਪੁੱਛ-ਪੜਤਾਲ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਵੱਲੋਂ ਬੰਦੂਕ ਖਰੀਦਣ ਦਾ ਮਕਸਦ ਲੁੱਟ-ਖੋਹ ਦਾ ਇਰਾਦਾ ਤਾਂ ਨਹੀਂ ਸੀ। ਉਂਜ ਵੀਡੀਓ ਕਿਸੇ ਪੰਜਾਬੀ ਵੱਲੋਂ ਬਣਾਈ ਹੋਈ ਲੱਗਦੀ ਹੈ।

# ਅਮਰੀਕੀ ਰਾਸ਼ਟਰਪਤੀ ਚੋਣ : ਟਰੰਪ ਦੀ ਜਿੱਤ ਦੇ 56 ਫੀਸਦੀ ਆਸਾਰ ਹੋਣ ਦਾ ਦਾਅਵਾ

- 6 ਸੂਬੇ ਪਲਟ ਸਕਦੇ ਹਨ ਖੇਡ

**ਵਾਸ਼ਿੰਗਟਨ, (ਪੰਜਾਬ ਮੇਲ)**- ਚੋਣਾਂ ਦੇ ਅਗਾਊਂ ਅੰਦਾਜ਼ਿਆਂ 'ਚ ਸਾਬਕਾ ਅਮਰੀਕੀ ਰਾਸ਼ਟਰਪਤੀ ਅਤੇ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਦੀ ਜਿੱਤ ਦੇ 56 ਫੀਸਦੀ ਆਸਾਰ ਹੋਣ ਦਾ ਦਾਅਵਾ ਕੀਤਾ ਗਿਆ ਹੈ। ਹਾਲਾਂਕਿ, ਰਾਸ਼ਟਰਪਤੀ ਜੋਅ ਬਾਇਡਨ, ਜੋ ਕਿ ਡੈਮੋਕ੍ਰੇਟਿਕ ਉਮੀਦਵਾਰ ਹਨ, ਉਨ੍ਹਾਂ ਨੂੰ ਸਖਤ ਟੱਕਰ ਦੇ ਰਹੇ ਹਨ।

ਕੁੱਲ 538 ਇਲੈਕਟੋਰਲ ਵੋਟਾਂ 'ਚੋਂ ਜੇਤੂ ਉਮੀਦਵਾਰ ਨੂੰ 270 ਵੋਟਾਂ ਲੈਣੀਆਂ ਪੈਣਗੀਆਂ। ਇਹ ਵੋਟਾਂ 50 ਸੂਬਿਆਂ ਅਤੇ ਡਿਸਟ੍ਰਿਕਟ ਆਫ਼ ਕੋਲੰਬੀਆ 'ਚ ਆਬਾਦੀ ਦੇ ਅਨੁਪਾਤ 'ਚ ਵੰਡੀਆਂ ਹੋਈਆਂ ਹਨ। 2024 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਲਈ 'ਦਿ ਹਿੱਲ' ਦੇ ਅਗਾਊਂ ਅੰਦਾਜ਼ੇ ਅਨੁਸਾਰ ਮੌਜੂਦਾ ਸਥਿਤੀ 'ਚ ਬਾਇਡਨ ਨੂੰ 258 ਤੇ ਟਰੰਪ ਨੂੰ 280 ਇਲੈਕਟੋਰਲ ਵੋਟਾਂ ਮਿਲਣ ਦੀ ਸੰਭਾਵਨਾ ਹੈ।

ਸਾਊਥ ਕੈਰੋਲੀਨਾ, ਨੇਬ੍ਰਾਸਕਾ-1, ਮਸੌਰੀ, ਕਨਸਾਸ, ਇੰਡੀਆਨਾ, ਮਿਸੀਸਿਪੀ, ਮੋਂਟਾਨਾ, ਲੂਸੀਆਨਾ, ਨੇਬ੍ਰਾਸਕਾ, ਉੱਤਰੀ ਡਕੋਟਾ, ਉਤਾਹ, ਇਡਾਹੋ, ਟੈਨੇਸੀ, ਅਰਕਨਸਾਸ, ਅਲਬਾਮਾ, ਕੈਂਟਕੀ, ਸਾਊਥ ਡਕੋਟਾ, ਓਕਲਾਹੋਮਾ, ਵੈਸਟ ਵਰਜੀਨੀਆ ਤੇ ਵਾਇਮਿੰਗ ਵਿਚ ਡੋਨਾਲਡ ਟਰੰਪ ਨੂੰ 97 ਫੀਸਦੀ ਤੋਂ 99 ਫੀਸਦੀ ਤੱਕ ਸਮਰਥਨ ਮਿਲ ਰਿਹਾ ਹੈ।

ਅਮਰੀਕਾ ਦੇ 6 ਸੂਬਿਆਂ ਨੇਵਾਡਾ, ਮਿਸ਼ੀਗਨ, ਪੈਨੇਸਿਲਵੇਨੀਆ, ਵਿਸਕਾਨਸਿਨ, ਐਰੀਜ਼ੋਨਾ ਅਤੇ ਜਾਰਜੀਆ 'ਚ ਸਖ਼ਤ ਮੁਕਾਬਲਾ ਹੈ। ਇੱਥੇ ਬਾਜ਼ੀ ਕਿਸੇ ਵੀ ਪਾਸੇ ਪਲਟ ਸਕਦੀ ਹੈ। ਚੋਣਾਂ ਤੋਂ ਪਹਿਲਾਂ ਦੇ ਮੁਲਾਂਕਣ ਅਨੁਸਾਰ ਇਨ੍ਹਾਂ ਸੂਬਿਆਂ 'ਚੋਂ 2 ਨੇਵਾਡਾ ਅਤੇ ਮਿਸ਼ੀਗਨ ਵਿਚ ਹੀ ਬਾਇਡਨ ਨੂੰ 53 ਅਤੇ 54 ਫੀਸਦੀ ਲੀਡ ਦਾ ਅਨੁਮਾਨ ਹੈ।

# ਐੱਚ-1ਬੀ ਵੀਜ਼ਾ ਦਾ ਅਮਰੀਕੀ ਅਤੇ ਭਾਰਤੀ ਆਈ.ਟੀ. ਖੇਤਰ 'ਤੇ ਪਿਆ ਸਕਾਰਾਤਮਕ ਪ੍ਰਭਾਵ

- ਭਾਰਤ ਵਿਦੇਸ਼ਾਂ ਤੋਂ ਪੈਸੇ ਹਾਸਲ ਕਰਨ ਵਾਲਾ ਦੁਨੀਆਂ ਦਾ ਸਭ ਤੋਂ ਵੱਡਾ ਪ੍ਰਾਪਤਕਰਤਾ

**ਵਾਸ਼ਿੰਗਟਨ, (ਪੰਜਾਬ ਮੇਲ)**- ਕਈ ਉੱਚ ਹੁਨਰਮੰਦ ਭਾਰਤੀਆਂ ਲਈ ਅਮਰੀਕਾ ਜਾਣ ਦੇ ਸਭ ਤੋਂ ਮਜ਼ਬੂਤ ਮਾਰਗ ਐੱਚ-1ਬੀ ਅਸਥਾਈ ਵਰਕ ਵੀਜ਼ਾ ਦਾ ਅਮਰੀਕੀ ਅਤੇ ਭਾਰਤੀ ਤਕਨਾਲੋਜੀ ਖੇਤਰ ਦੋਵਾਂ 'ਤੇ ਸਕਾਰਾਤਮਕ ਪ੍ਰਭਾਵ ਪਿਆ ਹੈ। ਹਰ ਸਾਲ ਲੱਖਾਂ ਭਾਰਤੀ ਵਿਦਿਆਰਥੀ ਵਿਦੇਸ਼ਾਂ 'ਚ ਆਪਣੀ ਪੜ੍ਹਾਈ ਕਰਨ ਲਈ ਜਾਂਦੇ ਹਨ। ਸਾਲ 2022 'ਚ 1.4 ਮਿਲੀਅਨ ਭਾਰਤੀ ਵਿਦਿਆਰਥੀ ਵਿਦੇਸ਼ ਗਏ ਸਨ, ਜਿਨ੍ਹਾਂ 'ਚੋਂ 35 ਫ਼ੀਸਦੀ ਨੇ ਅਮਰੀਕਾ 'ਚ ਅਧਿਐਨ ਕੀਤਾ, ਜਿੱਥੇ ਉਹ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਸਮੂਹ ਹੈ। ਇਹ ਵਿਦਿਆਰਥੀ ਹਮੇਸ਼ਾ ਆਪਣੇ ਕਰੀਅਰ ਨੂੰ ਅੱਗੇ ਵਧਾਉਣ ਲਈ ਵਿਦੇਸ਼ ਜਾਂਦੇ ਹਨ, ਜਿਨ੍ਹਾਂ 'ਚੋਂ ਕਈ ਵਿਦੇਸ਼ 'ਚ ਹੀ ਰਹਿਣਾ ਪਸੰਦ ਕਰਦੇ ਹਨ। ਨਤੀਜੇ ਵਜੋਂ ਭਾਰਤ 'ਚ ਕਿਸੇ ਵੀ ਹੋਰ ਦੇਸ਼ ਦੀ ਤੁਲਨਾ 'ਚ ਪ੍ਰਵਾਸੀ ਆਬਾਦੀ ਕਾਫ਼ੀ ਵੱਧ ਹੈ। ਇਕੱਲੇ ਅਮਰੀਕਾ 'ਚ 4.6 ਮਿਲੀਅਨ ਭਾਰਤੀ ਮੂਲ ਦੇ ਵਾਸੀ ਹਨ ਪਰ ਹੋਰ ਦੇਸ਼ਾਂ ਨੂੰ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਅਤੇ ਪ੍ਰਵਾਸੀਆਂ ਦੀ ਆਮਦ ਨਾਲ ਲਾਭ ਮਿਲ ਰਿਹਾ ਹੈ, ਤਾਂ ਇਸ ਦਾ ਭਾਰਤ 'ਤੇ ਕੀ ਪ੍ਰਭਾਵ ਪੈਂਦਾ ਹੈ? ਕੀ ਭਾਰਤ ਹੌਲੀ-ਹੌਲੀ ਆਪਣੇ ਪ੍ਰਤਿਭਾਸ਼ਾਲੀ ਨੌਜਵਾਨਾਂ ਤੋਂ ਵਾਂਝਾ ਹੋ ਰਿਹਾ ਹੈ? ਵਿਦੇਸ਼ਾਂ 'ਚ ਰਹਿਣ ਵਾਲੇ ਭਾਰਤੀਆਂ ਵਲੋਂ ਭਾਰਤ 'ਚ ਯੋਗਦਾਨ ਕਰਨ ਦਾ ਸਭ ਤੋਂ ਸਪੱਸ਼ਟ ਅਤੇ ਯੋਗ ਤਰੀਕਾ ਪੈਸਾ ਭੇਜਣਾ ਹੈ। ਵਿਸ਼ਵ ਬੈਂਕ ਅਨੁਸਾਰ, ਭਾਰਤ ਹੁਣ ਤੱਕ ਵਿਦੇਸ਼ਾਂ ਤੋਂ ਪ੍ਰਾਪਤ ਪੈਸੇ ਦਾ ਦੁਨੀਆ ਦਾ ਸਭ ਤੋਂ ਵੱਡਾ ਪ੍ਰਾਪਤਕਰਤਾ ਹੈ, ਜਿਸ ਨੂੰ 2023 'ਚ 125 ਬਿਲੀਅਨ ਅਮਰੀਕੀ ਡਾਲਰ ਪ੍ਰਾਪਤ ਹੋਏ। ਇਹ ਪੈਸੇ ਹਮੇਸ਼ਾ ਭਾਰਤੀ ਪਰਿਵਾਰਾਂ ਲਈ ਮਹੱਤਵਪੂਰਨ ਹੁੰਦੇ ਹਨ, ਜੋ ਗਰੀਬੀ ਨੂੰ ਘੱਟ ਕਰਨ, ਪੋਸ਼ਣ 'ਚ ਸੁਧਾਰ ਕਰਨ ਅਤੇ ਘਰੇਲੂ ਲਚੀਲਾਪਨ ਬਣਾਉਣ 'ਚ ਮਦਦ ਕਰਦੇ ਹਨ।

ਭਾਰਤ ਦੇ ਮਾਮਲੇ 'ਚ, ਇਸ ਗੱਲ ਦੇ ਸਬੂਤ ਹਨ ਕਿ ਐੱਚ-1ਬੀ ਅਸਥਾਈ ਵਰਕ ਵੀਜ਼ਾ ਨੇ ਭਾਰਤ 'ਚ ਆਈ.ਟੀ. ਬੂਮ ਨੂੰ ਉਤਸ਼ਾਹ ਦੇ ਕੇ ਅਤੇ ਦੋਹਾਂ ਦੇਸ਼ਾਂ 'ਚ ਮਜ਼ਦੂਰਾਂ ਦੇ ਵਪਾਰ ਦੀ ਚੋਣ ਨੂੰ ਪ੍ਰਭਾਵਿਤ ਕਰ ਕੇ ਯੂ.ਐੱਸ. ਅਤੇ ਭਾਰਤੀ ਤਕਨਾਲੋਜੀ ਖੇਤਰਾਂ ਦੋਹਾਂ 'ਤੇ ਸਕਾਰਾਤਮਕ ਪ੍ਰਭਾਵ ਪਾਇਆ ਹੈ। ਭਾਰਤ ਨੂੰ 'ਵਾਪਸੀ ਪ੍ਰਵਾਸ' ਤੋਂ ਬਹੁਤ ਲਾਭ ਹੋਇਆ ਹੈ, ਜਦੋਂ ਇਸ ਦੇ ਨਾਗਰਿਕ ਵਿਦੇਸ਼ 'ਚ ਕੁਝ ਸਮਾਂ ਬਿਤਾਉਣ ਤੋਂ ਬਾਅਦ ਘਰ ਪਰਤਦੇ ਹਨ। ਭਾਰਤ ਵਾਪਸ ਆਉਣ ਤੋਂ ਬਾਅਦ ਕਈ ਭਾਰਤੀ ਅਜਿਹੇ ਵਪਾਰੀ ਬਣਦੇ ਹਨ, ਜੋ ਭਾਰਤ ਦੀ ਅਰਥਵਿਵਸਥਾ 'ਚ

# ਪੰਜਾਬੀ ਫ਼ਿਲਮ "ਉੱਚਾ ਦਰ ਬਾਬੇ ਨਾਨਕ ਦਾ" 12 ਜੁਲਾਈ ਨੂੰ ਹੋਵੇਗੀ ਰਿਲੀਜ਼




**ਫਰਿਜ਼ਨੋ, (ਪੰਜਾਬ ਮੇਲ)**- ਹਾਸ-ਰਸ ਵਾਲੀਆਂ ਫਿਲਮਾਂ ਦੇ ਟਰਿੰਡ ਤੋਂ ਹਟਕੇ ਇੱਕ ਹੋਰ ਪੰਜਾਬੀ ਫਿਲਮ "ਉੱਚਾ ਦਰ ਬਾਬੇ ਨਾਨਕ ਦਾ" 12 ਜੁਲਾਈ ਨੂੰ ਦੁਨੀਆਂ ਭਰ ਦੇ ਸਿਨੇਮਾਂ ਘਰਾਂ ਵਿਚ ਰਿਲੀਜ਼ ਹੋਣ ਜਾ ਰਹੀ ਹੈ। ਇਸ ਫਿਲਮ ਸਬੰਧੀ ਦਰਸ਼ਕਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਅਮਰੀਕਾ ਦੇ ਵੱਖੋ-ਵੱਖ ਸ਼ਹਿਰਾਂ ਵਿਚ ਸਮਾਗਮ ਕੀਤੇ ਜਾ ਰਹੇ ਹਨ। ਇਸੇ ਕੜੀ ਤਹਿਤ ਫਰਿਜ਼ਨੋ ਸ਼ਹਿਰ ਦੇ ਇੰਡੀਆ ਕਬਾਬ ਪੈਲਿਸ ਰੈਸਟੋਰੈਂਟ ਵਿਚ ਫਿਲਮ ਦੀ ਟੀਮ ਵੱਲੋਂ ਇੱਕ ਵਿਸ਼ੇਸ਼ ਸਮਾਗਮ ਰੱਖਿਆ ਗਿਆ। ਇਸ ਸਮਾਗਮ ਦੌਰਾਨ ਫਿਲਮ ਦੇ ਡਾਇਰੈਕਟਰ ਤਰਨਵੀਰ ਸਿੰਘ ਜਗਪਾਲ, ਅਦਾਕਾਰਾ ਮੋਨਿਕਾ ਗਿੱਲ ਅਤੇ ਅਦਾਕਾਰਾ ਕਿੰਮੀ ਵਰਮਾ ਪਹੁੰਚੇ ਹੋਏ ਸਨ। ਸਮਾਗਮ ਦੀ ਸ਼ੁਰੂਆਤ ਹੋਸਟ ਜੋਤ ਰਣਜੀਤ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖਕੇ ਕੀਤੀ। ਉਪਰੰਤ ਡਾਇਰੈਕਟਰ ਤਰਨਵੀਰ ਸਿੰਘ ਜਗਪਾਲ ਨੇ ਹਾਜ਼ਰੀਨ ਨੂੰ ਸੰਬੋਧਨ ਕੀਤਾ ਅਤੇ ਕਿਹਾ ਕਿ ਪਹਿਲਾਂ ਵੀ ਸਾਡੀ ਟੀਮ 'ਰੱਬ ਦਾ ਰੇਡੀਓ' ਅਤੇ 'ਦਾਣਾ-ਪਾਣੀ' ਵਰਗੀਆਂ ਅਨੇਕਾਂ ਸਫਲ ਫਿਲਮਾਂ ਪੰਜਾਬੀ ਸਿਨਮੇ ਦੀ ਝੋਲੀ ਪਾ ਚੁੱਕੀ ਹੈ। ਇਸ ਵਾਰ ਅਸੀਂ ਬਾਬੇ ਨਾਨਕ ਦੇ ਫਲਸਫੇ ਅਤੇ ਗੁਰਬਾਣੀ ਦੀ ਤਾਕਤ ਬਾਰੇ ਪੰਜਾਬੀ ਫਿਲਮ 'ਉੱਚਾ ਦਰ ਬਾਬੇ ਨਾਨਕ ਦਾ' ਲੈ ਕੇ ਦਰਸ਼ਕਾਂ ਦੀ ਕਚਿਹਰੀ ਵਿਚ ਹਾਜ਼ਰ ਹੋ ਰਹੇ ਹਾਂ ਅਤੇ ਆਸ ਕਰਦੇ ਹਾਂ ਕਿ ਪੰਜਾਬੀ ਸਿਨੇਮਾਂ ਪ੍ਰੇਮੀ ਪਿਆਰ ਬਖ਼ਸ਼ਣਗੇ। ਇਸ ਮੌਕੇ ਅਦਾਕਾਰਾ ਮੋਨਿਕਾ ਗਿੱਲ ਨੇ ਕਿਹਾ ਕਿ ਇਹ ਫਿਲਮ ਟਰੈਂਡ ਤੋਂ ਹੱਟਕੇ ਸਾਡੇ ਯੂਥ ਨੂੰ ਗੁਰਬਾਣੀ ਦੀ ਤਾਕਤ ਤੋਂ ਜਾਣੂ ਕਰਵਾਉਣ ਦੇ ਮਨਸੂਬੇ ਨਾਲ ਬਣਾਈ ਗਈ ਹੈ, ਅਤੇ ਆਸ ਕਰਦੇ ਹਾਂ ਕਿ ਇਹ ਫਿਲਮ ਪੰਜਾਬੀ ਸਿਨਮੇ ਲਈ ਮੀਲ ਪੱਥਰ ਸਾਬਤ ਹੋਵੇਗੀ। ਅਦਾਕਾਰਾ ਕਿੰਮੀ ਵਰਮਾ ਨੇ ਕਿਹਾ ਕਿ ਅੱਜਕੱਲ੍ਹ ਡਿਪਰੈਸ਼ਨ, ਘਰਾਂ ਦੇ ਕਲੇਸ਼, ਨਸ਼ਾ ਆਦਿ ਸਾਡੇ ਸਮਾਜ ਨੂੰ ਘੁੰਣ ਵਾਂਗ ਖਾ ਰਿਹਾ ਹੈ। ਇਨ੍ਹਾਂ ਅਲਾਮਤਾਂ ਦੇ ਹੱਲ ਲਈ ਗੁਰਬਾਣੀ ਅਤੇ ਬਾਬੇ ਨਾਨਕ ਦੇ ਫਲਸਫੇ 'ਤੇ ਆਧਾਰਿਤ ਇਹ ਫ਼ਿਲਮ ਹਰ ਇੱਕ ਨੂੰ ਜ਼ਰੂਰ ਵੇਖਣੀ ਚਾਹੀਦੀ ਹੈ। ਉਨ੍ਹਾਂ ਅਪੀਲ ਕੀਤੀ ਕਿ ਸਾਰੇ ਪੰਜਾਬੀ ਪਰਿਵਾਰਾਂ ਸਮੇਤ ਇਸ ਪਰਿਵਾਰਕ ਫ਼ਿਲਮ ਨੂੰ 12 ਜੁਲਾਈ ਨੂੰ ਜ਼ਰੂਰ ਸਿਨੇਮਾ ਘਰਾਂ ਵਿਚ ਵੇਖਣ ਜਾਣ। ਇਸ ਫਿਲਮ ਵਿਚ ਐਕਟਰ ਦੇਵ ਖਰੌੜ, ਯੋਗਰਾਜ ਸਿੰਘ, ਮੋਨਿਕਾ ਗਿੱਲ, ਕਿੰਮੀ ਵਰਮਾ, ਕਮਲਜੀਤ ਨੀਰੂ, ਈਸਾ ਰਿੱਕੀ, ਹਰਜ਼ ਨਾਗਰਾ ਆਦਿ ਮੁੱਖ ਭੂਮਿਕਾਵਾਂ ਵਿਚ ਨਜ਼ਰ ਆਉਣਗੇ। ਇਸ ਮੌਕੇ ਫਰਿਜ਼ਨੋ ਦੀਆਂ ਸਿਰਕੱਢ ਸ਼ਖਸੀਅਤਾਂ, ਜਿਨ੍ਹਾਂ ਵਿਚ ਕਿਰਸਾਨ ਚਰਨਜੀਤ ਸਿੰਘ ਬਾਠ, ਸ਼ਰੂ ਸ਼ਰਮਾ, ਜਗਦੀਪ ਸਿੰਘ (ਜੇ.ਐੱਸ. ਇੰਸ਼ੋਰੈਂਸ), ਸੁਖਬੀਰ ਸਿੰਘ ਭੰਡਾਲ, ਸ਼ਰਨਜੀਤ ਕੌਰ ਧਾਲੀਵਾਲ, ਹਰਦੇਵ ਸਿੰਘ ਸਿੱਧੂ, ਰਾਜ ਬਰਾੜ (ਸੈਂਟਰਲ ਟਰੱਕ ਡਰਾਈਵਿੰਗ ਸਕੂਲ), ਪਵਨ ਬਰਾੜ (ਸਟਾਈਲ ਐਂਡ ਸਮਾਈਲ ਸਟੂਡੀਓ), ਮਾਸਟਰ ਸੁਲੱਖਣ ਸਿੰਘ ਗਿੱਲ, ਗੁਰਮੀਤ (ਮੈਕਸ ਪ੍ਰਿੰਟਿੰਗ) ਅਤੇ ਕਾਂਗਰਸ ਲਈ ਉਮੀਦਵਾਰ ਮਾਈਕਲ ਮਹਿਰ ਆਦਿ ਮੌਜੂਦ ਰਹੇ।

ਸਫਾ 1 ਦਾ ਬਾਕੀ

# ਸਿਆਸੀ ਪਾਰਟੀਆਂ ਲਈ ਵੱਕਾਰ ਦਾ ਸਵਾਲ ਬਣੀ ਜਲੰਧਰ...

ਇਸ ਦੌਰਾਨ ਉਨ੍ਹਾਂ ਨੇ ਆਪਣੇ ਵਿਧਾਇਕ ਅਹੁਦੇ ਤੋਂ ਅਸਤੀਫ਼ਾ ਵਿਧਾਨ ਸਭਾ ਸਪੀਕਰ ਨੂੰ ਭੇਜ ਦਿੱਤਾ। ਹਾਲਾਂਕਿ ਬਾਅਦ 'ਚ ਉਨ੍ਹਾਂ ਨੇ ਅਸਤੀਫ਼ਾ ਵਾਪਸ ਲੈਣ ਚਾਹਿਆ ਪਰ ਇਸ ਤੋਂ ਪਹਿਲਾਂ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਹੋ ਚੁੱਕਾ ਸੀ। ਉਨ੍ਹਾਂ ਦੇ ਅਸਤੀਫ਼ੇ ਤੋਂ ਬਾਅਦ ਇਹ ਸੀਟ ਖ਼ਾਲੀ ਹੋ ਗਈ। ਇਸ ਸੀਟ 'ਤੇ ਹੋਣ ਵਾਲੀ ਜ਼ਿਮਨੀ ਚੋਣ ਲਈ ਹੁਣ ਭਾਜਪਾ ਵੱਲੋਂ ਸ਼ੀਤਲ ਅੰਗੁਰਾਲ, ਆਮ ਆਦਮੀ ਪਾਰਟੀ ਵੱਲੋਂ ਮਹਿੰਦਰ ਭਗਤ ਅਤੇ ਕਾਂਗਰਸ ਵੱਲੋਂ ਸੁਰਿੰਦਰ ਕੌਰ ਚੋਣ ਮੈਦਾਨ 'ਚ ਹੈ।

ਹਾਲ ਹੀ 'ਚ ਹੋਈਆਂ ਲੋਕ ਸਭਾ ਚੋਣਾਂ 'ਚ ਸਾਬਕਾ ਸੰਸਦ ਮੈਂਬਰ ਸੁਸ਼ੀਲ ਰਿੰਕੂ ਅਤੇ ਵਿਧਾਇਕ ਸ਼ੀਤਲ ਅੰਗੁਰਾਲ ਤੋਂ ਇਲਾਵਾ ਭਾਜਪਾ ਅਹੁਦੇਦਾਰਾਂ ਅਤੇ ਵਰਕਰਾਂ ਦੀ ਲੰਬੀ-ਚੌੜੀ ਫ਼ੌਜ ਹੋਣ ਦੇ ਬਾਵਜੂਦ ਭਾਜਪਾ ਨੂੰ ਲਗਭਗ 1550 ਵੋਟ ਤੋਂ ਵੈਸਟ ਹਲਕੇ 'ਚ ਹਾਰ ਮਿਲੀ। ਹੁਣ ਭਾਜਪਾ ਇਸ ਸੀਟ ਨੂੰ ਜਿੱਤਣ ਲਈ ਪੂਰਾ ਜ਼ੋਰ ਲਾ ਰਹੀ ਹੈ। ਆਉਣ ਵਾਲੇ ਦਿਨਾਂ 'ਚ ਕਈ ਸਟਾਰ ਪ੍ਰਚਾਰਕ ਵੀ ਪ੍ਰਚਾਰ ਕਰਨ ਆਉਣਗੇ। ਉਥੇ ਹੀ ਦੂਜੇ ਪਾਸੇ ਸੱਤਾ ਪੱਖ ਆਮ ਆਦਮੀ ਪਾਰਟੀ ਇਸ ਸੀਟ ਨੂੰ ਹਰ ਹਾਲ 'ਚ ਜਿੱਤਣਾ ਚਾਹੁੰਦੀ ਹੈ ਕਿਉਂਕਿ ਇਹ ਸੀਟ ਪਹਿਲਾਂ ਆਮ ਆਦਮੀ ਪਾਰਟੀ ਦੇ ਕੋਲ ਸੀ। ਮੁੱਖ ਮੰਤਰੀ ਭਗਵੰਤ ਮਾਨ ਇਸ ਸੀਟ ਨੂੰ ਜਿੱਤ ਕੇ ਇਤਿਹਾਸ ਦੁਹਰਾਉਣਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਨੇ ਜਲੰਧਰ 'ਚ ਕੋਠੀ ਵੀ ਕਿਰਾਏ 'ਤੇ ਲੈ ਲਈ ਹੈ।

ਉਥੇ ਲੋਕ ਸਭਾ ਚੋਣਾਂ 'ਚ ਕਾਂਗਰਸ ਨੂੰ ਮਿਲੀ ਵੱਡੀ ਜਿੱਤ ਨਾਲ ਕਾਂਗਰਸੀ ਕਾਫ਼ੀ ਉਤਸ਼ਾਹਤ ਹਨ। ਵੈਸਟ ਹਲਕੇ 'ਚ ਕਾਂਗਰਸ ਨੂੰ ਮਿਲੀ ਜਿੱਤ ਨਾਲ ਵੀ ਕਾਂਗਰਸ ਦੇ ਹੌਂਸਲੇ ਬੁਲੰਦ ਹਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਲੋਕ ਸਭਾ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਵੀ ਇਸ ਸੀਟ ਨੂੰ ਜਿੱਤਣ ਲਈ ਪੂਰਾ ਜ਼ੋਰ ਲਾ ਰਹੇ ਹਨ। ਇਸ ਸੀਟ 'ਤੇ 10 ਜੁਲਾਈ ਨੂੰ ਵੋਟਿੰਗ ਹੋਵੇਗੀ ਤੇ 13 ਜੁਲਾਈ ਨੂੰ ਨਤੀਜਾ ਐਲਾਨ ਕੀਤਾ ਜਾਵੇਗਾ।

# ਭਾਰਤੀ ਵਿਦਿਆਰਥੀਆਂ 'ਚ ਲੋਕਪ੍ਰਿਅ ਨਹੀਂ ਰਿਹਾ ਕੈਨੇਡਾ!

## ਹੈਰਾਨੀਜਨਕ ਅੰਕੜੇ ਆਏ ਸਾਹਮਣੇ




**ਟੋਰਾਂਟੋ, (ਪੰਜਾਬ ਮੇਲ)-** ਵਿਦੇਸ਼ਾਂ 'ਚ ਪੜ੍ਹਾਈ ਲਈ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਕੈਨੇਡਾ ਲੰਮੇ ਸਮੇਂ ਤੋਂ ਪਸੰਦੀਦਾ ਦੇਸ਼ ਸੀ ਪਰ ਹੁਣ ਭਾਰਤੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੁੰਦਾ ਜਾ ਰਿਹਾ ਹੈ। ਵੱਖ-ਵੱਖ ਕਾਰਨਾਂ ਕਰਕੇ ਪਿਛਲੇ ਇੱਕ ਸਾਲ ਵਿਚ ਭਾਰਤੀ ਵਿਦਿਆਰਥੀਆਂ ਵਿਚ ਕੈਨੇਡਾ ਲੋਕਪ੍ਰਿਅ ਨਹੀਂ ਰਿਹਾ। ਆਈ.ਆਰ.ਸੀ.ਸੀ. ਦੇ ਅੰਕੜਿਆਂ ਅਨੁਸਾਰ ਮਾਰਚ 2024 ਵਿਚ ਸਿਰਫ 4,210 ਭਾਰਤੀ ਵਿਦਿਆਰਥੀਆਂ ਨੇ ਅਧਿਐਨ ਪਰਮਿਟ ਲਈ ਅਰਜ਼ੀ ਦਿੱਤੀ ਹੈ, ਜੋ ਕਿ ਪਿਛਲੇ ਸਾਲ ਦੇ ਮੁਕਾਬਲੇ ਸਿਰਫ 83.16 ਫੀਸਦੀ ਹੈ। ਮਾਰਚ 2022 ਅਤੇ ਮਾਰਚ 2023 ਵਿਚ 25 ਹਜ਼ਾਰ ਭਾਰਤੀ ਵਿਦਿਆਰਥੀਆਂ ਨੇ ਸਟੱਡੀ ਪਰਮਿਟ ਲਈ ਅਰਜ਼ੀ ਦਿੱਤੀ ਸੀ।

ਭਾਰਤੀ ਵਿਦਿਆਰਥੀਆਂ ਵੱਲੋਂ ਕੈਨੇਡੀਅਨ ਸਟੱਡੀ ਪਰਮਿਟ ਅਰਜ਼ੀਆਂ ਦੀ ਗਿਣਤੀ ਅਕਤੂਬਰ 2023 ਤੱਕ ਲਗਾਤਾਰ ਘਟਦੀ ਜਾ ਰਹੀ ਹੈ। ਪਿਛਲੇ ਸਾਲ ਦੇ ਮੁਕਾਬਲੇ 2023 ਦੀ ਆਖਰੀ ਤਿਮਾਹੀ ਵਿਚ 86 ਫੀਸਦੀ ਜ਼ਿਆਦਾ ਭਾਰਤੀ ਵਿਦਿਆਰਥੀਆਂ ਨੇ ਸਟੱਡੀ ਵੀਜ਼ਾ ਲਈ ਅਪਲਾਈ ਕੀਤਾ। 2023 'ਚ ਜੁਲਾਈ ਤੋਂ ਸਤੰਬਰ ਵਿਚਕਾਰ 1.08 ਲੱਖ ਵੀਜ਼ਾ ਪਰਮਿਟ ਜਾਰੀ ਹੋਏ, ਅਕਤੂਬਰ ਤੋਂ ਦਸੰਬਰ ਵਿਚਕਾਰ ਸਟੱਡੀ ਪਰਮਿਟ ਦੀ ਗਿਣਤੀ 14,910 'ਤੇ ਆ ਗਈ।

ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਗਿਰਾਵਟ ਦਾ ਕੈਨੇਡਾ ਦੀ ਅਰਥਵਿਵਸਥਾ 'ਤੇ ਕਾਫੀ ਅਸਰ ਪਿਆ ਹੈ। ਅੰਤਰਰਾਸ਼ਟਰੀ ਵਿਦਿਆਰਥੀ ਵਿਚੋਂ 41 ਫੀਸਦੀ ਭਾਰਤ ਤੋਂ ਆਉਂਦੇ ਹਨ, ਉਹ ਟਿਊਸ਼ਨ ਫੀਸਾਂ, ਰਿਹਾਇਸ਼ ਅਤੇ ਰਹਿਣ-ਸਹਿਣ ਦੇ ਖਰਚਿਆਂ ਰਾਹੀਂ ਸਾਲਾਨਾ ਅਰਬਾਂ ਡਾਲਰ ਦਾ ਯੋਗਦਾਨ ਪਾਉਂਦੇ ਹਨ। ਕੈਨੇਡੀਅਨ ਬਿਊਰੋ ਫਾਰ ਇੰਟਰਨੈਸ਼ਨਲ ਐਜੂਕੇਸ਼ਨ ਦੀ ਰਿਪੋਰਟ ਅਨੁਸਾਰ ਅੰਤਰਰਾਸ਼ਟਰੀ ਵਿਦਿਆਰਥੀ ਸਾਲਾਨਾ ਕੈਨੇਡੀਅਨ ਆਰਥਿਕਤਾ ਵਿਚ ਲਗਭਗ 1.34 ਲੱਖ ਕਰੋੜ ਰੁਪਏ ਦਾ ਯੋਗਦਾਨ ਪਾਉਂਦੇ ਹਨ।

ਪੰਜਾਬ ਦੇ ਵਿਦਿਆਰਥੀ ਕੈਨੇਡੀਅਨ ਆਰਥਿਕਤਾ ਵਿਚ 68,000 ਕਰੋੜ ਰੁਪਏ ਦਾ ਯੋਗਦਾਨ ਪਾਉਂਦੇ ਹਨ। ਓਨਟਾਰੀਓ ਵਿਚ 8 ਸਾਲਾਂ ਤੋਂ ਕਰਿਆਨੇ ਦੀ ਦੁਕਾਨ ਚਲਾ ਰਹੇ ਰਾਜ ਪਟੇਲ ਦਾ ਕਹਿਣਾ ਹੈ ਕਿ ਸਾਡੇ ਜ਼ਿਆਦਾਤਰ ਉਤਪਾਦ ਕਿਫਾਇਤੀ ਹਨ, ਵਿਦਿਆਰਥੀ ਸਾਡੇ ਮੁੱਖ ਗਾਹਕਾਂ ਵਿਚੋਂ ਇੱਕ ਹਨ। ਇਸ ਬਦਲਾਅ ਕਾਰਨ ਕਾਰੋਬਾਰ ਪ੍ਰਭਾਵਿਤ ਹੋਇਆ ਹੈ। ਭਾਰਤੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਵਿਚ ਗਿਰਾਵਟ ਦੇ ਕਈ ਕਾਰਨ ਹਨ, ਇਨ੍ਹਾਂ ਵਿਚ ਵਿਗੜਦੇ ਕੂਟਨੀਤਿਕ ਸਬੰਧ, ਰੁਜ਼ਗਾਰ ਦੇ ਮੌਕਿਆਂ ਦੀ ਘਾਟ, ਰਹਿਣ-ਸਹਿਣ ਦੀਆਂ ਵਧਦੀਆਂ ਕੀਮਤਾਂ ਸ਼ਾਮਲ ਹਨ। ਕੈਨੇਡਾ ਵਿਚ 2021 ਵਿਚ ਮਹਿੰਗਾਈ ਦਰ 0.71 ਫੀਸਦੀ, ਜੋ 2023 ਵਿਚ ਵੱਧ ਕੇ 6.8 ਫੀਸਦੀ ਹੋ ਗਿਆ ਹੈ। ਸਰਕਾਰ ਨੇ ਭਾਰਤੀ ਵਿਦਿਆਰਥੀਆਂ 'ਤੇ ਹਫ਼ਤੇ 'ਚ 24 ਘੰਟੇ ਕੰਮ ਕਰਨ ਦੀ ਸੀਮਾ ਲਗਾਈ ਹੈ। ਇਸ ਕਾਰਨ ਵਿਦਿਆਰਥੀਆਂ ਲਈ ਚੰਗੀ ਜੀਵਨ ਸ਼ੈਲੀ ਜਿਊਣਾ ਸੰਭਵ ਨਹੀਂ ਹੈ। ਕੈਨੇਡਾ ਵਿਚ ਰਿਹਾਇਸ਼ੀ ਸੰਕਟ ਕਾਰਨ ਇੱਕ ਮਕਾਨ ਕਿਰਾਏ 'ਤੇ ਦੇਣਾ ਤੇ ਇਸ ਨੂੰ ਲੈਣਾ ਵੀ ਹੁਣ ਬਰਦਾਸ਼ਤਯੋਗ ਨਹੀਂ ਹੈ। ਕੈਨੇਡਾ ਵਿਚ ਨੌਕਰੀ ਦੀ ਮਾਰਕੀਟ ਵਿਚ ਗਿਰਾਵਟ ਭਾਰਤੀ ਵਿਦਿਆਰਥੀਆਂ ਲਈ ਹੋਰ ਸਮੱਸਿਆਵਾਂ ਪੈਦਾ ਕਰ ਰਹੀ ਹੈ। ਕੈਨੇਡਾ ਵਿਚ ਤਕਨੀਕੀ ਭਰਤੀ ਕਰਨ ਵਾਲੇ ਲਸ਼ਿਤ ਕਪੂਰ ਦਾ ਕਹਿਣਾ ਹੈ ਕਿ ਭਾਰਤੀ ਵਿਦਿਆਰਥੀ 20 ਸਾਲਾਂ ਦੇ ਹੁੰਦੇ ਹਨ ਅਤੇ ਉਨ੍ਹਾਂ ਕੋਲ ਇਹ ਸਖ਼ਤ ਹੁਨਰ ਨਹੀਂ ਹੁੰਦੇ ਹਨ, ਜਿਸ ਨਾਲ ਉਨ੍ਹਾਂ ਦੇ ਰੁਜ਼ਗਾਰ ਦੀਆਂ ਸੰਭਾਵਨਾਵਾਂ ਹੋਰ ਘਟਦੀਆਂ ਹਨ।

# ਨਿਊਯਾਰਕ 'ਚ ਪੁਲਿਸ ਅਧਿਕਾਰੀ ਨੇ 13 ਸਾਲਾ ਮੁੰਡੇ ਨੂੰ ਗੋਲੀ ਮਾਰੀ



**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਦੇ ਨਿਊਯਾਰਕ 'ਚ ਸ਼ਨਿੱਚਰਵਾਰ ਦੇਰ ਰਾਤ ਜਾਰੀ ਇਕ ਵੀਡੀਓ ਵਿਚ ਪੁਲਿਸ ਅਧਿਕਾਰੀ 13 ਸਾਲਾ ਮੁੰਡੇ ਨੂੰ ਗੋਲੀ ਮਾਰਦਾ ਨਜ਼ਰ ਆ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਮੈਨਹਟਨ ਤੋਂ ਕਰੀਬ 400 ਕਿਲੋਮੀਟਰ ਉੱਤਰ-ਪੱਛਮ 'ਚ ਪੁਲਿਸ ਨੇ ਲੁੱਟ-ਖੋਹ ਦੀ ਜਾਂਚ ਨੂੰ ਲੈ ਕੇ ਸ਼ੁੱਕਰਵਾਰ ਦੇਰ ਰਾਤ 10 ਵਜੇ ਦੋ ਗੱਭਰੂਆਂ ਨੂੰ ਰੋਕਿਆ ਸੀ। ਇਸ ਮਗਰੋਂ ਇਕ ਗੱਭਰੂ ਨੂੰ ਅਧਿਕਾਰੀਆਂ ਨੇ ਗੋਲੀ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ।

# ਸ਼ਿਕਾਗੋ ਅਦਾਲਤ ਨੇ ਭਾਰਤੀ-ਅਮਰੀਕੀ ਡਾਕਟਰ ਨੂੰ ਧੋਖਾਧੜੀ ਦਾ ਦੋਸ਼ੀ ਮੰਨਿਆ

## ਅਦਾਲਤ ਵੱਲੋ ਅਕਤੂਬਰ 'ਚ ਸੁਣਾਈ ਜਾਵੇਗੀ ਸਜ਼ਾ



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-**ਬੀਤੇ ਦਿਨੀਂ ਅਮਰੀਕਾ ਦੇ ਇਲੀਨੌਇਸ ਸੂਬੇ ਦੀ ਭਾਰਤੀ-ਅਮਰੀਕੀ ਡਾਕਟਰ ਮੋਨਾ ਘੋਸ਼ (51) ਨੂੰ ਗੈਰ-ਮੌਜੂਦ ਸੇਵਾਵਾਂ ਲਈ ਮੈਡੀਕੇਡ ਅਤੇ ਪ੍ਰਾਈਵੇਟ ਬੀਮਾਕਰਤਾਵਾਂ ਨੂੰ ਬਿਲਿੰਗ ਕਰਨ ਲਈ ਸੰਘੀ ਸਿਹਤ ਸੰਭਾਲ ਨਾਲ ਧੋਖਾਧੜੀ ਦੇ ਦੋਸ਼ਾਂ ਲਈ ਅਦਾਲਤ ਨੇ ਦੋਸ਼ੀ ਮੰਨਿਆ ਹੈ। ਉਸ ਨੇ ਘੱਟੋ-ਘੱਟ 24 ਲੱਖ ਡਾਲਰ ਦੀ ਧੋਖਾਧੜੀ ਕੀਤੀ ਹੈ। ਉਸ ਨੂੰ ਘੱਟੋ-ਘੱਟ 20 ਸਾਲ ਦੀ ਕੈਦ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਯੂ.ਐੱਸ. ਅਟਾਰਨੀ ਦੇ ਦਫ਼ਤਰ ਅਨੁਸਾਰ, ਡਾ: ਮੋਨਾ ਘੋਸ਼ ਪ੍ਰੋਗਰੈਸਿਵ ਵੂਮੈਨ ਹੈਲਥਕੇਅਰ ਦੀ ਮਾਲਕੀ ਦਾ ਸੰਚਾਲਨ ਕਰਦੀ ਹੈ। ਯੂ.ਐੱਸ. ਅਟਾਰਨੀ ਦਫ਼ਤਰ ਨੇ ਕਿਹਾ, ਡਾਕਟਰ ਮੋਨਾ ਘੋਸ਼ ਨੇ ਇਹ ਵੀ ਮੰਨਿਆ ਹੈ ਕਿ ਉਸਨੇ ਬੀਮਾ ਕੰਪਨੀਆਂ ਨੂੰ ਜਾਅਲੀ ਅਦਾਇਗੀ ਦਾਅਵਿਆਂ ਦਾ ਸਮਰਥਨ ਕਰਨ ਲਈ ਮੈਡੀਕਲ ਰਿਕਾਰਡਾਂ ਨੂੰ ਜਾਅਲੀ ਬਣਾਇਆ ਸੀ। ਇਹ ਭਾਰਤੀ-ਅਮਰੀਕੀ ਡਾਕਟਰ, ਜੋ ਅਮਰੀਕਾ ਦੇ ਰਾਜ ਇਲੀਨੋਇਸ ਦੇ ਇਨਵਰਨੇਸ ਨਾਲ ਸਬੰਧਤ ਹੈ। ਉਸ ਨੂੰ 22 ਅਕਤੂਬਰ ਨੂੰ ਸਜ਼ਾ ਸੁਣਾਏ ਜਾਣ ਦੀ ਸੰਭਾਵਨਾ ਹੈ। ਪਿਛਲੇ ਸਾਲ ਮਾਰਚ ਵਿਚ, ਡਾਕਟਰ ਮੋਨਾ ਘੋਸ਼ ਨੂੰ ਇੱਕ ਸੰਘੀ ਗ੍ਰੈਂਡ ਜਿਊਰੀ ਨੇ ਸਿਹਤ ਸੰਭਾਲ ਧੋਖਾਧੜੀ ਦੇ ਦੋਸ਼ ਵਿਚ ਦੋਸ਼ੀ ਠਹਿਰਾਇਆ ਸੀ।

# ਬਾਇਡਨ ਨੇ ਸਮਲਿੰਗੀ ਸੰਬੰਧਾਂ ਦੇ ਦੋਸ਼ੀ ਹਜ਼ਾਰਾਂ ਸਾਬਕਾ ਫੌਜੀ ਕਰਮਚਾਰੀਆਂ ਨੂੰ ਕੀਤਾ ਮੁਆਫ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਸਮਲਿੰਗੀ ਸਬੰਧਾਂ ਦੇ ਦੋਸ਼ੀ ਹਜ਼ਾਰਾਂ ਸਾਬਕਾ ਫੌਜੀ ਕਰਮਚਾਰੀਆਂ ਨੂੰ ਮੁਆਫ਼ ਕਰ ਦਿੱਤਾ ਹੈ। ਬਾਇਡਨ ਨੇ ਕਿਹਾ ਕਿ ਉਹ 'ਇਤਿਹਾਸਕ ਗਲਤੀ ਨੂੰ ਸੁਧਾਰ ਰਿਹਾ ਹੈ।' ਬਾਇਡਨ ਦੇ ਇਸ ਕਦਮ ਨੇ ਉਨ੍ਹਾਂ ਸੈਨਿਕਾਂ ਨੂੰ ਮੁਆਫ਼ ਕਰ ਦਿੱਤਾ ਹੈ, ਜਿਨ੍ਹਾਂ ਨੂੰ 'ਯੂਨੀਫਾਰਮ ਕੋਡ ਆਫ ਮਿਲਟਰੀ ਜਸਟਿਸ' ਦੀ ਸਾਬਕਾ ਧਾਰਾ 125 ਦੇ ਤਹਿਤ ਦੋਸ਼ੀ ਠਹਿਰਾਇਆ ਗਿਆ ਸੀ, ਜਿਸ ਵਿਚ ਸਮਲਿੰਗਤਾ ਨੂੰ ਅਪਰਾਧ ਮੰਨਿਆ ਗਿਆ ਸੀ।


ਹਾਲਾਂਕਿ ਹੁਣ ਇਸ ਕਾਨੂੰਨ ਨੂੰ ਰੱਦ ਕਰ ਦਿੱਤਾ ਗਿਆ ਹੈ। ਇਹ ਕਾਨੂੰਨ 1951 ਵਿਚ ਅਮਰੀਕੀ ਫੌਜ ਵਿਚ ਲਾਗੂ ਕੀਤਾ ਗਿਆ ਸੀ, ਇਸ ਵਿਚ ਸਾਲ 2013 ਵਿਚ ਦੁਬਾਰਾ ਸੋਧ ਕੀਤੀ ਗਈ ਸੀ ਅਤੇ ਇਹ ਸਿਰਫ ਜ਼ਬਰਦਸਤੀ ਕਾਰਵਾਈਆਂ 'ਤੇ ਪਾਬੰਦੀ ਲਗਾਉਂਦਾ ਹੈ। ਅਮਰੀਕੀ ਰਾਸ਼ਟਰਪਤੀ ਵੱਲੋਂ ਇਨ੍ਹਾਂ ਫੌਜੀ ਮੁਲਾਜ਼ਮਾਂ ਨੂੰ ਮੁਆਫ਼ੀ ਦਿੱਤੇ ਜਾਣ ਨਾਲ ਹੁਣ ਉਹ ਇਹ ਸਬੂਤ ਹਾਸਲ ਲਈ ਅਰਜ਼ੀ ਦਾਇਰ ਕਰ ਸਕਣਗੇ ਕਿ ਉਨ੍ਹਾਂ ਦੀ ਦੋਸ਼ ਖ਼ਤਮ ਕਰ ਦਿੱਤਾ ਗਿਆ ਹੈ ਅਤੇ ਹੁਣ ਉਹ ਤਨਖਾਹ ਤੇ ਹੋਰ ਲਾਭਾਂ ਲਈ ਵੀ ਅਰਜ਼ੀ ਦੇ ਸਕਣਗੇ। ਬਾਇਡਨ ਨੇ ਇੱਕ ਬਿਆਨ ਵਿਚ ਕਿਹਾ, "ਮੈਂ ਬਹੁਤ ਸਾਰੇ ਸਾਬਕਾ ਫੌਜੀ ਕਰਮਚਾਰੀਆਂ ਨੂੰ ਮੁਆਫ਼ੀ ਦੇ ਕੇ ਇੱਕ ਇਤਿਹਾਸਕ ਗਲਤੀ ਨੂੰ ਸੁਧਾਰ ਰਿਹਾ ਹਾਂ, ਜਿਨ੍ਹਾਂ ਨੂੰ ਸਿਰਫ਼ ਇਸ ਲਈ ਦੋਸ਼ੀ ਠਹਿਰਾਇਆ ਗਿਆ ਕਿ ਉਹ ਅਜਿਹੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਸਾਡਾ ਆਪਣੇ ਫੌਜੀਆਂ ਪ੍ਰਤੀ ਫਰਜ਼ ਹੈ। ਇਨ੍ਹਾਂ ਵਿਚ ਸਾਡੇ LGBTQ ਕਮਿਊਨਿਟੀ ਦੇ ਫੌਜੀ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਕਿਸੇ ਵੀ ਖਤਰੇ ਨਾਲ ਨਜਿੱਠਣ ਲਈ ਸਹੀ ਢੰਗ ਨਾਲ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਜਦੋਂ ਤੱਕ ਉਹ ਘਰ ਵਾਪਸ ਜਾਂਦੇ ਹਨ, ਤਾਂ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਦੇਖਭਾਲ ਕੀਤੀ ਜਾਂਦੀ ਹੈ।



ਤਹਿਰੀਕ ਮੇ ਮਹਿਲ ਵੀ ਹੈਂ, ਹਾਕਮ ਵੀ ਔਰ ਤਖਤ ਵੀ, ਗੁਮਨਾਮ ਜੋ ਹੂਏ ਹੈਂ ਵੋ ਲਸ਼ਕਰ ਤਲਾਸ਼ ਕਰ

# ਪੰਜਾਬ - ਜ਼ਿਮਨੀ ਚੋਣਾਂ ਪ੍ਰਤੀ ਲੋਕਾਂ 'ਚ ਵੱਖਰੀ ਉਤਸੁਕਤਾ

# ਯੂ.ਕੇ. ਚੋਣਾਂ ਵਿਚ ਦੇਸੀ ਉਮੀਦਵਾਰਾਂ ਦੀਆਂ ਝੜਪਾਂ ਤੇ ਬੜ੍ਹਕਾਂ

**ਕੁਲਵੰਤ ਸਿੰਘ ਢੇਸੀ**
ਯੂ.ਕੇ.
ਪੰਜਾਬ ਮੇਲ USA





ਪੰਜਾਬ ਦੇ ਜਿਨ੍ਹਾਂ ਇਲਾਕਿਆਂ 'ਚ ਜ਼ਿਮਨੀ ਚੋਣਾਂ ਹੋ ਰਹੀਆਂ ਹਨ, ਉਨ੍ਹਾਂ ਬਾਬਤ ਇੱਕ ਅਹਿਮ ਗੱਲ ਉਭਰ ਕੇ ਆ ਰਹੀ ਹੈ ਕਿ ਪੰਥਕ ਮੁੱਦਿਆਂ 'ਤੇ ਕੀ ਖਡੂਰ ਸਾਹਿਬ ਦੇ ਲੋਕ ਸਭਾ ਹਲਕੇ ਦਾ ਅਮਲ ਮੁੜ ਵੀ ਦੁਹਰਾਇਆ ਜਾ ਸਕਦਾ ਹੈ, ਜਿਸ ਵਿਚ ਭਾਈ ਅੰਮ੍ਰਿਤਪਾਲ ਸਿੰਘ ਦੀ ਜਿੱਤ ਨੇ ਪੰਥ ਵਿਚ ਵੱਖਰੀ ਕਿਸਮ ਦਾ ਜੋਸ਼ ਅਤੇ ਚਾਅ ਭਰ ਦਿੱਤਾ ਸੀ। ਪੱਛਮੀ ਜਲੰਧਰ ਤੋਂ ਇਲਾਵਾ ਡੇਰਾ ਬਾਬਾ ਨਾਨਕ, ਗਿੱਦੜਬਾਹਾ, ਬਰਨਾਲਾ ਅਤੇ ਚੱਬੇਵਾਲ ਦੇ ਹਲਕਿਆਂ ਵਿਚ ਹੋਣ ਵਾਲੀਆ ਚੋਣਾਂ ਦੇ ਉਮੀਦਵਾਰਾਂ ਪ੍ਰਤੀ ਵੀ ਵੋਟਰਾਂ ਦੀ ਭਾਰੀ ਉਤਸੁਕਤਾ ਬਣੀ ਰਹੇਗੀ। ਪੰਜਾਬ ਦੇ ਮਾਝਾ, ਮਾਲਵਾ ਅਤੇ ਦੁਆਬਾ ਦੇ ਤਿੰਨ ਇਲਾਕਿਆਂ ਤੋਂ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਨੇ ਚੋਣਾਂ ਲੜਨ ਦੇ ਐਲਾਨ ਕੀਤੇ ਹਨ। ਇਨ੍ਹਾਂ ਹਲਕਿਆਂ ਸਬੰਧੀ ਬਰਨਾਲਾ ਤੋਂ ਕੁਲਵੰਤ ਸਿੰਘ ਰਾਊਕੇ, ਗਿੱਦੜਬਾਹਾ ਤੋਂ ਭਗਵੰਤ ਸਿੰਘ ਉਰਫ ਪ੍ਰਧਾਨ ਮੰਤਰੀ ਬਾਜੇਕੇ, ਡੇਰਾ ਬਾਬਾ ਨਾਨਕ ਤੋਂ ਦਲਜੀਤ ਸਿੰਘ ਕਸਲੀ ਦੇ ਨਾਮ ਵਰਨਣਯੋਗ ਹਨ।

ਇਨ੍ਹਾਂ ਸਬੰਧੀ ਇਹ ਅੰਦਾਜ਼ੇ ਲਾਏ ਜਾ ਰਹੇ ਹਨ ਕਿ ਜੇਕਰ ਭਾਈ ਅੰਮ੍ਰਿਤਪਾਲ ਸਿੰਘ ਰਿਹਾਅ ਹੋ ਕੇ ਇਨ੍ਹਾਂ ਉਮੀਦਵਾਰਾਂ ਦੇ ਹੱਕ ਵਿਚ ਆ ਨਿਤਰਦੇ ਹਨ, ਤਾਂ ਨਾ ਕੇਵਲ ਇਨ੍ਹਾਂ ਦੇ ਜਿੱਤਣ ਦੀ ਪੂਰੀ ਉਮੀਦ ਕੀਤੀ ਜਾਵੇਗੀ, ਸਗੋਂ ਪੰਜਾਬ ਵਿਚ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿਚ ਮੁੜ ਅੰਮ੍ਰਿਤਸੰਚਾਰ ਲਹਿਰ ਜ਼ੋਰ ਫੜ ਜਾਵੇਗੀ, ਜਿਸ ਦੇ ਦੂਰ ਰਸ ਪ੍ਰਭਾਵ ਪੰਜਾਬ ਵਾਸੀਆਂ 'ਤੇ ਸੁਖਾਵੇਂ ਪੈਣ ਦੇ ਇਮਕਾਨ ਹਨ। ਸਿਆਸੀ ਪੰਡਤ ਇਸ ਗੱਲ ਦੇ ਵੀ ਅੰਦਾਜ਼ੇ ਲਾ ਰਹੇ ਹਨ ਕਿ ਇਨ੍ਹਾਂ ਪੰਥਕ ਸੁਰ ਦੇ ਉਮੀਦਵਾਰਾਂ ਦੀ ਚੜ੍ਹਤ ਕੀ ਭਲਕ ਨੂੰ ਅਕਾਲੀ ਦਲ ਦੀ ਦਲਦਲੀ ਜ਼ਮੀਨ ਨੂੰ ਨਿੱਗਰ ਪੰਥਕ ਜ਼ਮੀਨ ਵਿਚ ਬਦਲ ਸਕਦੀ ਹੈ ਕਿ ਨਹੀਂ? ਇਸ ਸਬੰਧੀ ਵੱਖੋ-ਵੱਖ ਅੰਦਾਜ਼ੇ ਹਨ ਪਰ ਸਭ ਤੋਂ ਚਿੰਤਾਤੁਰ ਗੱਲ ਇਨ੍ਹਾਂ ਸ਼ਖਸੀਅਤਾਂ 'ਤੇ ਲੱਗੇ ਹੋਏ ਐੱਨ.ਐੱਸ.ਏ. ਦੀ ਹੈ। ਨੈਸ਼ਨਲ ਸਕਿਓਰਿਟੀ ਐਕਟ 1980 ਨਾਮ ਦੇ ਇਸ ਅਣਮਨੁੱਖੀ ਕਾਨੂੰਨ ਤਹਿਤ ਵਿਅਕਤੀ ਨੂੰ ਇੱਕ ਸਾਲ ਤੱਕ ਸਲਾਖਾਂ ਪਿੱਛੇ ਡੱਕਿਆ ਜਾ ਸਕਦਾ ਹੈ ਅਤੇ ਫਿਰ ਇੱਕ ਸਾਲ ਪੂਰਾ ਹੋਣ ਬਾਅਦ ਵੀ ਵਿਸ਼ੇਸ਼ ਕਮੇਟੀ ਦੀਆਂ ਸਿਫਾਰਸ਼ਾਂ 'ਤੇ ਵਿਅਕਤੀ ਦੀ ਮਿਆਦ ਵਧਾਈ ਵੀ ਜਾ ਸਕਦੀ ਹੈ। ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀ ਇਸੇ ਕਾਨੂੰਨ ਤਹਿਤ ਮਾਰਚ 2023 ਤੋਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਡੱਕੇ ਹੋਏ ਹਨ। ਭਾਰਤੀ ਦੰਡਾਵਲੀ ਮੁਤਾਬਕ ਜਿਥੇ ਗ੍ਰਿਫਤਾਰ ਕੀਤੇ ਗਏ ਵਿਅਕਤੀ ਨੂੰ 24 ਘੰਟਿਆਂ ਦੇ ਅੰਦਰ-ਅੰਦਰ ਅਦਾਲਤ ਵਿਚ ਪੇਸ਼ ਕਰਨਾ ਜ਼ਰੂਰੀ ਹੁੰਦਾ ਹੈ ਪਰ ਐੱਨ.ਐੱਸ.ਏ. ਦਾ ਕੌਮੀ ਸੁਰੱਖਿਆ ਦਾ ਇਹ ਕਾਨੂੰਨ ਸ਼ਹਿਰੀਆਂ ਦਾ ਇਹ ਹੱਕ ਖੋਂਹਦਾ ਹੈ ਅਤੇ ਇਹ ਰਾਜ ਕਰ ਰਹੀਆਂ ਪਾਰਟੀਆਂ ਦੇ ਹੱਥਾਂ ਵਿਚ ਐੱਨ.ਐੱਸ.ਏ. ਇੱਕ ਹਥਿਆਰ ਵਾਂਗ ਕੰਮ ਕਰਦਾ ਹੈ ਕਿ ਇਸ ਜੰਗਲ ਦੇ ਕਾਨੂੰਨ ਤਹਿਤ ਸਰਕਾਰ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਕਰਵਾ ਸਕਦੀ ਹੈ।

ਭਾਈ ਅੰਮ੍ਰਿਤਪਾਲ ਸਿੰਘ ਦੇ ਸਾਥੀ ਭਾਈ ਕੁਲਵੰਤ ਸਿੰਘ ਰਾਊਕੇ ਸਿੱਖੀ ਸਰੂਪ ਵਿਚ ਹਨ, ਜਿਨ੍ਹਾਂ ਦਾ ਪਰਿਵਾਰਕ ਸਬੰਧ ਖਾੜਕੂ ਲਹਿਰ ਨਾਲ ਰਿਹਾ ਹੈ ਅਤੇ ਭਾਈ ਰਾਊਕੇ ਦੇ ਪਿਤਾ ਜੀ ਖਾੜਕੂ ਲਹਿਰ ਦੌਰਾਨ ਸੰਨ 1993 ਨੂੰ ਪੁਲਿਸ ਨੇ ਘਰੋਂ ਚੁੱਕ ਕੇ ਲਾਪਤਾ ਕਰ ਦਿੱਤਾ ਸੀ, ਜਿਨ੍ਹਾਂ ਬਾਰੇ ਅੱਜ ਤੱਕ ਕੁਝ ਪਤਾ ਨਹੀਂ। ਭਾਈ ਰਾਊਕੇ ਐੱਨ.ਐੱਸ.ਏ. ਤਹਿਤ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹਨ।

ਭਾਈ ਅੰਮ੍ਰਿਤਪਾਲ ਸਿੰਘ ਦੇ ਦੂਜੇ ਸਾਥੀ ਭਗਵੰਤ ਸਿੰਘ ਉਰਫ ਪ੍ਰਧਾਨ ਮੰਤਰੀ ਬਾਜੇਕੇ ਨੇ ਸੋਸ਼ਲ ਮੀਡੀਏ ਰਾਹੀਂ ਮਜ਼ਾਕੀਆ ਲਹਿਜ਼ੇ ਨਾਲ ਲੋਕਾਂ ਵਿਚ ਆਪਣੀ ਪਛਾਣ ਬਣਾਈ ਅਤੇ ਫਿਰ ਭਾਈ ਅੰਮ੍ਰਿਤਪਾਲ ਸਿੰਘ ਦੇ ਹਿਮਾਇਤੀ ਬਣ ਗਏ, ਤਾਂ ਪੁਲਿਸ ਨੇ ਉਸ ਨੂੰ 18 ਮਾਰਚ 2024 ਨੂੰ ਗ੍ਰਿਫਤਾਰ ਕਰ ਲਿਆ। ਭਾਈ ਬਾਜੇਕੇ ਗਰੀਬ ਕਿਸਾਨ ਪਰਿਵਾਰ ਨਾਲ ਜੁੜੇ ਹੋਏ ਹਨ। ਚੋਣਾ ਲਈ ਲੋੜੀਂਦੇ ਹੀਲੇ ਵਸੀਲਿਆਂ ਤੋਂ ਬਿਰਵੇ ਉਮੀਦਵਾਰ ਦੀ ਸਫਲਤਾ ਦਾ ਮੁਨੱਸਰ ਲੋਕ ਲਹਿਰ 'ਤੇ ਹੁੰਦਾ ਹੈ।

ਭਾਈ ਅੰਮ੍ਰਿਤਪਾਲ ਸਿੰਘ ਦੇ ਤੀਸਰੇ ਸਾਥੀ ਦਲਜੀਤ ਸਿੰਘ ਕਲਸੀ ਇੱਕ ਫਿਲਮੀ ਅਦਾਕਾਰ ਹਨ, ਜੋ ਕਿ ਕਦੀ ਦੀਪ ਸਿੱਧੂ ਦੇ ਬਹੁਤ ਨੇੜਲੇ ਸਾਥੀ ਰਹੇ ਸਨ। ਦਲਜੀਤ ਸਿੰਘ 'ਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਜਥੇਬੰਦੀ ਨੂੰ ਮਾਇਕ ਸਹਾਇਤਾ ਦੇਣ ਦੇ ਦੋਸ਼ ਹਨ। 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਹਿਮਾਇਤੀ ਰਹੇ ਦਲਜੀਤ ਸਿੰਘ ਕਲਸੀ ਨੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਇਸ ਜਥੇਬੰਦੀ ਦੀ ਅਗਵਾਈ ਸੰਭਾਲਣ ਵਿਚ ਮੁੱਖ ਭੂਮਿਕਾ ਨਿਭਾਈ ਸੀ ਅਤੇ ਉਨ੍ਹਾਂ ਦਾ ਸਬੰਦ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਹੈ।

## ਯੂ.ਕੇ. ਚੋਣਾਂ 'ਚ ਦੇਸੀ ਉਮੀਦਵਾਰਾਂ ਦੀਆਂ ਝੜਪਾਂ ਤੇ ਬੜ੍ਹਕਾਂ

ਬਰਤਾਨੀਆਂ ਵਿਚ ਚੋਣ ਬੁਖਾਰ ਮਘਦਾ ਜਾ ਰਿਹਾ ਹੈ ਅਤੇ ਇਨ੍ਹਾਂ ਚੋਣਾਂ ਨੂੰ ਕੈਸ਼ ਕਰਨ ਲਈ ਰਾਜਨੀਤਿਕ ਦਲ ਆਪੋ-ਆਪਣੇ ਦਾਅਵੇ ਕਰਨ ਅਤੇ ਵਿਰੋਧੀਆਂ ਨੂੰ ਨਿੰਦਣ ਵਿਚ ਲੱਗੇ ਹੋਏ ਹਨ। ਇਹ ਮੁਕਾਬਲਾ ਪ੍ਰਮੁੱਖ ਤੌਰ 'ਤੇ ਦੋ ਧਿਰਾਂ ਦਰਮਿਆਨ ਹੈ। ਇੱਕ ਧਿਰ ਟੋਰੀਆਂ ਦੀ ਹੈ ਅਤੇ ਦੂਜੀ ਲੇਬਰਾਂ ਦੀ। ਪੇਸ਼ਨਗੋਈਆਂ ਇਹ ਹੋ ਰਹੀਆਂ ਹਨ ਕਿ ਆਉਣ ਵਾਲੀਆਂ ਪਾਰਲੀਮੈਂਟਰੀ ਚੋਣਾਂ ਵਿਚ ਲੇਬਰ ਪਾਰਟੀ ਨੂੰ ਭਾਰੀ ਬਹੁਮੱਤ ਮਿਲਣ ਵਾਲਾ ਹੈ, ਇਸ ਕਰਕੇ ਟੋਰੀ ਪਾਰਟੀ ਨੂੰ ਹੱਥਾਂ-ਪੈਰਾਂ ਦੀ ਪਈ ਹੋਈ ਹੈ। ਬਰਤਾਨੀਆਂ ਦਾ ਯੂਰਪੀਅਨ ਯੂਨੀਅਨ ਵਿਚੋਂ ਬਾਹਰ ਆਉਣਾ ਅਤੇ ਫਿਰ ਕੋਵਿਡ ਦੀ ਬਿਮਾਰੀ ਨਾਲ ਮੁਕਾਬਲਾ ਕਰਨ ਮਗਰੋਂ ਇਜ਼ਰਾਈਲ ਫਲਸਤੀਨ ਦੀ ਜੰਗ ਕਾਰਨ ਕਈ ਪੱਖਾਂ ਤੋਂ ਵੋਟਰ ਪ੍ਰਭਾਵਿਤ ਹੋਏ ਹਨ। ਫਲਸਤੀਨ ਦੀ ਜੰਗ ਨੂੰ ਮੁੱਖ ਰੱਖ ਕੇ ਬਰਤਾਨੀਆਂ ਦਾ ਮੁਸਲਿਮ ਭਾਈਚਾਰਾ ਟੋਰੀਆਂ ਦੀ ਇਜ਼ਰਾਈਲ ਪੱਖੀ ਉਲਾਰ ਨੀਤੀ ਕਾਰਨ ਵੱਡੀ ਗਿਣਤੀ ਵਿਚ ਟੋਰੀਆਂ ਵਿਰੁੱਧ ਹੋ ਗਿਆ ਹੈ ਅਤੇ ਰਾਜਨੀਤਿਕ ਪੰਡਤਾਂ ਵਲੋਂ ਇਹ ਅੰਦਾਜ਼ੇ ਲਾਏ ਜਾ ਰਹੇ ਹਨ ਕਿ ਇਨ੍ਹਾਂ ਚੋਣਾਂ ਵਿਚ ਮੁਸਲਮਾਨਾਂ ਦੀ ਵੱਡੀ ਵੋਟ ਟੋਰੀਆਂ ਵਿਰੁੱਧ ਭੁਗਤੇਗੀ, ਜਦਕਿ ਭਾਰਤ ਦਾ ਪੰਜਾਬੀ ਭਾਈਚਾਰਾ ਤਾਂ ਪਹਿਲਾਂ ਹੀ ਵੱਡੀ ਗਿਣਤੀ ਵਿਚ ਲੇਬਰ ਪੱਖੀ ਰਿਹਾ ਹੈ। ਬਰਤਾਨੀਆਂ ਦੇ ਸੱਜੀ ਪੱਖੀ ਲੋਕਾਂ ਵਲੋਂ ਇਹ ਵੀ ਸੰਸਾ ਖੜ੍ਹਾ ਕੀਤਾ ਜਾ ਰਿਹਾ ਹੈ ਕਿ ਲੇਬਰ ਪਾਰਟੀ ਦੀਆਂ ਉਦਾਰਵਾਦੀਆਂ ਨੀਤੀਆਂ ਕਾਰਨ ਮੁਸਲਮਾਨਾਂ ਦੀਆਂ ਫਿਰਕੂ ਅਤੇ ਉਲਾਰ ਰੁਚੀਆਂ ਨੂੰ ਬਲ ਮਿਲੇਗਾ, ਜੋ ਕਿ ਭਵਿੱਖ ਵਿਚ ਦੇਸ਼ ਦੀ ਇਕਸੁਰਤਾ ਨੂੰ ਵੱਡੀ ਸੱਟ ਮਾਰੇਗਾ, ਜਿਸ ਕਾਰਨ ਫਿਰਕੂ ਅਤੇ ਨਸਲੀ ਖਿਚਾਅ ਵਧੇਗਾ ਅਤੇ ਹੋ ਸਕਦਾ ਹੈ ਕਿ ਇਸੇ ਕਾਰਨ ਭਵਿੱਖ ਵਿਚ ਵੱਡੀ ਪੱਧਰ 'ਤੇ ਫਸਾਦ ਵੀ ਹੋ ਜਾਣ। ਬਰਤਾਨੀਆਂ ਦੇ ਹੇਠਲੇ ਸਦਨ ਹਾਊਸ ਆਫ ਕਾਮਨਜ਼ ਦੀਆਂ ਕੁੱਲ 650 ਸੀਟਾਂ ਹਨ, ਜਿਨ੍ਹਾਂ ਵਿਚ ਪੰਜਾਬੀਆਂ ਜਾਂ ਸਿੱਖਾਂ ਦੀ ਗਿਣਤੀ ਤਾਂ ਨਾ ਮਾਤਰ ਹੈ ਪਰ ਮੁਸਲਮਾਨ ਸਾਂਸਦਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਅੰਦਾਜ਼ੇ ਲਗਾਏ ਜਾ ਰਹੇ ਸਨ ਕਿ ਇਸ ਵਾਰ ਦੀਆਂ ਚੋਣਾਂ ਵਿਚ ਸਿੱਖ ਉਮੀਦਵਾਰਾਂ ਦੀ ਗਿਣਤੀ ਸ਼ਾਇਦ 10 ਤੱਕ ਪਹੁੰਚ ਜਾਵੇ ਪਰ ਅਸਲ ਗਿਣਤੀ ਤਾਂ ਪੰਜਾਬੀਆਂ ਦੀ ਵੀ ਪੰਜ-ਸੱਤ ਉਮੀਦਵਾਰਾਂ ਦੀ ਦੱਸੀ ਜਾ ਰਹੀ ਹੈ। ਇਹ ਵੀ ਦੇਖਣ ਵਿਚ ਆਇਆ ਹੈ ਕਿ ਭਾਰਤ ਵਿਚ ਸਿੱਖ ਸੰਕਟ ਕਾਰਨ ਬਰਤਾਨੀਆਂ ਦੇ ਹਿੰਦੂ ਉਮੀਦਵਾਰਾਂ ਨੂੰ ਸਿੱਖ ਹਲਕਿਆਂ ਵਿਚ ਪ੍ਰਚਾਰ ਕਰਨ ਵਿਚ ਮੁਸ਼ਕਿਲਾਂ ਆ ਰਹੀਆਂ ਹਨ ਅਤੇ ਇਸ ਮੁੱਦੇ 'ਤੇ ਵੰਡੇ ਹੋਏ ਪੰਜਾਬੀਆਂ ਨੇ ਪੰਜਾਬੀ ਉਮੀਦਵਾਰਾਂ ਦੀ ਗਿਣਤੀ ਅਤੇ ਸਫਲਤਾ ਨੂੰ ਬੁਰੀ ਤਰ੍ਹਾਂ ਨਾਲ ਪ੍ਰਭਾਵਤ ਕਰਨਾ ਹੈ।

**ਪੰਜਾਬੀ ਉਮੀਦਵਾਰਾਂ ਦੇ ਨਾਵਾਂ ਦੇ ਚਰਚੇ**

ਤਨਮਨਜੀਤ ਸਿੰਘ 'ਢੇਸੀ' : 2017 ਤੋਂ ਸਲੋਅ ਤੋਂ ਚਲੇ ਆ ਰਹੇ ਲੇਬਰ ਪਾਰਟੀ ਦੇ ਐੱਮ.ਪੀ. ਸਰਦਾਰ ਢੇਸੀ ਨੂੰ ਇਸ ਵਾਰ ਫਿਰ ਇਸੇ ਹਲਕੇ ਤੋਂ ਪਾਰਟੀ ਉਮੀਦਵਾਰ ਹਨ। ਸ. ਢੇਸੀ ਸੁਨਕ ਸਰਕਾਰ ਵਿਚ ਸ਼ੈਡੋ ਨਿਰਯਾਤ ਮੰਤਰੀ ਦੀ ਸੇਵਾ ਨਿਭਾ ਰਹੇ ਹਨ। ਫਲਸਤੀਨ ਦੇ ਮੁੱਦੇ 'ਤੇ ਸ. ਢੇਸੀ ਗਾਜ਼ਾ ਵਿਚ ਸ਼ਾਂਤੀ ਦੇ ਮੁਦੱਈ ਰਹੇ ਹਨ ਪਰ ਸਮੇਂ-ਸਮੇਂ ਉਨ੍ਹਾਂ ਨੂੰ ਲੋਕਾਂ ਦੀਆਂ ਗਲਤ ਫਹਿਮੀਆਂ ਕਾਰਨ ਗੁੱਸੇ ਦਾ ਸ਼ਿਕਾਰ ਹੋਣਾ ਪਿਆ ਹੈ। ਸ. ਢੇਸੀ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਦੇ ਚੇਅਰਮੈਨ ਵਜੋਂ ਜਾਣੇ ਜਾਂਦੇ ਹਨ ਅਤੇ ਉਹ ਬਰਤਾਨੀਆਂ ਵਿਚ ਸਿੱਖ ਵਾਰ ਮੈਮੋਰੀਅਲ ਲਹਿਰ ਦੀ ਅਗਵਾਈ ਵੀ ਕਰ ਰਹੇ ਹਨ। ਨੌਂ ਸਾਲ ਦੀ ਉਮਰ ਵਿਚ ਬਰਤਾਨੀਆਂ ਆਏ ਸ. ਢੇਸੀ ਦੀ ਪੰਜਾਬੀ ਭਾਸ਼ਾ ਦੀ ਮੁਹਾਰਤ ਅਤੇ ਲਹਿਜ਼ਾ ਬਾ-ਕਮਾਲ ਹੈ। ਹੁਣ ਜੇਕਰ ਇਸ ਵਾਰ ਦੀਆਂ ਚੋਣਾਂ ਵਿਚ ਲੇਬਰ ਪਾਰਟੀ ਨੂੰ ਬਹੁਮੱਤ ਮਿਲ ਜਾਂਦੀ ਹੈ, ਤਾਂ ਢੇਸੀ ਕਿਸ ਮਰਾਤਬੇ ਨੂੰ ਪ੍ਰਾਪਤ ਕਰਦੇ ਹਨ, ਇਹ ਗੱਲ ਦੇਖਣ ਵਾਲੀ ਹੋਵੇਗੀ।

**ਪ੍ਰੀਤ ਕੌਰ ਗਿੱਲ** : 2017 ਤੋਂ ਬਰਮਿੰਘਮ ਦੇ ਐਜਬੈਸਟਨ ਤੋਂ ਚਲੀ ਆ ਰਹੀ ਬੀਬੀ ਗਿੱਲ ਨੂੰ ਮੁੜ ਇਸੇ ਹਲਕੇ ਤੋਂ ਲੇਬਰ ਪਾਰਟੀ ਦੀ ਉਮੀਦਵਾਰ ਹੈ ਅਤੇ ਇਸ ਵਾਰ ਵੀ ਉਸ ਦੇ ਜਿੱਤਣ ਦੀ ਪੂਰੀ ਉਮੀਦ ਕੀਤੀ ਜਾਂਦੀ ਹੈ। ਸੂਨਕ ਮੰਤਰਾਲੇ ਵਿਚ ਬੀਬੀ ਗਿੱਲ ਦਾ ਰੁਤਬਾ ਸ਼ੈਡੋ ਪ੍ਰਾਈਮਰੀ ਕੇਅਰ ਦਾ ਰਿਹਾ ਹੈ। 2020 ਵਿਚ ਉਨ੍ਹਾਂ ਨੂੰ ਐੱਮ.ਪੀ. ਆਫ ਦਾ ਈਅਰ ਹੋਣ ਦਾ ਮਾਣ ਪ੍ਰਾਪਤ ਹੋਇਆ। ਬੀਬੀ ਗਿੱਲ ਕੋਆਪ੍ਰੇਟਿਵ ਪਾਰਟੀ ਪਾਰਲੀਮੈਂਟਰੀ ਗਰੁੱਪ ਦੀ ਚੇਅਰ ਵਜੋਂ ਵੀ ਨਿਯੁਕਤ ਰਹੇ ਹਨ।

**ਸੀਮਾ ਮਲਹੋਤਰਾ** : ਬੀਬੀ ਸੀਮਾ ਵੀ ਪੰਜਾਬੀ ਮੂਲ ਦੀ ਫੈਲਥਮ ਅਤੇ ਹੇਸਟੋਨ ਤੋਂ ਲੇਬਰ ਐੱਮ.ਪੀ. ਹੈ। ਸੀਮਾ ਸਿੱਖਿਆ ਵਿਭਾਗ ਵਿਚ ਸ਼ੈਡੋ ਮੰਤਰੀ ਹੈ। ਪੰਜਾਬ ਦੀ ਰਾਜਨੀਤੀ ਵਿਚ ਵੰਡੀ ਹੋਈ ਪੰਜਾਬੀ ਵੋਟ ਦਾ ਅਤੇ ਫਲਸਤੀਨ ਦੀ ਜੰਗ ਤੋਂ ਪ੍ਰਭਾਵਿਤ ਮੁਸਲਮਾਨਾਂ ਦੀ ਵੋਟ ਦਾ ਵੀ ਬੀਬੀ ਸੀਮਾ ਦੇ ਬੈਲਟ ਬਾਕਸ 'ਤੇ ਅਸਰ ਪੈਣਾ ਸੁਭਾਵਿਕ ਹੈ। ਪਰ ਬਰਤਾਨੀਆਂ ਦੀ ਮੂਲ ਵਸੋਂ ਕਿਉਂਕਿ ਵਿਅਕਤੀਆਂ ਦੀ ਪਛਾਣ ਨਾਲੋਂ ਰਾਜਨੀਤਿਕ ਸਿਧਾਂਤਾਂ ਨੂੰ ਪਹਿਲ ਦਿੰਦੀ ਹੋਣ ਕਾਰਨ ਇਸ ਵਾਰ ਫਿਰ ਵੱਡੀ ਲੇਬਰ ਵੋਟ ਬੈਂਕ ਦਾ ਸੀਮਾ ਦੇ ਹੱਕ ਵਿਚ ਭੁਗਤਣ ਦਾ ਇਮਕਾਨ ਹੈ।

**ਗਗਨ ਮੁਹਿੰਦਰਾ** : ਗਗਨ ਮੁਹਿੰਦਰਾ ਵੀ ਪੰਜਾਬੀ ਮੂਲ ਦੇ ਬਰਤਾਨਵੀ ਐੱਮ.ਪੀ. ਹਨ, ਜੋ ਕਿ ਟੋਰੀ ਪਾਰਟੀ ਵਲੋਂ ਚੋਣ ਲੜ ਰਹੇ ਹਨ। ਸ਼੍ਰੀ ਮੁਹਿੰਦਰਾ 2019 ਤੋਂ ਵੈਸਟ ਹਰਟਫੋਰਡਸ਼ਾਇਰ ਤੋਂ ਐੱਮ.ਪੀ. ਚਲੇ ਆ ਰਹੇ ਹਨ। ਹੁਣ ਫਿਰ ਉਹ ਇਸੇ ਇਲਾਕੇ ਤੋਂ ਟੋਰੀ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਸ. ਮੁਹਿੰਦਰਾ ਦੇ ਕੌਂਸਲਰ ਤੋਂ ਐੱਮ.ਪੀ. ਬਣਨ ਦੀ ਕਹਾਣੀ ਦਿਲਸਚਸਪ ਹੈ।

ਦਰਸ਼ਨ ਸਿੰਘ ਅਜ਼ਾਦ : ਇਸ ਵਾਰ ਦੀਆਂ ਚੋਣਾਂ ਵਿਚ ਸ: ਅਜ਼ਾਦ 'ਵਰਕਰਜ਼ ਪਾਰਟੀ ਆਫ ਬ੍ਰਿਟੇਨ' ਵਲੋਂ ਈਲਿੰਗ ਸਾਊਥਾਲ ਤੋਂ ਉਮੀਦਵਾਰ ਐਲਾਨੇ ਗਏ ਹਨ, ਜੋ ਕਿ ਕਿਰਤੀਆਂ ਦੇ ਹੱਕਾਂ ਅਤੇ ਅਧਿਕਾਰਾਂ ਦੀ ਗੱਲ ਕਰਦੇ ਹਨ। ਸ: ਅਜ਼ਾਦ ਵਸੀਲਿਆਂ ਦੀ ਸਾਵੀਂ ਵੰਡ ਦੇ ਦਾਅਵੇਦਾਰ ਹਨ।

## ਇਸ ਵਾਰ ਦੀਆਂ ਚੋਣਾਂ ਵਿਚ ਪਛਾਣ ਪੱਤਰ ਦੀ ਲੋੜ

ਇਸ ਵਾਰ ਦੀਆਂ ਯੂ.ਕੇ. ਦੀਆਂ ਪਾਰਲੀਮੈਂਟਰੀ ਚੋਣਾਂ ਵਿਚ ਫੋਟੋ ਆਈ.ਡੀ. ਦੀ ਲੋੜ ਪਵੇਗੀ ਜਿਵੇਂ ਕਿ ਡਰਾਈਵਿੰਗ ਲਾਇਸੈਂਸ, ਪਾਸਪੋਰਟ ਜਾਂ ਬਲੂ ਬੈਜ ਵਗੈਰਾ ਹੋ ਸਕਦੇ ਹਨ। ਇਹ ਸ਼ਰਤ ਭਵਿੱਖ ਵਿਚ ਵੀ ਲਾਗੂ ਹੋਣ ਦੇ ਇਮਕਾਨ ਹਨ। ਯੂ.ਕੇ. ਵਿਚ ਇਹ ਚੋਣਾ ਹਮੇਸ਼ਾਂ ਹੀ ਬੜੇ ਹੀ ਸ਼ਾਂਤਮਈ ਮਹੌਲ ਵਿਚ ਹੁੰਦੀਆਂ ਹਨ ਅਤੇ ਪੰਜਾਬ ਜਾਂ ਭਾਰਤ ਵਾਂਗੂੰ ਮੁਕਾਬਲੇਬਾਜ਼ੀ ਦੀ ਖਿੱਚੋਤਾਣ ਅਤੇ ਕੁੜੱਤਣ ਨਹੀਂ ਹੁੰਦੀ। ਇਹ ਵੱਖਰੀ ਗੱਲ ਹੈ ਕਿ ਸਾਡੇ ਏਸ਼ੀਅਨ ਮੂਲ ਦੇ ਕਈ ਉਮੀਦਵਾਰ ਇਨ੍ਹਾਂ ਚੋਣਾਂ ਵਿਚ ਫਿਰਕੂ ਪੱਤਾ ਵਰਤਣ ਤੋਂ ਗੁਰੇਜ਼ ਨਹੀਂ ਕਰਦੇ ਅਤੇ ਫਿਰ ਆਪਣੇ ਭਾਈਚਾਰੇ ਨੂੰ ਫਿਰਕੂ ਬੋਲਬਾਲੇ ਦੇ ਲਾਰੇ ਵੀ ਲਾਉਂਦੇ ਹਨ। ਇਨ੍ਹਾਂ ਲੋਕਾਂ ਦੇ ਐਸੇ ਰਵੱਈਏ ਕਾਰਨ ਇਸ ਗੱਲ ਦਾ ਡਰ ਲਗਾਤਾਰ ਬਣਿਆ ਰਹਿੰਦਾ ਹੈ ਕਿ ਅਜਿਹੇ ਅਨਸਰ ਬਰਤਾਨੀਆਂ ਦੇ ਮੂਲ ਵਾਸੀਆਂ ਦੀਆਂ ਅੱਖਾਂ ਵਿਚ ਰੜਕਣਾ ਸ਼ੁਰੂ ਕਰ ਸਕਦੇ ਹਨ, ਜਿਸ ਦਾ ਅਸਰ ਸਾਰੇ ਏਸ਼ੀਅਨ ਭਾਈਚਾਰੇ 'ਤੇ ਪੈਂਦਾ ਹੈ।

## ਸਾਊਥਾਲ, ਬ੍ਰੈਡਫੋਰਡ, ਲੈਸਟਰ ਅਤੇ ਬਰਮਿੰਘਮ ਵਰਗੇ ਸ਼ਹਿਰਾਂ ਦੀ ਏਸ਼ੀਅਨ ਵੋਟ ਹਾਰ ਜਿੱਤ ਨੂੰ ਪ੍ਰਭਾਵਿਤ ਕਰੇਗੀ

ਭਾਰਤ ਦਾ ਹਿੰਦੂ ਮੁਸਲਿਮ ਤਣਾਓ ਨਿਰਸੰਦੇਹ ਬਰਤਾਨੀਆਂ ਦੇ ਭਾਈਚਾਰਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਹਿੰਦੂ ਮੁਸਲਿਮ ਤਣਾਓ ਨੇ ਸੰਨ 2022 ਵਿਚ ਲੈਸਟਰ ਸ਼ਹਿਰ ਦੇ ਸ਼ਾਂਤਮਈ ਮਹੌਲ ਨੂੰ ਅੱਗ ਲਾ ਦਿੱਤੀ ਸੀ। ਬਰਤਾਨੀਆਂ ਵਿਚ ਹਿੰਦੂ, ਮੁਸਲਿਮ ਅਤੇ ਸਿੱਖ ਭਾਈਚਾਰੇ ਆਪਸੀ ਸੱਦਭਾਵਨਾ ਨਾਲ ਵਸਦੇ ਰਹਿਣ, ਇਸ ਦਾ ਵੱਡਾ ਨਿਰਭਰ ਜਿਥੇ ਮਦਰਾਂ, ਮਸੀਤਾਂ ਅਤੇ ਗੁਰਦੁਆਰਿਆਂ ਦੇ ਮੌਲਵੀਆਂ, ਪੁਜਾਰੀਆਂ ਅਤੇ ਗ੍ਰੰਥੀਆਂ ਦੇ ਪ੍ਰਚਾਰ 'ਤੇ ਨਿਰਭਰ ਹੈ, ਉਥੇ ਇਨ੍ਹਾਂ ਭਾਈਚਾਰਿਆਂ ਨਾਲ ਸਬੰਧਤ ਰਾਜਨੀਤਿਕ ਆਗੂਆਂ 'ਤੇ ਵੀ ਨਿਰਭਰ ਕਰਦਾ ਹੈ।

ਏਸ਼ੀਅਨ ਮੂਲ ਦੇ ਜੋ ਲੋਕ ਫਿਰਕੂ ਰੰਗ ਵਿਚ ਰੰਗੇ ਹੋਏ ਆਪਣੇ ਫਿਰਕੂ ਬੋਲਬਾਲੇ ਦਾ ਵੱਧ-ਚੜ੍ਹ ਕੇ ਪ੍ਰਚਾਰ ਕਰਦੇ ਹਨ, ਉਹ ਇਥੋਂ ਦੇ ਵੱਖਵਾਦੀ ਟੋਲਿਆਂ ਦੇ ਪ੍ਰਚਾਰ ਦਾ ਮਨਭਾਉਂਦਾ ਖਾਜਾ ਹੁੰਦੇ ਰਹੇ ਹਨ। ਧਰਮ ਬਦਲੀ ਕਰਨ ਲਈ ਗੁਮਰਾਹਕੁੰਨ ਪ੍ਰਚਾਰ ਕਰਨ ਵਾਲੇ ਅਤੇ ਦੂਜੇ ਧਰਮਾਂ ਦੀਆਂ ਬਹੂ-ਬੇਟੀਆਂ ਨੂੰ ਆਪਣਾ ਨਿਸ਼ਾਨਾ ਬਨਾਉਣ ਵਾਲੇ ਮੂਰਖ ਲੋਕ ਅਗਰ ਆਪਣੇ ਕੂੜ ਪ੍ਰਚਾਰ ਤੋਂ ਬਾਝ ਨਾ ਆਏ, ਤਾਂ ਇਹ ਲੋਕ ਸਾਡੇ ਲੋਕਾਂ ਦੇ ਬਰਤਾਨੀਆਂ ਵਿਚ ਵਸੇਬੇ ਲਈ ਵੱਡੀਆਂ ਮੁਸ਼ਕਲਾਂ ਪੈਦਾ ਕਰ ਸਕਦੇ ਹਨ। ਇਹ ਗੱਲ ਵੀ ਗੌਰ ਕਰਨ ਵਾਲੀ ਹੈ ਕਿ ਸਾਡੇ ਗੁਆਂਢੀ ਦੇਸ਼ ਫਰਾਂਸ ਵਿਚ ਸੱਜੇ ਪੱਖੀ ਰਾਜਨੀਤੀ ਜ਼ੋਰ ਫੜ ਚੁੱਕੀ ਹੈ ਅਤੇ ਇਸ ਵਾਰ ਦੀਆਂ ਫਰਾਂਸ ਵਿਚ ਹੋਈਆਂ ਚੋਣਾਂ ਵਿਚ ਸੱਜਿਆਂ ਦੀ ਹੋ ਰਹੀ ਜਿੱਤ ਦਾ ਬਰਤਾਨੀਆਂ 'ਤੇ ਵੀ ਪ੍ਰਭਾਵ ਪਵੇਗਾ। ਇਸ ਲਈ ਏਸ਼ੀਅਨ ਮੂਲ ਦੇ ਉਮੀਦਵਾਰਾਂ ਨੂੰ ਚਾਹੀਦਾ ਹੈ ਕਿ ਫਿਰਕੂ ਬੜਕਾਂ ਨੂੰ ਛੱਡ ਕੇ ਮੁੱਦਿਆਂ ਦੀ ਅਤੇ ਪਾਰਟੀ ਸਿਧਾਂਤਾਂ ਦੀ ਰਾਜਨੀਤੀ ਕਰਦੇ ਹੋਏ ਦੇਸ਼ ਵਿਚ ਇਕਸੁਰਤਾ ਦੇ ਮਾਹੌਲ ਨੂੰ ਬਣਾਈ ਰੱਖਣ।

# ਬਦਲ ਰਹੇ ਸਿਆਸੀ ਸਮੀਕਰਣ ਪੰਜਾਬ ਦੇ








**ਗੁਰਮੀਤ ਸਿੰਘ ਪਲਾਹੀ**
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA



ਸੂਬੇ ਪੰਜਾਬ ਦੇ ਸਿਆਸੀ ਹਾਲਾਤ ਨਿੱਤ ਪ੍ਰਤੀ ਬਦਲ ਰਹੇ ਹਨ। ਪਾਰਲੀਮੈਂਟ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ (ਬ) ਨੇ ਬਹੁਤ ਕੁਝ ਗੁਆ ਲਿਆ ਹੈ, ਹੁਣ ਉਹ ਵੋਟ ਪ੍ਰਤੀਸ਼ਤ ਸ਼੍ਰੋਮਣੀ ਅਕਾਲੀ ਦੇ ਪੱਲੇ ਨਹੀਂ ਰਹੀ, ਜੋ ਕਦੇ ਉਸਦਾ ਇੱਕ ਇਲਾਕਾਈ ਪਾਰਟੀ ਦੇ ਤੌਰ 'ਤੇ ਪ੍ਰਭਾਵੀ ਸਿਆਸੀ ਪਾਰਟੀ ਵਾਲਾ ਅਕਸ ਉਭਾਰਦੀ ਸੀ।

ਪਾਰਲੀਮੈਂਟ ਚੋਣਾਂ ਉਪਰੰਤ ਪੰਜਾਬ 'ਚ ਪੰਜ ਜ਼ਿਮਨੀ ਚੋਣਾਂ ਹੋ ਰਹੀਆਂ ਹਨ। ਇਨ੍ਹਾਂ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ (ਬ) ਨੇ ਬਹੁਜਨ ਸਮਾਜ ਪਾਰਟੀ ਨਾਲ ਮੁੜ ਸਾਂਝ ਭਿਆਲੀ ਪਾਈ ਹੈ ਅਤੇ ਜਲੰਧਰ ਪੱਛਮੀ, ਚੱਬੇਵਾਲ (ਦੋਵੇਂ ਰਾਖਵੇਂ ਹਲਕੇ) ਚੋਣ ਹਲਕੇ ਤੋਂ ਬਸਪਾ ਚੋਣ ਲੜੇਗੀ ਅਤੇ ਡੇਰਾ ਬਾਬਾ ਨਾਨਕ, ਬਰਨਾਲਾ ਅਤੇ ਗਿੱਦੜਬਾਹਾ ਤੋਂ ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰ ਚੋਣ ਲੜਨਗੇ। ਇਹ ਜ਼ਿਮਨੀ ਚੋਣਾਂ ਅਗਲੇ ਛੇ ਮਹੀਨਿਆਂ 'ਚ ਹੋਣਗੀਆਂ। ਸ਼ਾਇਦ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਵੀ ਇਹ ਸਾਂਝ ਭਿਆਲੀ ਜਾਰੀ ਰਹੇ ਅਤੇ ਸਾਰੀਆਂ ਰਾਖਵੀਆਂ ਸੀਟਾਂ ਬਸਪਾ ਅਤੇ ਅਣਰਾਖਵੀਆਂ ਸੀਟਾਂ ਉਤੇ ਸੁਖਬੀਰ ਸਿੰਘ ਬਾਦਲ ਦੇ ਉਮੀਦਵਾਰ ਖੜ੍ਹੇ ਹੋਣ। ਪਰ ਇਥੇ ਇਹ ਗੱਲ ਕਰਨੀ ਬਣਦੀ ਹੈ ਕਿ ਹੁਣ ਨਾ ਬਸਪਾ ਦਾ ਰਾਖਵੀਆਂ ਸੀਟਾਂ ਉਤੇ ਕੋਈ ਵੱਡਾ ਬੋਲਬਾਲਾ ਹੈ ਅਤੇ ਨਾ ਹੀ ਸੁਖਬੀਰ ਸਿੰਘ ਬਾਦਲ ਦਾ ਅਕਾਲੀ ਦਲ ਆਪਣਾ ਆਧਾਰ ਬਚਾਕੇ ਰੱਖ ਸਕਿਆ ਹੈ।

ਪਿਛਲੀਆਂ ਦੋ-ਤਿੰਨ ਚੋਣਾਂ 'ਚ ਹਾਰ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਉਤੇ ਵੱਡੇ ਸਵਾਲ ਖੜ੍ਹੇ ਹੋ ਰਹੇ ਹਨ। ਉਸ ਦੀ ਪਾਰਟੀ ਦੇ ਵੱਡੇ ਨੇਤਾ ਉਸਦਾ ਸਾਥ ਛਡ ਰਹੇ ਹਨ। ਬਾਗੀ ਹੋ ਰਹੇ ਹਨ। ਇੱਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਸੁਖਬੀਰ ਸਿੰਘ ਬਾਦਲ ਤੋਂ ਪ੍ਰਧਾਨਗੀ ਤੋਂ ਅਸਤੀਫ਼ੇ ਦੀ ਮੰਗ ਕਰ ਰਹੇ ਹਨ। ਕਾਟੋ-ਕਲੇਸ਼ ਇਥੋਂ ਤੱਕ ਵਧ ਚੁੱਕਾ ਹੈ ਕਿ ਜਲੰਧਰ ਪੱਛਮੀ ਤੋਂ ਸੁਖਬੀਰ ਸਿੰਘ ਬਾਦਲ ਨੇ ਬੀਬੀ ਸੁਰਜੀਤ ਕੌਰ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਥਾਪਿਆ ਸੀ, ਇਹ ਨਾਂਅ ਬੀਬੀ ਜਗੀਰ ਕੌਰ ਨੇ ਸੁਝਾਇਆ ਸੀ ਪਰ ਕਿਉਂਕਿ ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੁਣ ਵਿਰੋਧੀਆਂ ਦੇ ਖੇਮੇ ਦੀ ਮੁੱਖ ਨੇਤਾ ਹੈ, ਇਸ ਲਈ ਸੁਖਬੀਰ ਸਿੰਘ ਬਾਦਲ ਨੇ ਸੁਰਜੀਤ ਕੌਰ ਨੂੰ ਆਪਣੇ ਉਮੀਦਵਾਰ ਵਜੋਂ ਹਿਮਾਇਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਬਸਪਾ ਉਮੀਦਵਾਰ ਨੂੰ ਵੋਟਾਂ ਪਾਉਣ ਦਾ ਐਲਾਨ ਕੀਤਾ ਹੈ। ਇਸ ਸਥਿਤੀ ਨਾਲ ਸੁਖਬੀਰ ਸਿੰਘ ਬਾਦਲ ਪ੍ਰਤੀ ਪਾਰਟੀ ਦੇ ਵਿਰੋਧੀ ਖੇਮੇ 'ਚ ਵੱਡਾ ਰੋਸ ਹੈ।

ਖਡੂਰ ਸਾਹਿਬ ਅਤੇ ਫਰੀਦਕੋਟ ਪਾਰਲੀਮਾਨੀ ਚੋਣਾਂ 'ਚ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਦੀ ਜਿੱਤ ਉਪਰੰਤ ਉਤਸ਼ਾਹਤ ਹੋਈਆਂ ਪੰਥਕ ਧਿਰਾਂ ਵਲੋਂ ਭਗਵੰਤ ਸਿੰਘ ਬਾਜੇਕੇ ਉਰਫ਼ ਪ੍ਰਧਾਨ ਮੰਤਰੀ ਗਿੱਦੜਬਾਹਾ, ਦਲਜੀਤ ਸਿੰਘ ਕਲਸੀ ਡੇਰਾ ਬਾਬਾ ਨਾਨਕ ਅਤੇ ਕੁਲਵੰਤ ਸਿੰਘ ਰਾਊਂਕੇ ਬਰਨਾਲਾ ਵਿਧਾਨ ਸਭਾ ਚੋਣ ਹਲਕੇ ਤੋਂ ਚੋਣ ਲੜਨਗੇ। ਚੱਬੇਵਾਲ ਰਾਖਵਾਂ ਹਲਕਾ ਹੈ, ਇਸ ਧਿਰ ਵਲੋਂ ਇਥੇ ਕਿਸੇ ਉਮੀਦਵਾਰ ਦਾ ਐਲਾਨ ਨਹੀਂ ਹੈ।

ਇਥੇ ਵੇਖਣਯੋਗ ਗੱਲ ਇਹ ਵੀ ਹੋਵੇਗੀ ਕਿ ਕੀ ਸ਼੍ਰੋਮਣੀ ਅਕਾਲੀ ਦਲ (ਬ) ਦੋ ਫਾੜ ਹੋ ਜਾਏਗਾ ਤੇ ਇੱਕ ਹੋਰ ਨਵਾਂ ਅਕਾਲੀ ਦਲ ਬਣੇਗਾ। ਇਹ ਅਕਾਲੀ ਦਲ ਦੀ ਦੂਜੀਆਂ ਪੰਥਕ ਧਿਰਾਂ ਨਾਲ ਹੱਥ ਮਿਲਾਏਗਾ? ਸਿਮਰਨਜੀਤ ਸਿੰਘ ਮਾਨ ਦਾ ਧੜਾ ਵੀ ਪਹਿਲਾਂ ਦੀ ਤਰ੍ਹਾਂ ਆਪਣੇ ਉਮੀਦਵਾਰ ਖੜ੍ਹੇ ਕਰੇਗਾ। ਖੱਬੀਆਂ ਧਿਰਾਂ ਵੀ ਮੈਦਾਨ 'ਚ ਆਉਣਗੀਆਂ, ਕਿਉਂਕਿ ਪੰਜਾਬ 'ਚ ਲਗਭਗ ਸਾਰੀਆਂ ਸਿਆਸੀ ਧਿਰਾਂ ਨੇ ਪਾਰਲੀਮਾਨੀ ਚੋਣਾਂ ਸਮੇਂ ਕੁਝ ਨਾ ਕੁਝ ਖੱਟਿਆ ਹੈ, ਇਸ ਕਰਕੇ ਕਿ ਚੋਣਾਂ ਆਹਮੋ-ਸਾਹਮਣੇ ਨਹੀਂ, ਪੰਜ ਕੋਣੀਆਂ ਲੜੀਆਂ ਗਈਆਂ।

ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਹਾਰ ਉਪਰੰਤ ਪੰਜਾਬ ਕਾਂਗਰਸ ਦੇ ਨੇਤਾਵਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸੂਬੇ ਪੰਜਾਬ 'ਚ ਅਗਲੀਆਂ ਚੋਣਾਂ 'ਚ 'ਆਪ' ਨਾਲ ਉਹ ਕੋਈ ਭਾਈਵਾਲੀ ਨਹੀਂ ਕਰਨਗੇ। ਪੰਜਾਬ ਵਿਚ ਵੱਖਰੀਆਂ ਚੋਣਾਂ ਲੜਕੇ ਕਾਂਗਰਸ ਨੇ ਕੁਝ ਖੱਟਿਆ ਹੀ ਹੈ, ਗੁਆਇਆ ਨਹੀਂ।

ਭਾਰਤੀ ਜਨਤਾ ਪਾਰਟੀ ਪੰਜਾਬ 'ਚ ਪਾਰਲੀਮਾਨੀ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਤੋਂ ਵੱਧ ਵੋਟ ਪ੍ਰਤੀਸ਼ਤ ਪ੍ਰਾਪਤ ਕਰਕੇ ਉਤਸ਼ਾਹਿਤ ਹੈ ਅਤੇ ਜ਼ਿਮਨੀ ਚੋਣਾਂ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਇਕੱਲਿਆਂ ਹੀ ਲੜੇਗੀ। ਪਾਰਟੀ ਵਲੋਂ ਦੂਜੇ ਖੇਮਿਆਂ 'ਚ ਸੰਨ੍ਹ ਲਾਉਣ ਦੀਆਂ ਤਰਤੀਬਾਂ ਲਗਾਤਾਰ ਜਾਰੀ ਹਨ। ਸਿਆਸੀ ਹਲਕੇ ਤਾਂ ਇਹ ਵੀ ਮੰਨਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) 'ਚ ਮੌਜੂਦਾ ਭੰਨ-ਤੋੜ ਵੀ ਆਰ.ਐੱਸ.ਐੱਸ., ਭਾਜਪਾ ਦੀ ਸ਼ਹਿ ਉਤੇ ਹੋ ਰਹੀ ਹੈ।

ਆਮ ਆਦਮੀ ਪਾਰਟੀ ਦਾ ਚੋਣ ਗ੍ਰਾਫ ਘਟਿਆ ਹੈ। ਵੋਟ ਪ੍ਰਤੀਸ਼ਤ ਵੀ ਗੜਬੜ ਹੋਈ ਹੈ ਅਤੇ ਪਾਰਲੀਮੈਂਟ 'ਚ ਉਸਦੇ ਸਿਰਫ਼ ਤਿੰਨ ਉਮੀਦਵਾਰ ਜੇਤੂ ਰਹੇ ਹਨ, ਹਾਲਾਂਕਿ ਉਸ ਵਲੋਂ ਆਪਣੇ ਕੰਮ ਦੇ ਆਧਾਰ 'ਤੇ 13 ਸੀਟਾਂ ਜਿੱਤਣ ਦਾ ਦਾਅਵਾ ਸੀ। ਇਹ ਦਾਅਵਾ ਉਂਝ ਕਾਂਗਰਸ ਵਲੋਂ ਵੀ ਕੀਤਾ ਗਿਆ ਸੀ। ਪੰਜਾਬ ਦੀ ਹਾਕਮ ਧਿਰ ਪੰਜਾਬ 'ਚ ਪੂਰੀਆਂ ਸੀਟਾਂ ਜਿੱਤਣ ਦੇ ਮਾਮਲੇ 'ਚ ਉਸੇ ਤਰ੍ਹਾਂ ਭਰੋਸੇ 'ਚ ਸੀ, ਜਿਵੇਂ ਦਿੱਲੀ ਦਾ ਹਾਕਮ 400 ਸੀਟਾਂ ਜਿੱਤਣ ਦੀ ਗੱਲ, ਦੇਸ਼ 'ਚ ਵਿਕਾਸ, ਲੋਕ ਹਿਤੂ ਕਾਰਜਾਂ ਅਤੇ ਧਾਰਮਿਕ ਪੱਤਾ ਖੇਲ੍ਹਣ ਉਪਰੰਤ ਕਰ ਰਿਹਾ ਸੀ।

ਪਰ ਉਪਰ ਦਿੱਲੀ 'ਚ ਵੀ ਅਤੇ ਇਥੇ ਪੰਜਾਬ 'ਚ ਵੀ ਹਾਕਮ ਧਿਰ ਦੀ ਕਾਰਗੁਜ਼ਾਰੀ ਨੇ ਦਰਸਾ ਦਿੱਤਾ ਕਿ ਲੋਕ ਕੰਮ ਚਾਹੁੰਦੇ ਹਨ, ਰੁਜ਼ਗਾਰ ਚਾਹੁੰਦੇ ਹਨ, ਚੰਗਾ ਜੀਵਨ ਚਾਹੁੰਦੇ ਹਨ, ਸਿਰਫ਼ ਮੁਫ਼ਤ ਬਿਜਲੀ, ਪਾਣੀ ਜਾਂ ਕੁਝ ਲੋਕ ਲਭਾਊ ਨਾਹਰੇ ਜਾਂ ਸਹੂਲਤਾਂ ਤੱਕ ਸੀਮਤ ਨਹੀਂ ਰਹਿ ਸਕਦੇ।

ਪੰਜਾਬ ਇਸ ਵੇਲੇ ਸਿਆਸੀ ਦੁਬਿਧਾ ਵਿਚ ਹੈ। ਪੰਜਾਬ ਧੱਕਾ ਨਹੀਂ ਚਾਹੁੰਦਾ। ਪੰਜਾਬ ਵਾਸੀ ਫਰੇਬ ਵਾਲੀ ਰਾਜਨੀਤੀ ਨਹੀਂ ਚਾਹੁੰਦੇ। ਸਿੱਧਾ ਸਾਦਾ ਉਨ੍ਹਾਂ ਦਾ ਸਵਾਲ ਹੈ ਕਿ ਪੰਜਾਬ ਮੌਜੂਦਾ ਸਥਿਤੀ ਵਿਚੋਂ ਨਿਕਲੇਗਾ ਕਿਵੇਂ? ਕਿਵੇਂ ਪੰਜਾਬ ਬਚਿਆ ਰਹੇਗਾ ਪ੍ਰਵਾਸ ਤੋਂ? ਇਸ ਧਰਤੀ ਦੇ ਉਜਾੜੇ ਤੋਂ? ਆਰਥਿਕ ਮੰਦਹਾਲੀ ਤੋਂ? ਪੰਜਾਬ ਨਾਲ ਜੋ ਨਿਰੰਤਰ ਧੱਕਾ ਹੋਇਆ ਹੈ, ਉਸ ਦਾ ਇਨਸਾਫ ਕੌਣ ਕਰੇਗਾ?

ਜਦੋਂ ਇਨ੍ਹਾਂ ਸਵਾਲਾਂ ਦੇ ਜਵਾਬ ਜਾਂ ਆਸ ਕਿਸੇ ਸਿਆਸੀ ਧਿਰ ਵਲੋਂ ਮਿਲਦਾ ਹੈ ਜਾਂ ਉਸਨੂੰ ਇਨ੍ਹਾਂ ਸਵਾਲਾਂ ਦੇ ਜਵਾਬ ਦੀ ਆਸ ਬੱਝਦੀ ਹੈ, ਉਹ ਉਸ ਵੱਲ ਹੀ ਉਲਰ ਪੈਂਦਾ ਹੈ। ਮਿਸਾਲ ਆਮ ਆਦਮੀ ਪਾਰਟੀ ਦੀ ਪਿਛਲੀ ਸਰਕਾਰ ਦੀ ਹੈ, ਜਦੋਂ 2022 'ਚ 92 ਵਿਧਾਨ ਸਭਾ ਪ੍ਰਤੀਨਿਧ ਉਸਦੇ ਹੀ ਪੰਜਾਬੀਆਂ ਚੁਣ ਦਿੱਤੇ ਤੇ ਧੁਰੰਤਰ ਸਿਆਸਤਦਾਨਾਂ ਨੂੰ ਸਮੇਤ ਪ੍ਰਕਾਸ਼ ਸਿੰਘ ਬਾਦਲ ਦੇ ਉਨ੍ਹਾਂ ਨੂੰ ਚਿੱਤ ਕਰ ਦਿੱਤਾ। ਪਰ ਦੋ ਵਰ੍ਹੇ ਹੀ ਬੀਤੇ ਹਨ, ਹਾਲਾਤ ਮੁੜ ਗੇੜ ਖਾ ਗਏ ਹਨ, ਉਲਾਰੂ ਸਿਆਸਤ ਨੇ ਫਿਰ ਖੰਭ ਫੈਲਾ ਲਏ ਹਨ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਇਸ ਸਿਆਸਤ ਨਾਲ ਪੰਜਾਬ ਦਾ ਕੁਝ ਸੌਰੇਗਾ? ਕੀ ਪੰਜਾਬ ਸਾਜ਼ਿਸ਼ਾਂ ਦਾ ਸ਼ਿਕਾਰ ਹੁੰਦਾ ਰਹੇਗਾ? ਕੀ ਪੰਜਾਬ ਦੀ ਜਵਾਨੀ ਇੰਜ ਹੀ ਰੁਲਦੀ ਰਹੇਗੀ। ਅੱਜ ਪੰਜਾਬ ਨਸ਼ਿਆਂ ਦੀ ਲਪੇਟ 'ਚ ਹੈ। ਪੰਜਾਬ ਦੀਆਂ ਜੇਲ੍ਹਾਂ 'ਚ ਨਸ਼ਿਆਂ ਦੇ ਕੇਸਾਂ 'ਚ, ਪੰਜਾਬ ਦੇ ਨੌਜਵਾਨ ਵੱਡੀ ਗਿਣਤੀ 'ਚ ਬੈਠੇ ਹਨ। ਕਾਰਨ ਪੰਜਾਬ 'ਚ ਫੈਲਿਆ ਗੈਂਗਸਟਰ ਮਾਫੀਆ ਤੇ ਨਸ਼ਿਆਂ ਦੇ ਸੌਦਾਗਰ ਹਨ। ਕੀ ਇਹ ਸਿਆਸੀ ਸਰਪ੍ਰਸਤੀ ਤੋਂ ਬਿਨ੍ਹਾਂ ਵੱਧ-ਫੁੱਲ ਸਕਦੇ ਹਨ? ਕਦਾਚਿਤ ਵੀ ਨਹੀਂ। ਕੀ ਇਹ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ ਕਿ ਇਨ੍ਹਾਂ ਦੀ ਸਰਪ੍ਰਸਤੀ ਕੌਣ ਕਰ ਰਿਹਾ ਹੈ?

ਹੁਣ ਸਵਾਲ ਉਠਦੇ ਹਨ। ਫ਼ਰੀਦਕੋਟ ਤੇ ਖਡੂਰ ਸਾਹਿਬ ਤੋਂ ਉੱਠਦੀਆਂ ਗਰਮ ਹਵਾਵਾਂ ਕੀ ਪੰਜਾਬ ਵਿਚ ਭਗਵਿਆਂ ਨੂੰ ਆਪਣੀ ਸਿਆਸਤ ਜਰਖੇਜ਼ ਕਰਨ ਦਾ ਕਾਰਨ ਨਹੀਂ ਬਣੇਗੀ? ਤਾਂ ਫਿਰ ਪੰਜਾਬ ਦਾ ਭਵਿੱਖ ਕੀ ਹੋਵੇਗਾ? ਜੇਕਰ ਇੰਜ ਨਹੀਂ ਹੁੰਦਾ, ਤਾਂ ਕੀ ਪੰਜਾਬ ਵੀ ਜੰਮੂ-ਕਸ਼ਮੀਰ ਵਾਂਗਰ ਤਿੰਨ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ 'ਚ ਵੰਡਿਆ ਜਾਏਗਾ?


ਜੇਕਰ ਸੁਖਬੀਰ ਸਿੰਘ ਬਾਦਲ ਤੋਂ ਬਾਗੀ ਅਸਤੀਫ਼ਾ ਲੈ ਵੀ ਲੈਂਦੇ ਹਨ, ਤਾਂ ਕੀ ਸ਼੍ਰੋਮਣੀ ਅਕਾਲੀ ਦਲ ਫਿਰ ਵੀ ਬਚ ਜਾਏਗਾ? ਕੀ ਪੰਜਾਬ ਦੇ ਬਾਗੀ ਆਪਣੀਆਂ ਗਲਤੀਆਂ ਦੀ ਮੁਆਫ਼ੀ ਲਈ ਅਕਾਲ ਤਖ਼ਤ ਪੇਸ਼ ਹੋ ਕੇ ਸਜ਼ਾਵਾਂ ਲਗਵਾਕੇ ਆਪ ਦੁੱਧ ਧੋਤੇ ਹੋ ਜਾਣਗੇ? ਕੀ ਸੁਖਬੀਰ ਸਿੰਘ ਬਾਦਲ ਪਿਛਲੇ ਕੀਤਿਆਂ ਦੀਆਂ ਭੁੱਲਾਂ ਬਖ਼ਸ਼ਾ ਕੇ ਸਾਫ਼-ਸੁਥਰਾ ਹੋ ਗਿਆ? ਕੀ ਇਸ ਨਾਲ ਪੰਜਾਬ ਦੇ ਲੋਕਾਂ ਨੂੰ ਕੋਈ ਫਾਇਦਾ ਹੋਏਗਾ।

ਕਦੇ ਪੰਜਾਬੀਆਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ ਤਾਕਤਵਰ ਇਲਾਕਈ ਪਾਰਟੀ ਵਜੋਂ ਚਿਤਵਿਆ ਸੀ, ਜਿਹੜੀ ਇਸ ਇਲਾਕੇ ਦੇ ਲੋਕਾਂ ਦੇ ਦੁੱਖਾਂ, ਦਰਦਾਂ ਦੀ ਭਾਈਵਾਲ ਬਣੇ, ਦੇਸ਼ ਦੇ ਸੰਘਵਾਦ ਢਾਂਚੇ 'ਚ ਰਾਜਾਂ ਲਈ ਵਧ ਅਧਿਕਾਰ ਲੈ ਕੇ ਸੂਬੇ ਦਾ ਕੁਝ ਸੁਆਰ ਸਕੇ। ਇਸ ਧਿਰ ਨੇ ਬਹੁਤ ਕੁਝ ਸਾਰਥਿਕ ਕੀਤਾ, ਪਰ ਹਿੰਦੂ ਰਾਸ਼ਟਰ ਦੀ ਮੁੱਦਈ ਭਾਜਪਾ ਨਾਲ ਸਾਂਝ ਭਿਆਲੀ ਪਾਕੇ, ਆਪਣੇ ਆਪ ਨੂੰ ਰਾਸ਼ਟਰੀ ਪਾਰਟੀ ਬਣਾਉਣ ਦੇ ਚੱਕਰ 'ਚ ਸਭ ਕੁਝ ਗੁਆ ਲਿਆ। ਹੁਣ ਸਥਿਤੀ ਇਹ ਬਣੀ ਹੋਈ ਹੈ ਕਿ 100 ਸਾਲ ਪੁਰਾਣੀ ਪਾਰਟੀ ਦੀ ਹੋਂਦ ਉਤੇ ਸਵਾਲ ਖੜ੍ਹੇ ਹੋ ਗਏ ਹਨ।

ਪੰਜਾਬ ਦੇ ਕੁਝ ਵਿਰਾਸਤੀ ਮੁੱਦੇ ਹਨ। ਇਹ ਮੁੱਦੇ ਪੰਜਾਬ ਦੇ ਅਣਖੀਲੇ ਲੋਕਾਂ ਦੀ ਸੋਚ ਨਾਲ ਜੁੜੇ ਹੋਏ ਹਨ। ਪੰਜਾਬ ਦੀ ਕੋਈ ਵੀ ਸਿਆਸੀ ਧਿਰ ਪਿਛਲੇ ਕੁਝ ਦਹਾਕਿਆਂ ਤੋਂ ਇਨ੍ਹਾਂ ਦੇ ਹੱਲ ਲਈ ਯਤਨਸ਼ੀਲ ਨਹੀਂ ਰਹੀ। ਸਿਆਸੀ ਧਿਰਾਂ ਬੱਸ ਓਪਰੇ-ਓਪਰੇ ਇਨ੍ਹਾਂ ਮੁੱਦਿਆਂ ਨੂੰ ਹੱਥ ਤਾਂ ਲਾਉਂਦੀਆਂ ਰਹੀਆਂ, ਪਰ ਇਨ੍ਹਾਂ ਦੇ ਹੱਲ ਕਰਨ ਲਈ ਹੌਂਸਲਾ ਨਹੀਂ ਕਰ ਰਹੀਆਂ। ਸਗੋਂ ਕਈ ਹਾਲਤਾਂ 'ਚ ਇਨ੍ਹਾਂ ਮੁੱਦਿਆਂ ਨੂੰ ਉਲਝਾ ਰਹੀਆਂ ਹਨ। ਜਿਸ ਨਾਲ ਪੰਜਾਬ ਦੀ ਸਮਾਜਿਕ, ਸੱਭਿਆਚਾਰਕ, ਆਰਥਿਕ ਸਥਿਤੀ ਪੇਚੀਦਾ ਹੁੰਦੀ ਜਾ ਰਹੀ ਹੈ।

ਪੰਜਾਬ 'ਚ ਇਸ ਵੇਲੇ ਵੱਡਾ ਸਿਆਸੀ ਖਿਲਾਅ ਹੈ, ਜੋ ਵਧਦਾ ਜਾ ਰਿਹਾ ਹੈ। ਵੱਡੀ ਗਿਣਤੀ ਪੰਜਾਬੀ ਸੂਬੇ ਦੇ ਹਾਲਤਾਂ ਅਤੇ ਮੌਜੂਦਾ ਹਾਕਮਾਂ ਤੇ ਸਿਆਸੀ ਪਾਰਟੀਆਂ ਤੋਂ ਨਿਰਾਸ਼ ਹੋ ਚੁੱਕੇ ਹਨ। ਪੰਜਾਬੀਆਂ ਦੇ ਮਨਾਂ ਨੂੰ ਕੋਈ ਸਿਆਸੀ ਪਾਰਟੀ ਪੜ੍ਹ ਹੀ ਨਹੀਂ ਰਹੀ ਅਤੇ ਪੰਜਾਬੀ ਜਿਧਰੋਂ ਵੀ ਰਤਾ ਕੁ ਆਸ ਦੀ ਕਿਰਨ ਉਨ੍ਹਾਂ ਨੂੰ ਦਿਖਦੀ ਹੈ, ਉਧਰ ਹੀ ਤੁਰ ਪੈਂਦੇ ਦਿਖਦੇ ਹਨ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic

Dental Care & Hair Transplant
COSMETIC - IMPLANT - RESTORATIVE



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

**Chief Editor**
Gurjatinder Singh Randhawa

**Sub Editors**
Sandeep Kumar
Amit Saini

**Distributor**
Jai Singh

**Website**
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸ਼੍ਰੋਮਣੀ ਅਕਾਲੀ ਦਲ ਬਾਦਲ ਵਿਚ ਬਗਾਵਤੀ ਸੁਰਾਂ ਤੇ ਸੰਕਟ ਦੀ ਘੜੀ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਸੁਖਬੀਰ ਸਿੰਘ ਬਾਦਲ ਨੇ ਫ਼ਰਵਰੀ 2024 ਵਿਚ ਪੰਜਾਬ ਬਚਾਓ ਯਾਤਰਾ ਸ਼ੁਰੂ ਕੀਤੀ ਸੀ, ਤਾਂ ਜੋ ਅਕਾਲੀ ਦਲ ਦੇ ਵਰਕਰਾਂ ਨੂੰ ਲਾਮਬੰਦ ਕਰਕੇ ਪਾਰਟੀ ਨੂੰ ਮੁੜ ਮਜ਼ਬੂਤ ਕਰਕੇ ਪੰਜਾਬ ਵਿਚ ਪਾਰਟੀ ਦਾ ਆਧਾਰ ਵਧਾਇਆ ਜਾ ਸਕੇ। ਪੰਜਾਬ ਬਚਾਓ ਯਾਤਰਾ ਅੱਧ ਵਿਚਕਾਰ ਹੀ ਛੱਡਣੀ ਪਈ ਪ੍ਰੰਤੂ ਹੁਣ ਟਕਸਾਲੀ ਅਕਾਲੀ ਨੇਤਾਵਾਂ ਨੇ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਵੰਗਾਰਦਿਆਂ ਸ਼੍ਰੋਮਣੀ ਅਕਾਲੀ ਦਲ ਬਚਾਓ ਲਹਿਰ 1 ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਕਰਨ ਦਾ ਐਲਾਨ ਕੀਤਾ ਹੈ। ਟਕਸਾਲੀ ਅਕਾਲੀ ਨੇਤਾ ਇਸ ਲਹਿਰ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਦੀ ਗੱਲ ਕਰਦੇ ਹਨ।

ਟਕਸਾਲੀ ਸ੍ਰੀ ਅਕਾਲ ਤਖ਼ਤ ਤੋਂ ਇਹ ਲਹਿਰ ਸ਼ੁਰੂ ਕਰਕੇ ਇਹ ਵੀ ਸੰਦੇਸ਼ ਦੇਣਾ ਚਾਹੁੰਦੇ ਹਨ ਕਿ ਉਨ੍ਹਾਂ ਦੀ ਪਾਰਟੀ ਪੰਥਕ ਪ੍ਰੰਪਰਾਵਾਂ ਅਨੁਸਾਰ ਚੱਲਣ ਵਾਲੀ ਹੈ। ਪ੍ਰੰਤੂ ਸੁਖਬੀਰ ਸਿੰਘ ਬਾਦਲ ਪੰਥਕ ਪਾਰਟੀ ਨੂੰ ਲੀਹਾਂ ਤੋਂ ਲਾਹ ਕੇ ਕੰਮ ਕਰ ਰਹੇ ਸਨ। ਅਸਲ ਵਿਚ ਟਕਸਾਲੀਆਂ ਦੀ ਭਾਵਨਾ ਸੁਖਬੀਰ ਸਿੰਘ ਬਾਦਲ ਵਿਰੁੱਧ ਅਕਾਲੀ ਵਰਕਰਾਂ ਨੂੰ ਸੰਗਠਤ ਕਰਨ ਦੀ ਯੋਜਨਾ ਲੱਗਦੀ ਹੈ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ 103 ਸਾਲ ਪੁਰਾਣੀ ਜੁਝਾਰੂਆਂ ਦੀ ਕੁਰਬਾਨੀਆਂ ਦੇਣ ਵਾਲੀ ਰੀਜਨਲ ਪਾਰਟੀ ਬਿਖਰਨ ਦੇ ਕਿਨਾਰੇ ਪਹੁੰਚ ਗਈ ਹੈ। ਸਮੁੱਚੇ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਬਣਿਆਂ ਹੋਇਆ ਹੈ ਕਿਉਂਕਿ ਦੇਸ਼ ਦੀ ਇਹ ਪਹਿਲੀ ਰੀਜਨਲ ਪਾਰਟੀ ਹੈ, ਜਿਸ ਦਾ ਅਸਤਿੱਤਵ ਖ਼ਤਰੇ ਵਿਚ ਪੈ ਗਿਆ ਹੈ। ਅੱਜਕੱਲ੍ਹ ਕੌਮੀ ਪਾਰਟੀਆਂ ਦੀ ਸਿਆਸੀ ਅਸਥਿਰਤਾ ਕਰਕੇ ਰੀਜਨਲ ਪਾਰਟੀਆਂ ਦੀ ਸੰਘੀ ਢਾਂਚੇ ਦੀ ਮਜ਼ਬੂਤੀ ਲਈ ਹੋਂਦ ਬਰਕਰਾਰ ਰਹਿਣਾ ਅਤਿਅੰਤ ਜ਼ਰੂਰੀ ਹੈ। ਅਜਿਹੇ ਨਾਜ਼ੁਕ ਸਮੇਂ ਜਦੋਂ ਕੇਂਦਰ ਵਿਚ ਗਠਜੋੜ ਸਰਕਾਰਾਂ ਦੀ ਪ੍ਰਣਾਲੀ ਚੱਲ ਰਹੀ ਹੈ, ਤਾਂ ਅਕਾਲੀ ਦਲ ਦਾ ਬਿਖ਼ਰਨਾ ਪੰਜਾਬੀਆਂ ਲਈ ਨੁਕਸਾਨਦਾਇਕ ਸਾਬਤ ਹੋਵੇਗਾ। ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਪਿਛਲੇ 7 ਸਾਲਾਂ ਤੋਂ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਸੀਨੀਅਰ ਅਕਾਲੀ ਨੇਤਾ ਮਹਿਸੂਸ ਕਰ ਰਹੇ ਹਨ ਕਿ ਅਕਾਲੀ ਦਲ ਕੋਈ ਪਿਤਾ ਪੁਰਖੀ ਪਾਰਟੀ ਨਹੀਂ ਹੈ। ਇਸ ਲਈ ਪਾਰਟੀ ਦੇ ਸੰਵਿਧਾਨ ਅਨੁਸਾਰ ਅੰਦਰੂਨੀ ਪਰਜਾਤੰਤਰਿਕ ਢੰਗ ਨਾਲ ਚੋਣ ਹੋਣੀ ਜ਼ਰੂਰੀ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਸਰਪ੍ਰਸਤੀ ਹੇਠ ਸਾਰੇ ਸੀਨੀਅਰ ਨੇਤਾਵਾਂ ਨੂੰ ਅਣਡਿੱਠ ਕਰਕੇ ਸੁਖਬੀਰ ਸਿੰਘ ਬਾਦਲ ਨੂੰ 2008 ਵਿਚ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਤੇ 2009 ਵਿਚ ਉਪ ਮੁੱਖ ਮੰਤਰੀ ਬਣਾ ਲਿਆ ਸੀ। ਜਦੋਂ ਤੋਂ ਸੁਖਬੀਰ ਸਿੰਘ ਬਾਦਲ ਪ੍ਰਧਾਨ ਬਣਿਆਂ ਹੈ, ਉਦੋਂ ਤੋਂ ਹੀ ਪਾਰਟੀ ਵਿਚ ਘੁਸਰ-ਮੁਸਰ ਹੋ ਰਹੀ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਲੜੀਆਂ ਗਈਆਂ ਸਨ। ਨਤੀਜੇ ਨਿਰਾਸ਼ਾਜਨਕ ਰਹੇ ਹਨ। 2022 ਵਿਚ ਤਾਂ ਪਾਰਟੀ ਸਿਰਫ 3 ਵਿਧਾਨ ਸਭਾ ਸੀਟਾਂ ਜਿੱਤ ਸਕੀ।

ਇਥੋਂ ਤੱਕ ਕਿ ਪ੍ਰਕਾਸ਼ ਸਿੰਘ ਬਾਦਲ ਵੀ ਲੰਬੀ ਤੋਂ ਚੋਣ ਹਾਰ ਗਏ ਸਨ। 2024 ਦੀਆਂ ਲੋਕ ਸਭਾ ਚੋਣਾਂ ਵਿਚ 13 ਲੋਕ ਸਭਾ ਸੀਟਾਂ ਵਿਚੋਂ ਸਿਰਫ ਇੱਕ ਬਠਿੰਡਾ ਦੀ ਸੀਟ ਜਿੱਤ ਸਕੇ ਤੇ 10 ਸੀਟਾਂ ਤੋਂ ਪਾਰਟੀ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਵੋਟ ਪ੍ਰਤੀਸ਼ਤ 12 ਫ਼ੀਸਦੀ ਰਹਿ ਗਈ, ਜਦੋਂਕਿ ਭਾਰਤੀ ਜਨਤਾ ਪਾਰਟੀ ਦੀ ਵੋਟ ਪ੍ਰਤੀਸ਼ਤ 18 ਹੋ ਗਈ। ਜਿਸ ਕਰਕੇ ਟਕਸਾਲੀ ਅਕਾਲੀ ਨੇਤਾਵਾਂ ਵਿਚ ਨਿਰਾਸ਼ਾ ਫ਼ੈਲ ਗਈ। ਇਸ ਕਰਕੇ ਉਨ੍ਹਾਂ ਨੇ ਸੀਨੀਅਰ ਅਕਾਲੀ ਨੇਤਾ ਮਰਹੂਮ ਕੁਲਦੀਪ ਸਿੰਘ ਬਡਾਲਾ ਦੇ ਫਾਰਮ ਹਾਊਸ ਵਿਚ ਟਕਸਾਲੀ ਨੇਤਾਵਾਂ ਦੀ ਮੀਟਿੰਗ ਕਰਕੇ ਸੁਖਬੀਰ ਸਿੰਘ ਬਾਦਲ ਨੂੰ ਵਰਕਰਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਅਸਤੀਫ਼ਾ ਦੇਣ ਲਈ ਮਤਾ ਪਾਸ ਕੀਤਾ ਗਿਆ ਹੈ। ਪ੍ਰਕਾਸ਼ ਸਿੰਘ ਬਾਦਲ ਦੇ ਜਿਉਂਦਿਆਂ ਹੀ ਸੀਨੀਅਰ ਨੇਤਾਵਾਂ ਨੇ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਚੈਲੰਜ ਕਰਨਾ ਸ਼ੁਰੂ ਕਰ ਦਿੱਤਾ ਸੀ। 2019 ਵਿਚ ਮਾਝੇ ਦੇ ਜਰਨੈਲ ਦੇ ਤੌਰ 'ਤੇ ਜਾਣੇ ਜਾਂਦੇ ਰਣਜੀਤ ਸਿੰਘ ਬ੍ਰਹਮਪੁਰਾ ਪਾਰਟੀ ਛੱਡ ਗਏ। ਉਨ੍ਹਾਂ ਨੇ ਆਪਣਾ ਅਕਾਲੀ ਦਲ ਟਕਸਾਲੀ ਬਣਾ ਲਿਆ। ਫਿਰ ਸੁਖਦੇਵ ਸਿੰਘ ਢੀਂਡਸਾ 2020 ਵਿਚ ਵੱਖਰੇ ਹੋ ਗਏ ਤੇ ਉਨ੍ਹਾਂ ਸੰਯੁਕਤ ਅਕਾਲੀ ਦਲ ਬਣਾ ਲਿਆ। ਇਸ ਪ੍ਰਕਾਰ ਅਕਾਲੀ ਦਲ ਨੂੰ ਖੋਰਾ ਲੱਗਦਾ ਰਿਹਾ। ਪ੍ਰਕਾਸ਼ ਸਿੰਘ ਬਾਦਲ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਇਹ ਪਹਿਲੀ ਵਾਰ ਸੁਖਬੀਰ ਸਿੰਘ ਬਾਦਲ ਲਈ ਵੱਡੀ ਵੰਗਾਰ ਖੜ੍ਹੀ ਹੋ ਗਈ ਹੈ।

ਇਸ ਵਾਰ ਸ੍ਰੋਮਣੀ ਅਕਾਲੀ ਦਲ ਦੇ ਮਰਹੂਮ ਪ੍ਰਧਾਨਾਂ ਦੇ ਪਰਿਵਾਰਿਕ ਮੈਂਬਰ ਜਿਨ੍ਹਾਂ ਵਿਚ ਮਾਸਟਰ ਤਾਰਾ ਸਿੰਘ ਦੀ ਦੋਹਤੀ ਬੀਬੀ ਕਿਰਨਜੀਤ ਕੌਰ, ਮੋਹਣ ਸਿੰਘ ਤੁੜ ਦਾ ਜਵਾਈ ਸੁੱਚਾ ਸਿੰਘ ਛੋਟੇਪੁਰ, ਜਗਦੇਵ ਸਿੰਘ ਤਲਵੰਡੀ ਦੀ ਨੂੰਹ ਬੀਬੀ ਹਰਜੀਤ ਕੌਰ ਤਲਵੰਡੀ, ਬੀਬੀ ਜਾਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਕੁਲਦੀਪ ਸਿੰਘ ਵਡਾਲਾ ਦਾ ਲੜਕਾ ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਦਾ ਲੜਕਾ ਭਾਈ ਮਨਜੀਤ ਸਿੰਘ, ਪਰਮਿੰਦਰ ਸਿੰਘ ਢੀਂਡਸਾ, ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਦੋਹਤਾ ਹਰਿੰਦਰਪਾਲ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ ਦਾ ਲੜਕਾ ਗਗਨਦੀਪ ਸਿੰਘ ਬਰਨਾਲਾ, ਸਿਕੰਦਰ ਸਿੰਘ ਮਲੂਕਾ, ਬੀਬੀ ਪਰਮਜੀਤ ਕੌਰ ਲਾਂਡਰਾਂ ਆਦਿ ਨੇ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਛੱਡਣ ਲਈ ਆਯੋਜਿਤ ਮੀਟਿੰਗ ਵਿਚ ਹਿੱਸਾ ਲਿਆ ਹੈ। ਇਸ ਤੋਂ ਪਹਿਲਾਂ ਜਦੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਵਿਅਕਤੀ ਇਕ ਪੋਸਟ ਲਈ ਪ੍ਰਕਾਸ਼ ਸਿੰਘ ਬਾਦਲ ਨੂੰ ਨਵੰਬਰ 1998 ਵਿਚ ਸੁਝਾਅ ਦਿੱਤਾ ਸੀ, ਤਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ 16 ਮਾਰਚ 1999 ਨੂੰ ਖਾਲਸਾ ਸਾਜਨਾ ਦੇ 300 ਸਾਲਾ ਸਮਾਗਮ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਹਟਾ ਦਿੱਤਾ ਗਿਆ ਸੀ। ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਆਪਣਾ ਸਰਬ ਹਿੰਦ ਅਕਾਲੀ ਦਲ ਬਣਾ ਲਿਆ ਸੀ। ਉਸ ਤੋਂ ਬਾਅਦ 2002 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਭਾਵੇਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸਰਬ ਹਿੰਦ ਅਕਾਲੀ ਦਲ ਦਾ ਇਕ ਵੀ ਉਮੀਦਵਾਰ ਜਿੱਤ ਨਹੀਂ ਸਕਿਆ ਸੀ ਪ੍ਰੰਤੂ ਬਾਦਲ ਦਲ ਨੂੰ ਹਰਾਉਣ ਵਿਚ ਯੋਗਦਾਨ ਪਾਇਆ ਸੀ।

ਇਸ ਦਾ ਭਾਵ ਇਹ ਹੈ ਕਿ ਬਾਦਲ ਪਰਿਵਾਰ ਹਰ ਹਾਲਤ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ 'ਤੇ ਆਪਣਾ ਕਬਜ਼ਾ ਰੱਖਣਾ ਚਾਹੁੰਦਾ ਹੈ। ਭਾਵੇਂ ਅਕਾਲੀ ਦਲ ਵਿਚ ਪਹਿਲਾਂ ਵੀ ਬਹੁਤ ਉਤਰਾਅ-ਚੜ੍ਹਾਅ ਆਏ ਹਨ ਪ੍ਰੰਤੂ ਪਹਿਲੀਆਂ ਬਗਾਵਤੀ ਸੁਰਾਂ ਸਾਰਥਿਕ ਸਾਬਤ ਨਹੀਂ ਹੋਈਆਂ ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਦੀ ਮਿਕਨਾਤੀਸੀ ਸਿਆਸਤ ਨੇ ਕਿਸੇ ਵਿਰੋਧੀ ਨੂੰ ਉਠਣ ਹੀ ਨਹੀਂ ਦਿੱਤਾ। ਇਸ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਨੇਤਾਵਾਂ ਵੱਲੋਂ ਸੰਗਠਿਤ ਢੰਗ ਨਾਲ ਪ੍ਰੋਗਰਾਮ ਉਲੀਕਿਆ ਗਿਆ ਹੈ। ਵੇਖਣ ਵਾਲੀ ਗੱਲ ਹੈ ਕਿ ਵਿਦੇਸ਼ ਦਾ ਪੜ੍ਹਿਆ ਸੁਖਬੀਰ ਸਿੰਘ ਬਾਦਲ ਇਸ ਜਵਾਰਭਾਟੇ ਦੀ ਲਹਿਰ ਦਾ ਮੁਕਾਬਲਾ ਕਰ ਸਕੇਗਾ ਜਾਂ ਫਿਰ ਬਾਦਲ ਪਰਿਵਾਰ ਦਾ ਗਲਬਾ ਢਹਿ-ਢੇਰੀ ਹੋ ਜਾਵਗਾ। ਪ੍ਰਕਾਸ਼ ਸਿੰਘ ਬਾਦਲ ਨੂੰ ਸਿਆਸਤ ਦਾ ਬਾਬਾ ਬੋਹੜ ਕਿਹਾ ਜਾਂਦਾ ਹੈ। ਉਸ ਨੇ ਆਪਣੀ ਸਿਆਸੀ ਕਾਬਲੀਅਤ ਨਾਲ ਅਕਾਲੀ ਦਲ ਦੇ ਕਿਸੇ ਵੀ ਨੇਤਾ ਨੂੰ ਆਪਣੇ ਬਰਾਬਰ ਉਭਰਨ ਹੀ ਨਹੀਂ ਦਿੱਤਾ। ਭਾਵੇਂ ਇੱਕ ਦਰਜਨ ਤੋਂ ਵੱਧ ਅਕਾਲੀ ਦਲ ਅਜੇ ਵੀ ਪੰਜਾਬ ਵਿਚ ਬਣੇ ਹੋਏ ਹਨ ਪ੍ਰੰਤੂ ਸ਼੍ਰੋਮਣੀ ਅਕਾਲੀ ਦਲ ਬਾਦਲ ਸਭ ਤੋਂ ਮਜ਼ਬੂਤ ਅਕਾਲੀ ਦਲ ਹੈ। ਅਕਾਲੀ ਦਲ ਨੂੰ ਸਿਆਸੀ ਤਾਕਤ ਗੁਰੂ ਘਰਾਂ ਤੋਂ ਮਿਲਦੀ ਹੈ। ਜਿਸ ਅਕਾਲੀ ਦਲ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਹੁੰਦਾ ਹੈ, ਉਹ ਹੀ ਮੁੱਖ ਧਾਰਾ ਵਾਲਾ ਅਕਾਲੀ ਦਲ ਸਥਾਪਤ ਸਮਝਿਆ ਜਾਂਦਾ ਹੈ, ਕਿਉਂਕਿ ਇਹ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਉਸ ਅਕਾਲੀ ਦਲ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖ਼ਰਚਾ ਕਰਦੀ ਹੈ। ਸ਼੍ਰੋਮਣੀ ਅਕਾਲੀ ਦਲ ਦਾ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਰਿਹਾ ਹੈ, ਇਸ ਕਰਕੇ ਪਿਛਲੇ ਲੰਬੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਬਾਦਲ ਪਰਿਵਾਰ ਨੇ ਹੋਣ ਨਹੀਂ ਦਿੱਤੀਆਂ, ਕਿਉਂਕਿ ਹੋ ਸਕਦਾ ਬਾਦਲ ਧੜਾ ਕਮੇਟੀ ਦੀਆਂ ਚੋਣਾਂ ਹਾਰ ਨਾ ਜਾਵੇ ਤੇ ਅਕਾਲੀ ਦਲ ਤੋਂ ਵੀ ਕਬਜ਼ਾ ਛੱਡਣਾ ਪੈ ਸਕਦਾ ਹੈ।

ਜਦੋਂ ਟਕਸਾਲੀ ਨੇਤਾਵਾਂ ਦੀ ਜਲੰਧਰ ਵਿਖੇ ਮੀਟਿੰਗ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਲਈ ਮਤਾ ਪਾਸ ਕਰ ਰਹੀ ਸੀ, ਤਾਂ ਦੂਜੇ ਪਾਸੇ ਚੰਡੀਗੜ੍ਹ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਵਿਚ ਸੁਖਬੀਰ ਸਿੰਘ ਬਾਦਲ ਆਪਣੇ ਸਮਰਥਕਾਂ ਨਾਲ ਅਗਲੀ ਰਣਨੀਤੀ ਬਣਾਉਣ ਲਈ ਮੀਟਿੰਗ ਕਰ ਰਿਹਾ ਸੀ। ਇਸ ਮੀਟਿੰਗ ਵਿਚ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਵਿਚ ਭਰੋਸਾ ਪ੍ਰਗਟਾਇਆ ਗਿਆ ਹੈ। ਚੰਡੀਗੜ੍ਹ ਵਾਲੀ ਮੀਟਿੰਗ ਵਿਚ ਬਲਵਿੰਦਰ ਸਿੰਘ ਭੂੰਦੜ ਅਤੇ ਜਨਮੇਜਾ ਸਿੰਘ ਸੇਖੋਂ ਤੋਂ ਬਿਨਾ ਹੋਰ ਕੋਈ ਬਹੁਤੇ ਸੀਨੀਅਰ ਲੀਡਰ ਹਾਜ਼ਰ ਨਹੀਂ ਸਨ। ਸਿੱਖ ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹਨ, ਉਹ ਸ਼੍ਰੋਮਣੀ ਅਕਾਲੀ ਦਲ ਵਰਗੀ ਰੀਜਨਲ ਪਾਰਟੀ ਦਾ ਅਜਿਹੇ ਸੰਕਟ ਵਿਚ ਹੋਣ 'ਤੇ ਚਿੰਤਾ ਪ੍ਰਗਟ ਕਰ ਰਹੇ ਹਨ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਅਕਾਲੀ ਦਲ ਕਦੀਂ ਵੀ ਖ਼ਤਮ ਨਹੀਂ ਹੋਵੇਗਾ, ਅਜਿਹੇ ਜਵਾਰਭਾਟੇ ਵਰਗੀਆਂ ਲਹਿਰਾਂ ਪਹਿਲਾਂ ਵੀ ਆਈਆਂ ਹਨ ਤੇ ਅੱਗੋਂ ਨੂੰ ਵੀ ਆਉਂਦੀਆਂ ਰਹਿਣਗੀਆਂ। ਪੜਚੋਲਕਾਰ ਮਹਿਸੂਸ ਕਰਦੇ ਹਨ, ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੇ ਹਿੱਤਾਂ ਲਈ ਪ੍ਰਧਾਨਗੀ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਗਾਂਧੀ ਪਰਿਵਾਰ 'ਤੇ ਪਰਿਵਾਰਵਾਦ ਦਾ ਇਲਜ਼ਾਮ ਲੱਗਦਾ ਸੀ, ਤਾਂ ਉਨ੍ਹਾਂ ਨੇ ਮਲਿਕ ਅਰਜੁਨ ਖੜਗੇ ਨੂੰ ਪ੍ਰਧਾਨ ਬਣਾਕੇ ਇਹ ਇਲਜ਼ਾਮ ਲਾਹ ਦਿੱਤਾ ਹੈ, ਭਾਵੇਂ ਤੂਤੀ ਗਾਂਧੀ ਪਰਿਵਾਰ ਦੀ ਹੀ ਬੋਲਦੀ ਹੈ। ਇਸੇ ਤਰ੍ਹਾਂ ਸੁਖਬੀਰ ਸਿੰਘ ਬਾਦਲ ਨੂੰ ਵੀ ਕੋਈ ਹੋਰ ਲੀਡਰ ਨੂੰ ਪ੍ਰਧਾਨ ਬਣਾਕੇ ਅਕਾਲੀ ਦਲ ਨੂੰ ਸੰਕਟ ਵਿਚੋਂ ਕੱਢਣ ਦੀ ਪਹਿਲ ਕਰਨੀ ਚਾਹੀਦੀ ਹੈ।




# ਜਦੋਂ ਸ਼ਰਾਬੀ ਹਵਾਲਦਾਰ ਮੈਨੂੰ ਸਸਪੈਂਡ ਕਰਵਾਉਣ ਲੱਗਾ ਸੀ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
ਪੰਜਾਬ ਮੇਲ USA



1992-93 ਸਮੇਂ ਮੈਂ ਸੰਗਰੂਰ ਜ਼ਿਲ੍ਹੇ ਵਿਚ ਤਾਇਨਾਤ ਸੀ ਤੇ ਬੇਸਿਕ ਟਰੇਨਿੰਗ ਖਤਮ ਹੋਣ ਤੋਂ ਬਾਅਦ ਮੇਰੀ ਪਹਿਲੀ ਫੀਲਡ ਪੋਸਟਿੰਗ ਬਤੌਰ ਐੱਸ.ਐੱਚ.ਉ. ਥਾਣਾ ਮੂਨਕ ਵਿਖੇ ਹੋਈ ਸੀ। ਥਾਣਾ ਮੂਨਕ ਇੱਕ ਦਿਹਾਤੀ ਥਾਣਾ ਹੈ, ਜਿੱਥੇ ਜ਼ਿਆਦਾਤਰ ਪਿੰਡ ਲੋਕਲ ਵਸਨੀਕਾਂ ਦੇ ਹਨ, ਜੋ ਰਲੀ-ਮਿਲੀ ਪੰਜਾਬੀ ਤੇ ਹਰਿਆਣਵੀ ਬੋਲਦੇ ਹਨ। ਕੁਝ ਪਿੰਡ ਪਾਕਿਸਤਾਨ ਤੋਂ ਉੱਜੜ ਕੇ ਆਏ ਭਾਊਆਂ ਦੇ ਵੀ ਹਨ। ਲੋਕਲ ਲੋਕ ਉਨ੍ਹਾਂ ਨੂੰ ਰਫੂਜੀ (ਰਫਿਊਜ਼ੀ) ਕਹਿੰਦੇ ਹਨ ਤੇ ਭਾਊ ਲੋਕਲਾਂ ਨੂੰ ਬਾਂਗਰੂ। ਉਸ ਸਮੇਂ ਮੂਨਕ ਸ਼ਾਂਤ ਥਾਣਿਆਂ ਵਿਚ ਗਿਣਿਆ ਜਾਂਦਾ ਸੀ, ਲੜਾਈਆਂ ਝਗੜੇ ਘੱਟ ਹੁੰਦੇ ਸਨ ਤੇ ਕਤਲ ਤਾਂ ਸ਼ਾਇਦ ਹੀ ਸਾਲ ਵਿਚ ਕਿਤੇ ਇੱਕ ਅੱਧਾ ਹੁੰਦਾ ਹੋਵੇ। ਜ਼ਿਆਦਾ ਕਰਾਈਮ ਭੁੱਕੀ ਦੀ ਪ੍ਰਚੂਨ ਵਿਕਰੀ ਦਾ ਸੀ। ਸਮੱਗਲਰ ਹਰਿਆਣਾ ਜਾਂ ਰਾਜਸਥਾਨ ਤੋਂ ਬੋਰੀ, ਦੋ ਬੋਰੀਆਂ ਲੈ ਆਉਂਦੇ ਤੇ ਆਪਣੇ ਗਾਹਕਾਂ ਨੂੰ ਪ੍ਰਚੂਨ ਵਿਚ ਵੇਚ ਦਿੰਦੇ। ਭੁੱਕੀ ਦੇ ਇਲਾਕੇ ਵਿਚ ਪਹੁੰਚਦੇ ਸਾਰ ਅਮਲੀਆਂ ਵਿਚ ਕੋਡਵਰਡ ਪਹੁੰਚ ਜਾਂਦਾ ਸੀ ਕਿ ਜਹਾਜ਼ ਉੱਤਰਿਆ ਹੈ।

ਹਰ ਥਾਣੇ ਵਿਚ ਕਈ ਅਜਿਹੇ ਘਾਂਬੜ ਮੁਲਾਜ਼ਮ ਹੁੰਦੇ ਹਨ, ਜੋ ਬਿਨਾਂ ਕਿਸੇ ਡਰ ਭੈਅ ਦੇ ਰੱਜ ਕੇ ਅਣਗਹਿਲੀ ਕਰਦੇ ਹਨ। ਸ਼ਰਾਬ ਪੀ ਕੇ, ਗੈਰਹਾਜ਼ਰ ਹੋ ਕੇ ਜਾਂ ਕਿਸੇ ਸੀਨੀਅਰ ਅਧਿਕਾਰੀ ਨਾਲ ਖਹਿਬੜ ਕੇ ਸਸਪੈਂਡ ਹੋਣਾ ਉਨ੍ਹਾਂ ਵਾਸਤੇ ਆਮ ਗੱਲ ਹੁੰਦੀ ਹੈ। ਉਨ੍ਹਾਂ ਨੇ ਮਹਿਕਮੇ ਦੇ ਅੱਧੇ ਅਫਸਰ ਕੰਮ 'ਤੇ ਲਾਏ ਹੁੰਦੇ ਹਨ, ਜੋ ਵਿਚਾਰੇ ਉਨ੍ਹਾਂ ਦੀਆਂ ਵਿਭਾਗੀ ਪੜਤਾਲਾਂ ਦੀ ਫਾਈਲਾਂ ਨਾਲ ਮੱਥਾ ਮਾਰਦੇ ਰਹਿੰਦੇ ਹਨ। ਮੂਨਕ ਅਤੇ ਖਨੌਰੀ ਥਾਣਾ ਹਰਿਆਣੇ ਦੇ ਬਾਰਡਰ 'ਤੇ ਹੋਣ ਕਾਰਨ ਹਰਿਆਣੇ ਦੇ ਰਹਿਣ ਵਾਲੇ ਜ਼ਿਆਦਾਤਰ ਮੁਲਾਜ਼ਮ ਇਨ੍ਹਾਂ ਥਾਣਿਆਂ ਦੀ ਬਦਲੀ ਕਰਵਾ ਲੈਂਦੇ ਸਨ। ਮੂਨਕ ਥਾਣੇ ਵਿਚ ਵੀ ਹਰਿਆਣੇ ਦਾ ਰਹਿਣ ਵਾਲਾ ਇੱਕ ਹਵਾਲਦਾਰ ਬਲਵਾਨ ਸਿੰਘ ਤਾਇਨਾਤ ਸੀ, ਜੋ ਸਿਰੇ ਦਾ ਸ਼ਰਾਬੀ, ਲਾਪ੍ਰਵਾਹ ਤੇ ਗੈਰਹਾਜ਼ਰ ਹੋਣ ਦਾ ਆਦੀ ਸੀ। ਹਫਤੇ ਵਿਚੋਂ ਚਾਰ ਦਿਨ ਤਾਂ ਆਪਣੀ ਚੱਲ ਰਹੀਆਂ ਵਿਭਾਗੀ ਪੜਤਾਲਾਂ ਵਿਚ ਬਿਆਨ ਲਿਖਾਉਣ ਲਈ ਹੀ ਤੁਰਿਆ ਰਹਿੰਦਾ ਸੀ।

ਮੇਰੀ ਪੋਸਟਿੰਗ ਤੋਂ ਚਾਰ ਕੁ ਮਹੀਨੇ ਬਾਅਦ ਦਿਵਾਲੀ ਆ ਗਈ ਤੇ ਹਫਤਾ ਕੁ ਪਹਿਲਾਂ ਹੀ ਬਲਵਾਨ 13 ਦਿਨ ਗੈਰ ਹਾਜ਼ਰ ਹੋ ਕੇ ਆਇਆ ਸੀ। ਦਿਵਾਲੀ ਤੋਂ ਦੋ ਕੁ ਦਿਨ ਪਹਿਲਾਂ ਮੈਂ ਮੁਲਾਜ਼ਮਾਂ ਨੂੰ ਕਹਿ ਦਿੱਤਾ ਕਿ ਜਿਸ ਨੇ ਫਰਲੋ ਜਾਣਾ ਹੈ, ਜਾ ਸਕਦਾ ਹੈ ਪਰ ਦਿਵਾਲੀ ਤੋਂ ਅਗਲੇ ਦਿਨ ਸਵੇਰੇ 9 ਵਜੇ ਤੋਂ ਪਹਿਲਾਂ ਹਾਜ਼ਰ ਹੋਣਾ ਪਵੇਗਾ। ਜਿਹੜੇ ਮੁਲਾਜ਼ਮ ਇਥੇ ਰਹਿਣਗੇ, ਉਨ੍ਹਾਂ ਵਾਸਤੇ ਸ਼ਾਹੀ ਡਿਨਰ ਤਿਆਰ ਕੀਤਾ ਜਾਵੇਗਾ ਤੇ ਨਾਲੇ 3-3 ਦਿਨ ਦੀ ਫਰਲੋ ਦਿੱਤੀ ਜਾਵੇਗੀ। 14-15 ਮੁਲਾਜ਼ਮ ਜਿਹੜੇ ਦੂਰ ਦੇ ਰਹਿਣ ਵਾਲੇ ਸਨ, ਉਹ ਰਹਿ ਗਏ ਤੇ ਨਜ਼ਦੀਕੀ ਪਿੰਡਾਂ ਵਾਲੇ ਚਲੇ ਗਏ। ਮੈਂ ਵੇਖਿਆ ਕਿ ਬਲਵਾਨ ਵੀ ਆਪਣਾ ਬੈਗ ਮੋਢੇ 'ਤੇ ਲਟਕਾਈ ਬਾਹਰ ਨੂੰ ਤੁਰਿਆ ਜਾ ਰਿਹਾ ਸੀ। ਮੈਂ ਉਸ ਨੂੰ ਵਾਪਸ ਬੁਲਾਇਆ ਤੇ ਫਿੱਟ ਲਾਹਨਤ ਕੀਤੀ ਕਿ ਕੁਝ ਤਾਂ ਸ਼ਰਮ ਕਰ ਲੈ। ਤੂੰ ਤਾਂ ਪਹਿਲਾਂ ਹੀ 13 ਦਿਨ ਗੈਰ ਹਾਜ਼ਰ ਹੋ ਕੇ ਆਇਆ ਹੈਂ, ਬੰਦਾ ਬਣ ਕੇ ਵਾਪਸ ਚੱਲ ਤੇ ਡਿਊਟੀ ਕਰ। ਉਹ ਭੈੜਾ ਜਿਹਾ ਮੂੰਹ ਬਣਾ ਕੇ ਬੈਰਕ ਵੱਲ ਚਲਾ ਗਿਆ।

ਦਿਵਾਲੀ ਵਾਲੇ ਦਿਨ ਸ਼ਾਮ ਦੀਆਂ ਡਿਊਟੀਆਂ ਲਗਾਉਣ ਵੇਲੇ ਮੈਂ ਮੁੰਸ਼ੀ ਨੂੰ ਕਿਹਾ ਕਿ ਬਲਵਾਨ ਨੂੰ ਮੂਨਕ ਅੱਡੇ ਵਿਚ ਗਸ਼ਤ 'ਤੇ ਲਗਾ ਦਿਉ। ਮੁੰਸ਼ੀ ਸਿਆਣਾ ਸੀ, ਕਹਿਣ ਲੱਗਾ ਕਿ ਇਸ ਨੂੰ ਕਿਤੇ ਦੂਰ ਉਜਾੜ ਜਿਹੇ ਨਾਕੇ 'ਤੇ ਦਫਾ ਕਰ ਦਿੰਦੇ ਹਾਂ। ਜੇ ਇਥੇ ਰਿਹਾ ਤਾਂ ਸ਼ਰਾਬ ਪੀ ਕੇ ਕੋਈ ਨਾ ਕੋਈ ਪੰਗਾ ਜ਼ਰੂਰ ਖੜ੍ਹਾ ਕਰੇਗਾ। ਪਰ ਮੇਰੀ ਅਕਲ 'ਤੇ ਪੱਥਰ ਪੈ ਗਏ ਸਨ, ਜਿਸ ਕਾਰਨ ਮੈਂ ਮੁੰਸ਼ੀ ਦੀ ਗੱਲ ਨਾ ਮੰਨੀ। ਸੜਿਆ ਬਲਿਆ ਬਲਵਾਨ ਇੱਕ ਪੁਰਾਣੀ ਜਿਹੀ ਸਟੇਨਗੰਨ ਲੈ ਕੇ ਦੋ ਮੁਲਾਜ਼ਮਾਂ ਸਮੇਤ ਅੱਡੇ ਵਿਚ ਗਸ਼ਤ ਕਰਨ ਲੱਗ ਪਿਆ। 8 ਕੁ ਵਜੇ ਇੱਕ ਪੰਗੇਬਾਜ਼ ਕਿਸਮ ਦਾ ਸ਼ਰਾਬੀ ਉਸ ਦੇ ਸਾਹਮਣੇ ਗੇੜੇ ਕੱਢਣ ਲੱਗ ਪਿਆ। ਮੁੱਛਾਂ ਨੂੰ ਵੱਟ ਦਿੰਦਾ ਕਦੇ ਖੱਬੇ ਜਾਵੇ ਤੇ ਕਦੇ ਸੱਜੇ। ਜਦੋਂ ਬਲਵਾਨ ਨੇ ਉਸ ਨੂੰ ਟੋਕਿਆ, ਤਾਂ ਅੱਗੋਂ ਕਹਿਣ ਲੱਗਾ ਕਿ ਮੈਂ ਤੇਰੇ ਵਰਗੇ 36 ਹੌਲਦਾਰ ਵੇਖੇ ਨੇ। ਬਲਵਾਨ ਨੇ ਉਸ ਨੂੰ ਸਮਝਾਇਆ ਕਿ ਤੇਰੀ ਪੀਤੀ ਹੋਈ ਆ ਤੇ ਮੈਂ ਅਜੇ ਸੂਫੀ ਹਾਂ, ਜਾ ਮੈਨੂੰ ਤੰਗ ਨਾ ਕਰ। ਉਹ ਫਿਰ ਬੋਲਿਆ ਕਿ ਮੈਂ ਤੇਰੇ ਵਰਗੇ 36 ਹੌਲਦਾਰ ਵੇਖੇ ਨੇ। ਬਲਵਾਨ ਨੂੰ ਗੁੱਸਾ ਆ ਤੇ ਉਸ ਨੂੰ ਕਿਹਾ ਕਿ ਇਥੇ ਹੀ ਰੁਕ, ਮੈਂ ਦੋ ਮਿੰਟ ਵਿਚ ਆਇਆ।


ਉਹ ਨੇੜੇ ਦੇ ਠੇਕੇ ਵਿਚ ਜਾ ਵੜਿਆ ਤੇ ਦੇਸੀ ਦਾ ਅਧੀਆ ਇੱਕੋ ਸਾਹੇ ਸੁੱਕਾ ਹੀ ਚਾੜ੍ਹ ਗਿਆ। ਰੰਗ ਬਰੰਗਾ ਜਿਹਾ ਹੋ ਕੇ ਫਿਰ ਸ਼ਰਾਬੀ ਕੋਲ ਪਹੁੰਚ ਗਿਆ ਤੇ ਬੋਲਿਆ ਕਿ ਹੁਣ ਦੱਸ ਕੀ ਕਹਿੰਦਾ ਸੀ? ਉਹ ਫਿਰ ਬੋਲਿਆ ਕਿ ਮੈਂ ਤੇਰੇ ਵਰਗੇ 36 ਹੌਲਦਾਰ ਵੇਖੇ ਨੇ। ਬਲਵਾਨ ਨੇ ਸਟੇਨਗੰਨ ਬਰਸਟ 'ਤੇ ਕੀਤੀ ਤੇ ਕਿਹਾ ਕਿ ਲੈ ਪੁੱਤ ਹੁਣ ਤੂੰ 37ਵਾਂ ਹੌਲਦਾਰ ਨਹੀਂ ਵੇਖਦਾ ਤੇ ਘੋੜਾ ਦੱਬ ਦਿੱਤਾ। ਥਾਣੇ ਵਿਚ ਜਦੋਂ ਤੜ-ਤੜ ਦੀ ਆਵਾਜ਼ ਪਹੁੰਚੀ, ਤਾਂ ਮੁੰਸ਼ੀ ਭੱਜ ਕੇ ਮੇਰੇ ਕਵਾਟਰ ਆਇਆ ਕਿ ਜ਼ਨਾਬ ਪਾ 'ਤਾ ਜੇ ਬਲਵਾਨ ਨੇ ਕੋਈ ਪਵਾੜਾ। ਜਦੋਂ ਅਸੀਂ ਭੱਜ ਕੇ ਮੌਕੇ 'ਤੇ ਪਹੁੰਚੇ, ਤਾਂ ਸਾਰੇ ਪਾਸੇ ਖਿਲਾਰਾ ਪਿਆ ਹੋਇਆ ਸੀ। ਕਿਤੇ ਰੇਹੜੀਆਂ ਉਲਟੀਆਂ ਪਈਆਂ ਸਨ ਤੇ ਕਿਧਰੇ ਬੱਚੇ ਚੀਕਾਂ ਮਾਰ ਰਹੇ ਸਨ। ਸਾਰਾ ਅੱਡਾ ਖਾਲੀ ਹੋਇਆ ਪਿਆ ਸੀ। ਬਲਵਾਨ ਨਾਲ ਪੰਗਾ ਲੈਣ ਵਾਲੇ ਸ਼ਰਾਬੀ ਦੀ ਸਾਰੀ ਸ਼ਰਾਬ ਲਹਿ ਗਈ ਸੀ ਤੇ ਉਹ ਬਲਵਾਨ ਦੇ ਪੈਰਾਂ ਨੂੰ ਚੰਬੜਿਆ ਪੱਤੇ ਵਾਂਗ ਕੰਬ ਰਿਹਾ ਸੀ। ਜਦੋਂ ਆਟੋਮੈਟਿਕ ਹਥਿਆਰ ਚੱਲਦਾ ਹੈ, ਤਾਂ ਗੈਸ ਦੇ ਪ੍ਰੈਸ਼ਰ ਕਾਰਨ ਇਸ ਦੀ ਬੈਰਲ ਉੱਪਰ ਵੱਲ ਚੁੱਕੀ ਜਾਂਦੀ ਹੈ। ਇਸ ਕਾਰਨ ਜਦੋਂ ਮਰੀਅਲ ਜਿਹੇ ਬਲਵਾਨ ਨੇ ਬਰਸਟ ਮਾਰਿਆ, ਤਾਂ ਸ਼ਰਾਬੀ ਹੋਣ ਕਾਰਨ ਇੱਕ ਤਾਂ ਉਸ ਦਾ ਨਿਸ਼ਾਨਾ ਉੱਕ ਗਿਆ ਤੇ ਦੂਸਰਾ ਸਟੇਨਗੰਨ ਦੇ ਉੱਪਰ ਵੱਲ ਹੋ ਜਾਣ ਕਾਰਨ ਕਿਸੇ ਦੇ ਵੀ ਗੋਲੀਆਂ ਨਾ ਲੱਗੀਆਂ। ਬੱਸ ਇਸੇ ਗੱਲ ਨੇ ਬਲਵਾਨ ਦੀ ਤੇ ਮੇਰੀ ਨੌਕਰੀ ਬਚਾ ਲਈ। ਮੈਂ ਗੁੱਸੇ ਵਿਚ ਆ ਕੇ ਉਸ ਨੂੰ ਗਿੱਚੀ ਤੋਂ ਫੜ੍ਹ ਲਿਆ। ਰਾਤ ਭਰ ਹਵਾਲਾਤ ਵਿਚ ਰੱਖਿਆ ਤੇ ਸਵੇਰੇ ਪੁਲਿਸ ਲਾਈਨ ਨੂੰ ਰਵਾਨਾ ਕਰ ਦਿੱਤਾ। ਇਸ ਤੋਂ ਬਾਅਦ ਮੈਂ ਤੇ ਮੁੰਸ਼ੀ ਨੇ ਪੱਤਰਕਾਰਾਂ ਨੂੰ ਖਬਰ ਲਾਉਣ ਤੋਂ ਕਿਵੇਂ ਰੋਕਿਆ, ਇਹ ਮੈਂ ਜਾਣਦਾਂ ਜਾਂ ਰੱਬ।

# ਡਾ. ਸਤਿੰਦਰ ਪਾਲ ਸਿੰਘ ਦੀ 'ਸਫਲ ਗ੍ਰਿਹਸਥ ਲਈ ਗੁਰਮਤਿ' ਬਿਹਤਰੀਨ ਪੁਸਤਕ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲUSA



ਡਾ. ਸਤਿੰਦਰ ਪਾਲ ਸਿੰਘ ਪੰਜਾਬੀ ਤੇ ਹਿੰਦੀ ਦੇ ਬਹੁ-ਚਰਚਿਤ ਲੇਖਕ ਤੇ ਕਾਲਮ ਨਵੀਸ ਹਨ। ਉਸ ਦੀਆਂ ਡੇਢ ਦਰਜਨ ਤੋਂ ਵੱਧ ਧਾਰਮਿਕ ਵਿਸ਼ਿਆਂ 'ਤੇ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਲੇਖਕ ਨੂੰ ਬਹੁਤ ਸਾਰੀਆਂ ਸਾਹਿਤਕ, ਧਾਰਮਿਕ, ਸਰਕਾਰੀ ਅਤੇ ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਅਨੇਕ ਵਾਰੀ ਮਾਨ-ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਡਾ. ਸਤਿੰਦਰ ਪਾਲ ਸਿੰਘ ਦੀਆਂ ਪੁਸਤਕਾਂ ਦੀ ਖ਼ੂਬੀ ਇਹ ਹੈ ਕਿ ਉਹ ਸਾਰੀਆਂ ਹੀ ਸਿੱਖ ਵਿਚਾਰਧਾਰਾ ਦੇ ਸਿਧਾਂਤਾਂ ਅਨੁਸਾਰ ਜੀਵਨ ਬਸਰ ਕਰਨ ਦੀ ਪ੍ਰੇਰਨਾ ਦਿੰਦੀਆਂ ਹਨ। ਚਰਚਾ ਅਧੀਨ ਪੁਸਤਕ 'ਸਫਲ ਗ੍ਰਿਹਸਥ ਲਈ ਗੁਰਮਤਿ' ਵਿਚ ਗ੍ਰਿਹਸਥ ਜ਼ਿੰਦਗੀ ਦੀ ਜੀਵਨ ਜਾਚ ਦੇ ਗੁਰ ਦੱਸਣ ਲਈ 8 ਲੇਖ ਹਨ। ਇਨ੍ਹਾਂ ਲੇਖਾਂ ਵਿਚ ਲੇਖਕ ਨੇ ਇਨਸਾਨ ਨੂੰ ਆਪਣਾ ਜੀਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਤੋਂ ਸੇਧ ਲੈ ਕੇ ਗੁਰਮਤਿ ਅਨੁਸਾਰ ਬਸਰ ਕਰਨ ਦੀ ਤਾਕੀਦ ਕੀਤੀ ਹੈ। ਆਪਣੇ ਲੇਖਾਂ ਵਿਚ ਉਨ੍ਹਾਂ ਉਦਾਹਰਨਾਂ ਬਹੁਤ ਹੀ ਕਮਾਲ ਦੀਆਂ ਦਿੱਤੀਆਂ ਹਨ, ਜਿਨ੍ਹਾਂ ਤੋਂ ਇਨਸਾਨ ਸੌਖਿਆਂ ਹੀ ਪ੍ਰਭਾਵਤ ਹੋ ਸਕਦਾ ਹੈ। ਲੇਖਕ ਲਿਖਦਾ ਹੈ, ਗੁਰਸਿੱਖ ਦਾ ਗੁਰੂ ਪ੍ਰਤੀ ਸਮਰਪਣ ਤੇ ਭਰੋਸਾ ਉਸ ਦੇ ਸਫਲ ਗ੍ਰਿਹਸਥ ਹੋਣ ਦੀ ਨੀਂਹ ਹੈ। ਸੰਸਾਰਕ ਸੰਬੰਧ ਵੀ ਪ੍ਰਮਾਤਮਾ ਦੇ ਬਖ਼ਸ਼ੇ ਸੰਜੋਗ ਹਨ। ਆਪਣੇ ਲੇਖਾਂ ਵਿਚ ਲੇਖਕ ਗੁਰਬਾਣੀ ਵਿਚੋਂ ਉਦਾਹਰਣਾਂ ਦੇ ਕੇ ਇਨਸਾਨ ਨੂੰ ਸੱਚੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੰਦਾ ਹੈ। ਗੁਰਬਾਣੀ ਦੇ ਸਿਧਾਂਤ, ਇੱਕ ਸਫਲ ਸੰਸਾਰਕ ਕਿਰਦਾਰ ਵੀ ਸਿਰਜਦੇ ਹਨ। ਇਹ ਪੁਸਤਕ ਗ੍ਰਿਹਸਥ ਜੀਵਨ ਦੀ ਗੁਰਮਤਿ ਅਨੁਸਾਰ ਸਫਲਤਾ ਲਈ ਪ੍ਰੇਰਿਤ ਕਰੇਗੀ। ਪਹਿਲੇ ਲੇਖ 'ਗ੍ਰਿਹਸਥ ਜੀਵਨ' ਵਿਚ ਲੇਖਕ ਦੱਸਦਾ ਹੈ, ਜੀਵਨ ਤੇ ਮਰਨ ਦੇ ਵਿਚਕਾਰ ਦਾ ਸਮਾਂ ਮਨੁੱਖ ਦੀ ਬੁੱਧੀ, ਵਿਵੇਕ ਤੇ ਗਿਆਨ ਨਾਲ ਆਪਣਾ ਜੀਵਨ ਬਸਰ ਕਰਨ ਦਾ ਸੰਕਲਪ ਹੈ। ਲੇਖਕ ਨੇ ਦਸ ਗੁਰੂ ਸਾਹਿਬਾਨ ਦੇ ਗ੍ਰਿਹਸਥੀ ਸਫਲ ਜੀਵਨ ਬਾਰੇ ਜਾਣਕਾਰੀ ਦਿੰਦਿਆਂ ਗ੍ਰਿਹਸਥ ਵਿਚ ਰਹਿੰਦਿਆਂ ਕਿਵੇਂ ਧਾਰਮਿਕ ਭਗਤੀ ਕੀਤੀ ਜਾ ਸਕਦੀ ਹੈ, ਉਨ੍ਹਾਂ ਗੁਰੂਆਂ ਦੇ ਰਾਹ ਵਿਚ ਆਈਆਂ ਰੁਕਾਵਟਾਂ ਅਤੇ ਲੋਕਾਂ ਵੱਲੋਂ ਗ੍ਰਿਹਸਥੀ ਜੀਵਨ ਬਾਰੇ ਪੁੱਛੇ ਗਏ ਪ੍ਰਸ਼ਨਾਂ ਦੇ ਦਿੱਤੇ ਗਏ ਜਵਾਬ ਵੀ ਦੱਸੇ ਹਨ। ਔਰਤ, ਪੁੱਤਰ ਤੇ ਦੌਲਤ ਗ੍ਰਿਹਸਥੀ ਦੇ ਮੁੱਖ ਅੰਗ ਹਨ। ਗੁਰੂ ਸਾਹਿਬ ਨੇ ਵਿਕਾਰਾਂ ਨੂੰ ਜਿੱਤ ਕੇ ਜੀਵਨ ਨੂੰ ਸਫਲ ਕਰਨ ਦੀ ਪ੍ਰੇਰਨਾ ਦਿੱਤੀ ਹੈ। ਇਸਤਰੀ ਅਤੇ ਸੰਤਾਨ ਕਦੇ ਵੀ ਧਰਮ ਅਧਿਆਤਮ ਦੇ ਮਾਰਗ ਵਿਚ ਰੁਕਾਵਟ ਨਹੀਂ ਬਣਦਾ। ਪਤਨੀ ਬਿਨਾ ਗ੍ਰਿਹਸਥੀ ਨਹੀਂ ਚੱਲਦੀ। ਮਨੁੱਖ ਗੁਰੂ ਦੇ ਸ਼ਬਦ ਨਾਲ ਜੁੜ ਜਾਏ ਗ੍ਰਿਹਸਥੀ ਸਫਲ ਹੋਵੇਗੀ। ਪਰਿਵਾਰ ਆਪਸੀ ਸਹਿਯੋਗ, ਸਮਝਦਾਰੀ ਅਤੇ ਮਿਲਵਰਤਨ ਦਾ ਅਸਥਾਨ ਹੈ। ਦੂਜਾ ਲੇਖ 'ਗ੍ਰਿਹਸਥ ਜੀਵਨ ਵਿੱਚ ਸਮਾਨਤਾ ਦੀ ਮਹੱਤਤਾ' ਵਿਚ ਲਿਖਿਆ ਹੈ, ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਬਰਾਬਰਤਾ ਦਾ ਦਰਜਾ ਦਿੱਤਾ







ਜਾਵੇ। ਇਸ ਮੰਤਵ ਲਈ ਹੰਕਾਰ ਅਤੇ ਕਾਮ ਕ੍ਰੋਧ ਦਾ ਤਿਆਗ ਤੇ ਵਿਕਾਰਾਂ 'ਤੇ ਜਿੱਤ ਜ਼ਰੂਰੀ ਹੈ। ਘਰ ਪਰਿਵਾਰ ਦਾ ਵਾਤਾਵਰਨ ਪਰਿਵਾਰ ਦੇ ਮੈਂਬਰਾਂ ਵਿਚ ਪ੍ਰੇਮ ਪਿਆਰ ਵਾਲਾ ਹੋਣਾ ਚਾਹੀਦਾ ਹੈ, ਫਿਰ ਘਰ ਵਿਚ ਵਿਸਮਾਦਿਕ ਅਵਸਥਾ ਪੈਦਾ ਹੋ ਜਾਵੇਗੀ। ਗ੍ਰਿਹਸਥ ਜੀਵਨ ਵਿਚ ਪਰਿਵਾਰ ਦੇ ਸਾਰੇ ਮੈਂਬਰਾਂ ਦਾ ਇੱਕੋ ਜਿਹਾ ਸਨਮਾਨ ਹੋਣਾ ਚਾਹੀਦਾ ਹੈ। ਪਰਿਵਾਰ ਦੇ ਮੈਂਬਰ ਗੁਰੂ ਦੀ ਵਿਚਾਰਧਾਰਾ ਅਪਣਾ ਲੈਣ ਫਿਰ ਪਰਿਵਾਰ ਵਿਚ ਹਮੇਸ਼ਾ ਪ੍ਰਫੁਲਤਾ ਹੋਵੇਗੀ ਤੇ ਸਦਭਾਵਨਾ ਬਣੀ ਰਹੇਗੀ। ਸਾਰੇ ਇਕ ਦੂਜੇ ਨੂੰ ਪ੍ਰਮਾਤਮਾ ਦਾ ਰੂਪ ਸਮਝਣ। ਆਪਸੀ ਵਿਵਹਾਰ ਹੀ ਸਫਲਤਾ ਦੀ ਨਿਸ਼ਾਨੀ ਹੈ। ਸੁਚੱਜੀ, ਗੁਣਵੰਤੀ ਇਸਤਰੀ ਪਰਿਵਾਰ ਦਾ ਉਧਾਰ ਕਰ ਸਕਦੀ ਹੈ। ਸਾਰੇ ਮੈਂਬਰ ਵਿਕਾਰਾਂ ਨੂੰ ਤਿਲਾਂਜ਼ਲੀ ਦੇ ਦੇਣ ਤਾਂ ਆਨੰਦ ਦੀ ਪ੍ਰਾਪਤੀ ਹੋਵੇਗੀ। ਪ੍ਰੇਮ ਗ੍ਰਿਹਸਥ ਜੀਵਨ ਦਾ ਮੂਲ ਸਿਧਾਂਤ ਹੈ। ਤੀਜਾ ਲੇਖ 'ਗ੍ਰਿਹਸਥ ਜੀਵਨ ਵਿਚ ਗੁਣਾਂ ਦੀ ਭੂਮਿਕਾ' ਵਿਚ ਲੇਖਕ ਨੇ ਲਿਖਿਆ ਹੈ, ਪਰਿਵਾਰ ਦੇ ਸਾਰੇ ਮੈਂਬਰਾਂ ਦੇ ਗੁਣ ਵੱਖਰੇ-ਵੱਖਰੇ ਹੁੰਦੇ ਹਨ। ਜੇਕਰ ਇਨ੍ਹਾਂ ਗੁਣਾਂ ਨਾਲ ਮਾਣ ਮਿਲੇ, ਤਾਂ ਚੰਗੀ ਗੱਲ ਹੈ ਪ੍ਰੰਤੂ ਜੇਕਰ ਮਾਣ ਆਪਣੇ ਗੁਣਾਂ, ਸਮਰੱਥਾ ਦੇ ਗਿਆਨ ਤੱਕ ਸੀਮਤ ਹੈ, ਤਾਂ ਕਰਤਵ ਬੋਧ ਕਿਹਾ ਜਾਵੇਗਾ। ਜਦੋਂ ਮਾਣ ਆਪਣੇ ਗੁਣਾਂ ਕਰਕੇ ਆਪਣੀ ਵੱਖਰੀ ਹੋਂਦ ਵੱਲ ਲਿਜਾਣ ਵਾਲਾ ਬਣ ਜਾਵੇ, ਤਾਂ ਹੰਕਾਰ ਬਣ ਜਾਂਦਾ ਹੈ। ਮਾਣ ਤੇ ਹੰਕਾਰ ਵਿਚ ਬਹੁਤ ਬਾਰੀਕ ਕੰਧ ਹੈ। ਪ੍ਰੇਮ, ਸੰਤੋਖ, ਦਇਆ ਅਤੇ ਨਿਮਰਤਾ ਗਹਿਣੇ ਹਨ, ਜਿਹੜੇ ਹਰ ਮੈਂਬਰ ਵਿਚ ਹੋਣੇ ਚਾਹੀਦੇ ਹਨ। ਬਾਹਰੀ ਸੁੰਦਰਤਾ ਨਾਲੋਂ ਅੰਦਰਲੀ ਸੁੰਦਰਤਾ ਮਹੱਤਵਪੂਰਨ ਹੈ। ਚੌਥਾ ਲੇਖ 'ਪਰਿਵਾਰ ਅੰਦਰ ਇਸਤ੍ਰੀ ਦੀ ਸ੍ਰੇਸ਼ਟਤਾ' ਹੈ, ਇਹ ਬਹੁਤ ਹੀ ਮਹੱਤਵਪੂਰਨ ਵਿਸ਼ਾ ਹੈ। ਇਸਤਰੀ ਦਾ ਪੁਰਾਤਨ ਸਮੇਂ ਵਿਚ ਸਤਿਕਾਰ ਨਹੀਂ ਕੀਤਾ ਜਾਂਦਾ ਸੀ, ਬਲਕਿ ਦੁਰਕਾਰਿਆ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਇਸਤਰੀ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕੀਤੀ ਤੇ ਗੁਰਬਾਣੀ ਵਿਚ ਕਿਹਾ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵਿਆਹੁ
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ

ਉਸ ਤੋਂ ਬਾਅਦ ਬਾਕੀ ਹੋਰ ਗੁਰੂ ਸਾਹਿਬਾਨ ਨੇ ਵੀ ਇਸਤਰੀ ਦੀ ਪ੍ਰਸ਼ੰਸਾ ਵਿਚ ਸ਼ਬਦ ਕਹੇ। ਇਸਤਰੀ ਗ੍ਰਿਹਸਥ ਜੀਵਨ ਦਾ ਧੁਰਾ ਹੁੰਦੀ ਹੈ। ਪਰਿਵਾਰ ਦੀ ਮੁੱਖ ਤੌਰ 'ਤੇ ਜ਼ਿੰਮੇਵਾਰੀ ਇਸਤਰੀ ਦੀ ਹੁੰਦੀ ਹੈ। ਲੇਖਕ ਨੇ ਇਸ ਲੇਖ ਵਿਚ ਇਸਤਰੀ ਬਾਰੇ ਆਮ ਲੋਕਾਂ ਦੀਆਂ ਪ੍ਰੀਕ੍ਰਿਆਵਾਂ ਦਿੰਦਿਆਂ ਗੁਰਬਾਣੀ ਦੀਆਂ ਉਦਾਹਰਣਾਂ ਦੇ ਕੇ ਇਸਤਰੀ ਨੂੰ ਕੁਚੱਜੀ ਦੀ ਥਾਂ ਸੁਚੱਜੀ ਅਤੇ ਗੁਣਵੰਤੀ ਕਿਹਾ ਹੈ। ਇਸਤਰੀ ਆਪਣੀ ਔਲਾਦ ਵਿਚ ਸੁਚੱਜੇ ਗੁਣ ਧਾਰਨ ਕਰਵਾਉਂਦੀ ਹੈ। ਉਹ ਆਪ ਪਰਿਵਾਰ ਲਈ ਉਦਾਹਰਣ ਬਣਦੀ ਹੈ। ਗੁਰਬਾਣੀ ਦੀਆਂ ਰਹਿਤ ਮਰਿਆਦਾਵਾਂ ਧਾਰਨ ਕਰਕੇ ਪਰਿਵਾਰ ਦੀ ਜ਼ਿੰਦਗੀ ਸੁਖਦ ਬਣ ਜਾਂਦੀ ਹੈ। 'ਸੰਜਮ ਦੀ ਮਹੱਤਾ' ਵਿਚ ਲੇਖਕ ਨੇ ਪਰਿਵਾਰ ਦੇ ਸਾਰੇ ਮੈਂਬਰਾਂ ਵਿਚ ਸੰਜਮ ਨਾਲ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ ਹੈ ਕਿਉਂਕਿ ਗੁਰਬਾਣੀ ਇਨਸਾਨ ਨੂੰ ਸੰਜਮ ਵਿਚ ਰਹਿਣ ਦੀ ਸਿੱਖਿਆ ਦਿੰਦੀ ਹੈ। ਲਾਲਸਾ ਅਧੀਨ ਮਨੁੱਖ ਵੱਧ ਤੋਂ ਵੱਧ ਦੌਲਤ, ਜਾਇਦਾਦ ਇਕੱਤਰ ਕਰਨੀ ਚਾਹੁੰਦਾ ਹੈ ਤੇ ਦੁੱਖੀ ਹੁੰਦਾ ਹੈ। ਲੇਖਕ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਦੀ ਉਦਾਹਰਣ ਦੇ ਕੇ ਸੰਜਮ ਦਾ ਪੱਲਾ ਫੜ੍ਹਨ ਲਈ ਪ੍ਰੇਰਿਆ ਹੈ; 'ਜਤੁ ਪਹਾਰਾ ਧੀਰਜੁ ਸੁਨਿਆਰ'। ਸੰਜਮ ਤੇ ਹੰਕਾਰ ਇਕੱਠੇ ਨਹੀਂ ਰਹਿ ਸਕਦੇ। ਸੰਜਮ ਨੂੰ ਵਿਵਹਾਰ ਵਿਚ ਉਤਾਰਨਾ ਚਾਹੀਦਾ ਹੈ। ਗੁਰਸਿੱਖ ਜੀਵਨ ਦੀ ਭੌਤਿਕਤਾ ਨੂੰ ਸੰਜਮ ਨਾਲ ਮਰਿਆਦਾ ਵਿਚ ਬੰਨ੍ਹ ਲੈਂਦਾ ਹੈ ਤੇ ਸੰਬੰਧਾਂ ਨੂੰ ਸੰਵੇਦਨਹੀਨ, ਮ੍ਰਿਤ ਹੋਣ ਤੋਂ ਬਚਾ ਲੈਂਦਾ ਹੈ। ਔਗੁਣਾਂ, ਵਿਕਾਰਾਂ ਹੰਕਾਰ ਨੂੰ ਤਿਆਗਕੇ ਹੀ ਸੰਜਮ ਪਾਇਆ ਜਾ ਸਕਦਾ ਹੈ। ਗੁਰਸਿੱਖ ਨਿਡਰ ਹੋ ਕੇ ਗੁਣਾਂ 'ਤੇ ਪਹਿਰਾ ਦਿੰਦਾ ਹੈ ਅਤੇ ਸੰਜਮ ਅੰਦਰ ਰਹਿੰਦਾ ਹੈ। ਇੰਦ੍ਰੀਆਂ ਦਾ ਸੰਜਮ ਵੀ ਜ਼ਰੂਰੀ ਹੈ। ਸੰਜਮ ਦੁੱਖ ਅਤੇ ਸੁੱਖ ਦੋਹਾਂ ਵਿਚ ਰੱਖਣਾ ਜ਼ਰੂਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਸ਼ਬਦ ਵਿਚ ਖਾਣਾ ਖਾਣ ਸਮੇਂ ਸੰਜਮ ਵਰਤਣ ਲਈ ਕਹਿੰਦੇ ਹਨ; ਬਾਬਾ ਹੋਰੁ ਖਾਣਾ ਖੁਸੀ ਖੁਆਰ ਏਸੇ ਤਰ੍ਹਾ ਸੌਣ ਬਾਰੇ ਕਹਿੰਦੇ ਹਨ; ਬਾਬਾ ਹੋਰੁ ਸਉਣਾ ਖੁਸੀ ਖੁਆਰ ਗੁਰਬਾਣੀ ਹਰ ਖੇਤਰ ਵਿਚ ਸੰਜਮ ਵਰਤਣ ਦੀ ਪ੍ਰੇਰਨਾ ਦਿੰਦੀ ਹੈ। 'ਗੁਰਬਾਣੀ ਦੇ ਹੁਕਮ' ਲੇਖ ਵਿਚ ਲੇਖਕ ਨੇ ਦੱਸਿਆ ਕਿ ਸਫਲ ਜੀਵਨ ਲਈ ਗੁਰਸਿੱਖ ਨੂੰ ਗੁਰਬਾਣੀ ਵਿਚ ਦਿੱਤੇ ਗਏ ਹੁਕਮਾਂ ਦੀ ਪਾਲਣਾ ਕਰਨ ਨਾਲ ਮਾਨਸਿਕ ਸੁੱਖ ਦੀ ਪ੍ਰਾਪਤੀ ਹੋਵੇਗੀ। ਲੇਖਕ ਨੇ ਗੁਰਬਾਣੀ ਦੇ ਸ਼ਬਦਾਂ ਰਾਹੀਂ ਉਦਾਹਰਨਾਂ ਦੇ ਕੇ ਗੁਰਸਿੱਖਾਂ ਨੂੰ ਸਿੱਧੇ ਰਸਤੇ ਪਾਉਣ ਦਾ ਉਪਰਾਲਾ ਕੀਤਾ ਹੈ। ਸੱਚ ਕੇਵਲ ਪ੍ਰਮਾਤਮਾ ਹੈ। ਪ੍ਰਮਾਤਮਾ ਲਈ ਭਾਵਨਾ ਹੋਵੇ, ਤਾਂ ਮਾਇਆ ਜਾਲ ਤੋਂ ਬਚਿਆ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ ॥'' ਪ੍ਰਮਾਤਮਾ ਨਾਲ ਜੁੜਨ ਦਾ ਅਰਥ ਹੈ, ਉਸ ਅੱਗੇ ਸਮਰਪਣ। ਪ੍ਰਮਾਤਮਾ ਬੇਅੰਤ ਸ਼ਕਤੀਆਂ ਦਾ ਮਾਲਕ ਹੈ। ਪ੍ਰਮਾਤਮਾ ਦੇ ਸਨਮੁਖ ਹੋ ਪ੍ਰੇਮ ਭਾਵਨਾ ਨਾਲ ਭਿੱਜ ਜਾਏ, ਤਾਂ ਵਿਕਾਰ ਵਾਸ਼ਨਾਵਾਂ ਸ਼ਾਂਤ ਹੋ ਜਾਂਦੀਆਂ ਹਨ। ਜਿਨ ਸੇਵਿਆ ਤਿਨਿ ਪਾਇਆ ਮਾਨ ਗੁਰਬਾਣੀ ਧਿਆਨ ਟਿਕਾ ਕੇ ਇਕਾਗਰ ਚਿਤ ਹੋ ਕੇ ਸੁਣੀ ਤੇ ਪੜ੍ਹੀ ਜਾਵੇ। ਸਹਿਜ ਆ ਜਾਂਦਾ ਹੈ। ਸਹਿਜਤਾ ਦਾ ਗੁਣ ਸ੍ਰਿਸ਼ਟੀ ਦਾ ਪਹਿਲਾ ਤੇ ਮੂਲ ਗੁਣ ਹੈ। ਮਨੁੱਖ ਗੁਰੂ ਦੇ ਹੁਕਮ ਮੰਨ ਕੇ ਉਦਮ ਕਰੇ। ਪ੍ਰਮਾਤਮਾ ਹੀ ਸੰਸਾਰ ਦਾ ਸੱਚ ਹੈ। ਮਨੁੱਖ ਨੂੰ ਕਰਮਾਂ ਦਾ ਫਲ ਮਿਲਦਾ ਹੈ। ਗੁਣਾਂ ਬਿਨਾਂ ਭਗਤੀ ਨਹੀਂ ਹੋ ਸਕਦੀ। ਮਨ ਸਦਾ ਹਾਂ-ਪੱਖੀ ਸੋਚ ਰੱਖੇ। ਗੁਰਬਾਣੀ ਦੀ ਰਾਸ ਪੂੰਜੀ ਮਨੁੱਖ ਦੇ ਆਚਾਰ ਵਿਚ ਉਤਰਨ ਨਾਲ ਹੀ ਪ੍ਰਗਟ ਹੁੰਦੀ ਹੈ। ਗੁਣਾਂ ਦੀ ਪ੍ਰਪੱਕਤਾ ਮਨੁੱਖ ਮਾਤਰ ਦਾ ਸਨਮਾਨ ਸੁੱਖ ਲਈ ਜ਼ਰੂਰੀ ਸੰਕਲਪ ਹੈ। ਮਨੁੱਖ ਦੇ ਗੁਣ ਸਦਾ ਹੀ ਸਮਾਜ ਦੀ ਭਲਾਈ ਲਈ ਲਾਹੇਵੰਦ ਹੋਣਗੇ। 'ਸਿੱਖ ਰਹਿਤ ਮਰਯਾਦਾ' ਲੇਖ ਗੁਰਸਿੱਖ ਨੂੰ ਰਹਿਤ ਮਰਿਯਾਦਾ ਅਨੁਸਾਰ ਜੀਵਨ ਬਸਰ ਕਰਨ ਦੀ ਪ੍ਰੇਰਨਾ ਦਿੰਦਾ ਹੈ। ਪਰਿਵਾਰਿਕ ਜੀਵਨ ਦੇ ਸੰਦਰਭ ਵਿਚ ਇਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ-ਦੇਵਤੇ ਦੀ ਉਪਾਸਨਾ ਨਹੀਂ ਕਰਨੀ ਚਾਹੀਦੀ। ਗੁਰਬਾਣੀ ਦਾ ਸ਼ਬਦ ਹੈ; 'ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਨੂੰ ਕਈ ਨੇਮ ਦਾ ਪਾਬੰਦ ਕੀਤਾ ਹੈ। ਸਿੱਖ ਜਗਤ ਨੂੰ ਉਨ੍ਹਾਂ ਨਿਯਮਾਂ ਦੀ ਪਾਲਣਾ ਜ਼ਰੂਰੀ ਹੈ। 'ਘਰੇ ਤੇ ਅੰਮ੍ਰਿਤਸਰ' ਲੇਖ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਅੰਮ੍ਰਿਤਸਰ ਨਗਰ ਵਸਾ ਕੇ ਸੰਸਾਰ ਨੂੰ ਜਿਊਣ ਦੀ ਜਾਚ ਸਿਖਾਈ ਸੀ। ਇਸ ਨਗਰ ਵਿਚ ਕਿਰਤ ਦਾ ਸਨਮਾਨ ਤੇ ਕਿਰਤੀ ਦਾ ਸਤਿਕਾਰ, ਭਗਤੀ ਤੇ ਸ਼ਕਤੀ ਦਾ ਕੇਂਦਰ, ਸਚਿਆਰਾ ਜੀਵਨ ਜਿਊਣ ਦਾ ਪ੍ਰਤੀਕ ਬਣਾਇਆ ਗਿਆ ਸੀ। ਘਰ ਸ੍ਰੀ ਅੰਮ੍ਰਿਤਸਰ ਤਾਂ ਬਣਦਾ ਹੈ, ਜਦੋਂ ਘਰ ਅੰਦਰ ਪ੍ਰਮਾਤਮਾ ਦੀ ਸਿਫਤ ਸਲਾਹ ਹੋਵੇ, ਪ੍ਰਮਾਤਮਾ ਦੇ ਗੁਣਾਂ ਦੀ ਚਰਚਾ ਹੋਵੇ। ਗੁਰਸਿੱਖ ਆਪਣੇ ਘਰ ਵਿਚ ਧਰਮਸਾਲ ਬਣਾਵੇ। ਵਾਹਿਗੁਰੂ ਦੀ ਨਦਰ ਹੋਵੇ, ਤਾਂ ਆਪ ਸਰਿਆਂ ਦੇ ਘਰ ਸਚੇ ਆਨੰਦ ਦੇ ਘਰ ਬਣ ਜਾਣ। ਇਹ ਪੁਸਤਕ ਨੌਜਵਾਨ ਪੀੜ੍ਹੀ ਲਈ ਮਾਰਗ ਦਰਸ਼ਕ ਬਣ ਸਕਦੀ ਹੈ।

150 ਪੰਨਿਆਂ, 300 ਰੁਪਏ ਕੀਮਤ ਵਾਲੀ ਇਹ ਪੁਸਤਕ ਲੇਖਕ ਦੀਆਂ ਬਾਕੀ ਪੁਸਤਕਾਂ ਦੀ ਤਰ੍ਹਾਂ ਭਾ. ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੀ ਹੈ।

# ਬਟਵਾਰੇ ਦੀਆਂ ਪੈੜਾਂ

-ਸੁਖਪਾਲ ਸਿੰਘ ਗਿੱਲ
ਪੰਜਾਬ ਮੇਲUSA

ਅਖ਼ਬਾਰ ਪੜ੍ਹ ਰਹੇ ਬਜ਼ੁਰਗ ਨੇ ਕਰਤਾਰਪੁਰ ਦਾ ਲਾਂਘਾਂ ਖੁੱਲਣ ਦੀ ਖ਼ਬਰ ਪੜ੍ਹ ਕੇ ਕਿਹਾ, ''ਬਟਵਾਰੇ ਦੀ ਤਕਲੀਫ਼ ਪਿਆਰ ਨਾਲ ਰਹਿੰਦੇ ਆਮ ਲੋਕਾਂ ਨੇ ਝੱਲੀ, ਲੀਡਰ ਤਾਂ ਲੀਡਰ ਹੀ ਰਹੇ, ਨਾਲ ਲੀਡਰੀ ਦੀ ਵਿਰਾਸਤ ਵੀ ਬਣਾ ਲਈ।'' ''ਹਾਂ ਹਾਂ ਇਹ ਤਾਂ ਹੈ ਹੀ....'' ਦੂਜੇ ਨੇ ਪਿੰਡ 'ਚ ਬਣੇ ਚੁਬਾਰੇ ਵਾਲੇ ਘਰ ਅਤੇ ਪੁਰਾਣੀ ਇੱਟ ਦੇ ਖੂਹ ਵੱਲ ਇਸ਼ਾਰਾ ਕਰਕੇ ਕਿਹਾ, ''ਆਹ ਦੇਖ ਇਸ ਘਰ ਵਿਚੋਂ ਕਰੀਮ ਬਖ਼ਸ਼ ਉਰਫ ਕਰੀਮੂ ਗੁੱਜਰ ਦਾ ਟੱਬਰ ਉੱਜੜਿਆ ਸੀ, ਵਧੀਆ ਰੱਜਿਆ-ਪੁੱਜਿਆ ਪੈਸੇ ਵਾਲਾ ਟੱਬਰ ਸੀ, ਪਤਾ ਨੀ ਉਧਰ ਜਾ ਕੇ ਕੀ ਬਣਿਆ ਹੋਊ?....'' ਦੋਵਾਂ ਬਜ਼ੁਰਗਾਂ ਦੇ ਚਿਹਰੇ ਤੋਂ ਬਟਵਾਰੇ ਦੀ ਮਾਯੂਸੀ ਝਲਕ ਰਹੀ ਸੀ। ''ਹੇ ਰੱਬਾ! ਅਜਿਹੇ ਦਿਨ ਦੁਸ਼ਮਣ ਨੂੰ ਵੀ ਨਾ ਦਿਖਾਈਂ,'' ਇੱਕ ਨੇ ਕਿਹਾ।.... ''ਤੈਨੂੰ ਯਾਦ ਹੈ ਖਟਾਣਾ ਪਿੰਡ 'ਚ ਮਸੀਤ 'ਚ ਮੁਸਲਮਾਨਾਂ ਨੂੰ ਘੇਰ ਕੇ ਵੱਢ-ਟੁੱਕ ਕੀਤੀ ਸੀ।'' ਹਾਂ ਥੋੜ੍ਹਾ-ਥੋੜ੍ਹਾ ਯਾਦ ਹੈ। ਛੱਡ ਯਾਰ ....ਬਟਵਾਰਾ ਸ਼ਬਦ ਕੰਨੀਂ ਸੁਣ ਕੇ ਮੇਰੇ ਤਾਂ ਅੱਜ ਵੀ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਇਹ ਕਤਲੇਆਮ ਦੀਆਂ ਸਾਖੀਆਂ ਹੁਣ ਦੀ ਪੀੜ੍ਹੀ ਨੇ ਬਜ਼ੁਰਗਾਂ ਅਤੇ ਕਿਤਾਬਾਂ 'ਚੋਂ ਸੁਣ-ਪੜ੍ਹ ਲਈਆਂ ਹਨ। ਪੁੱਛਦੇ ਰਹਿੰਦੇ ਹਨ, ਹੱਲੇ ਕਿਵੇਂ ਪਏ ਸਨ? ਆਹੋ ਉਹ ਤਾਂ ਪੁੱਛਦੇ ਹਨ.... ਬਟਵਾਰੇ ਦੀ ਦਾਸਤਾਨ ਹੁਣ ਦੀ ਪੀੜ੍ਹੀ ਨੂੰ



ਸਿਲੇਬਸ ਵਿਚੋਂ ਮਿਲ ਜਾਂਦੀ ਹੈ।..... ਤੀਜਾ ਬਜ਼ੁਰਗ ਬੋਲਿਆ, ''ਇਹ ਕਿਸੇ ਦੇ ਵਸ ਨਹੀਂ ਹੁੰਦਾ।.....ਹੋਣੀ ਸੀ?'' ਯਾਰ ਸੰਤ ਸਿੰਘ ਮਸਕੀਨ ਦੀ ਕਥਾ 'ਚ ਆਇਆ ਸੀ ਕਿ ਰਾਵੀ ਕੰਢੇ ਗੁਰੂ ਨਾਨਕ ਦੇ ਸਮਾਉਣ ਸਮੇਂ ਹਿੰਦੂ ਤੇ ਮੁਸਲਮਾਨ ਨੇ ਉਪਰ ਦਿੱਤੀ ਚਾਦਰ ਆਪਣਾ-ਆਪਣਾ ਦਾਅਵਾ ਕਰ ਖਿੱਚ-ਧੂਹ ਕਰਕੇ ਪਾੜ ਦਿੱਤੀ ਸੀ। ਅੱਧੇ ਉੱਧਰ... ਅੱਧੇ ਇੱਧਰ ਹੋ ਗਏ ਸਨ। ਇਸ ਕਰਕੇ ਬਟਵਾਰਾ ਲਿਖਿਆ ਗਿਆ ਸੀ। ਚਲੋ ਸੰਤਾਂ ਦਾ ਕਿਹਾ, ਸਿਰ ਮੱਥੇ....। ਪਰ ਇੱਕ ਹੋਰ ਹੈ, ਨੁਕਸਾਨ ਸਿੱਖਾਂ ਦਾ ਹੋਇਆ, ਨਾ ਹਿੰਦੂ ਦਾ, ਨਾ ਲੀਡਰਾਂ ਦਾ .... ਆਮ ਮੁਸਲਮਾਨਾਂ ਨੂੰ ਉੱਜੜਨ ਦਾ ਚਾਅ ਨਹੀਂ ਸੀ, ਕਤਲੋ ਗਾਰਦ ਤੋਂ ਬਾਅਦ ਨਵੇਂ ਘਰ ਵਸਾਉਣੇ ਪਏ। ਲੀਡਰਾਂ ਨੂੰ ਐਸ਼ ਅਯਾਸ਼ੀ ਵਾਲਾ ਨਵਾਂ ਦੇਸ਼.....। ਲੀਡਰ ਤਾਂ ਵਜ਼ੀਰੇ ਆਜ਼ਮ, ਪ੍ਰਧਾਨ ਤੇ ਮੰਤਰੀ ਬਣ ਗਏ। ਆਮ ਲੋਕ ਅੱਜ ਵੀ ਸੰਤਾਪ ਹੰਢਾਉਂਦੇ ਹਨ। ....ਆਹੋ। ਇੱਕ ਹੋਰ ਵੀ, ਸਾਡੀ ਸਿੱਖ਼ਾਂ ਅਤੇ ਪੰਜਾਬੀਆਂ ਦੀ ਨੀਂਹ ਅਤੇ ਵਿਰਾਸਤ ਤਾਂ ਉੱਧਰ ਚਲੀ ਗਈ। ਕੀ ਸੋਚਿਆ ਸੀ ਜਾਂ ਨਹੀਂ?.... ਅੱਛਾ ਇੱਕ ਹੋਰ ਦੱਸੋ ਪੰਜਾਬੀਆਂ ਨੇ ਫਰੰਗੀਆਂ ਨੂੰ ਭਜਾਉਣ 'ਚ ਤਰੰਨਵੇਂ ਫ਼ੀਸਦੀ ਸਿਰ ਦਿੱਤੇ।... ਖੱਟਿਆ ਕੀ?.... ਖੱਟੀਆਂ ਤਾਂ ਦੋ ਚੀਜ਼ਾਂ ਹਨ। ਹੈਂ ਓ ਕਿਵੇਂ?..... ਇੱਕ ਤਾਂ ਮੁੜ ਕੇ ਫਰੰਗੀਆਂ ਦੇ ਪਿੱਛੇ ਤਰਲੇ ਕੱਢ ਰਹੇ ਹਾਂ, ਦੂਜਾ ਬਟਵਾਰੇ ਦੇ ਵਿਛੋੜੇ ਨੂੰ ਮੁੜ ਮਿਲਣ ਦੀਆਂ ਅਰਦਾਸਾਂ...। ਪਰ ਹੁਣ ਇੱਕ ਤਾਂ ਅਰਦਾਸ ਪੂਰੀ ਹੋਈ ਕਰਤਾਰਪੁਰ ਨਾਲ ਤਾਂ ਮਿਲਾਪ ਹੋ ਗਿਆ।.... ਹਾਂ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਦੀ ਪਾਂਡੀ ਪਾਤਸ਼ਾਹੀ ਵੀ ਉੱਧਰ ਹੀ...। ਤਾਂ ਹੀ ਇੱਧਰ ਦੀ ਜਵਾਨੀ ਦੀ ਨਾਇਕ ਨਹੀਂ ਬਣ ਸਕੀ। ਸਾਡੀ ਪੀੜ੍ਹੀ ਤਾਂ ਇਹੀ ਸੋਚਦੀ ਮਰ ਚੱਲੀ, ''ਰੱਬਾ ਕਰਾਈਂ ਕਿਤੇ ਮੇਲ ਦਿੱਲੀ ਤੇ ਲਾਹੌਰ ਦਾ''.... ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਵਾਲਿਆਂ ਦੀ ਵਿਰਾਸਤ ਵੀ ਤਾਂ ਉਧਰ ਹੀ ਹੈ। ਵਾਰਿਸ, ਬੁੱਲ੍ਹਾ, ਹੀਰ-ਰਾਂਝੇ ਗੂੰਜਦੇ ਸਾਡੇ ਵੀ ਹਨ ਪਰ ਵਿਰਾਸਤ ਅਤੇ ਬੁਨਿਆਦ ਓਧਰ....। ਆ ਇੱਧਰ ਪਿੱਛੇ ਜਿਹੇ ਬਜਰੂੜ ਪਿੰਡ 'ਚ ਮੁਸਲਮਾਨ ਬਜ਼ੁਰਗ ਨੂੰ ਦਫ਼ਨ ਕਰਨ ਲਈ ਕਬਰ ਲਈ ਜਗ੍ਹਾ ਨਹੀਂ ਮਿਲੀ ਸੀ। ਸੁਣਿਆ ਰੌਲੇ-ਰੱਪੇ ਤੋਂ ਬਾਅਦ ਮਿਲ ਗਈ ਸੀ...। ਆਹੋ ਪ੍ਰਸ਼ਾਸਨ ਨੇ ਜੱਦੋ-ਜਹਿਦ ਕਰਕੇ ਮਸਾਂ ਕਬਰ ਲਈ ਥਾਂ ਲਈ ਸੀ।..... ਬਟਵਾਰੇ ਦੀਆਂ ਪੈੜਾਂ ਅਤੇ ਪਰਛਾਵੇਂ ਅਜੇ ਵੀ ਇੱਧਰ-ਓਧਰ ਇੱਕੋ ਜਿਹੇ ਹਨ। ਸਿਰਫ ਸਾਹਿਤਕਾਰਾਂ ਅਤੇ ਗਾਇਕਾਂ ਨੇ ਇੱਧਰ-ਉੱਧਰ ਪੁੱਲ ਦਾ ਕੰਮ ਕੀਤਾ ਹੈ।..... ਹਾਂ ਯਾਰ ਇੱਕ ਉਧਰ ਦਾ ਕਵੀ ਬਾਬਾ ਨਜ਼ਮੀ ਵੀ ਲਿਖਦਾ ਹੈ:

''ਮਸਜਿਦ ਮੇਰੀ ਨੂੰ ਤੂੰ ਕਿਉਂ ਢਾਹਵੇਂ, ਮੈਂ ਕਿਉਂ ਤੋੜਾਂ ਮੰਦਰ ਨੂੰ, ਆ ਜਾ ਦੋਵੇਂ ਬੈਹ ਕੇ ਪੜ੍ਹੀਏ ਇੱਕ ਦੂਜੇ ਦੇ ਅੰਦਰ ਨੂੰ''

''ਸਦੀਆਂ ਵਾਂਗੂੰ ਅੱਜ ਵੀ ਕੁੱਝ ਨਈਂ ਜਾਣਾ ਮਸਜਿਦ ਮੰਦਰ ਦਾ, ਲਹੂ ਤਾਂ ਤੇਰਾ ਮੇਰਾ ਲੱਗਣਾ ਤੇਰੇ ਮੇਰੇ ਖ਼ੰਜ਼ਰ ਨੂੰ''

ਅਗਲਾ ਬਜ਼ੁਰਗ ਝੱਟ ਬੋਲਿਆ ਤਾਂ ਹੀ ਮੈਂ ਕਹਿੰਦਾ ਹਾਂ ਕਿ, ''ਬਟਵਾਰਾ ਆਮ ਲੋਕਾਂ ਨੂੰ ਨਾ ਚਾਹੁੰਦੇ ਹੋਏ ਵੀ ਤਕਲੀਫ਼ ਦੇ ਗਿਆ, ਲੀਡਰਾਂ ਨੂੰ ਚਾਹੁੰਦੇ ਹੋਏ ਬਾਦਸ਼ਾਹੀਆਂ'' ਰੱਬ ਖੈਰ ਕਰੇ....।

# ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ ਮਨ ਨੂੰ ਸਕੂਨ ਮਿਲਿਆ

ਮੇਜਰ ਸਿੰਘ ਨਾਭਾ
ਮੋ.: 946355962
ਪੰਜਾਬ ਮੇਲ USA







ਗੁਰੂ ਨਾਨਕ ਦੇਵ ਜੀ 1525 ਦੇ ਕਰੀਬ ਰਾਵੀ ਦੇ ਕੰਢੇ ਆ ਕੇ ਖੇਤੀ ਕਰਨ ਲੱਗ ਪਏ। ਹੱਥੀਂ ਕਿਰਤ ਕਰਨ ਦੇ ਸਿਧਾਂਤ ਨੂੰ ਉਨ੍ਹਾਂ ਕਰਤਾਰਪੁਰ ਵਿਖੇ ਆਪਣੀ ਜ਼ਿੰਦਗੀ ਦੇ ਕਰੀਬ ਲੰਬੇ ਸਮੇਂ ਨੂੰ ਸਮਰਪਿਤ ਕਰਕੇ ਵਾਸਤਵਿਕ ਰੂਪ ਦਿੱਤਾ। ਆਪ ਵਲੋਂ ਲਾਇਆ ਰਾਵੀ ਦੇ ਪੱਤਣ ਨੇੜੇ ਕਰਤਾਰਪੁਰ ਵਿਖੇ ਸਿੱਖੀ ਦਾ ਬੂਟਾ ਜੜ੍ਹ ਫੜ੍ਹ ਗਿਆ ਸੀ। ਇਥੇ ਹੀ ਆਪ ਨੇ ਭਾਈ ਲਹਿਣਾ ਨੂੰ ਗੁਰਗੱਦੀ ਸੌਂਪ ਕੇ ਗੁਰੂ ਅੰਗਦ ਦਾ ਨਾਂ ਦਿੱਤਾ। ਇਥੋਂ ਦੀ ਮਿੱਟੀ ਵਿਚ 1539 ਈ: ਨੂੰ ਨਾਨਕ ਫੁੱਲਾਂ ਦੀ ਖੁਸ਼ਬੋ ਛੱਡ ਕੇ ਤੁਰ ਗਿਆ। ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਦਰਸ਼ਨ ਕਰਨ ਦੀ ਤਾਂਘ ਕਰਤਾਰਪੁਰ ਲਾਂਘੇ ਦੇ 2019 'ਚ ਖੁੱਲ੍ਹਣ ਨਾਲ ਉਦੋਂ ਤੋਂ ਹੀ ਸੀ ਪਰ ਸਬੱਬ ਸੱਚਮੁੱਚ ਉਦੋਂ ਬਣਿਆ, ਜਦੋਂ ਯਾਦ ਚੇਤੇ ਵੀ ਨਹੀਂ ਸੀ। ਇੱਕ ਦਿਨ ਮੇਰੇ ਦੋਸਤ ਸੁਖਚੈਨ ਸਿੰਘ ਢੀਂਡਸਾ ਦਾ ਫੋਨ ਆਇਆ ਕਿ ਆਪਾਂ ਥਾਣੇ ਜਾ ਕੇ ਮਿਸ਼ਿਜ਼ ਦੀ ਪੁਲਿਸ ਵੈਰੀਫੀਕੇਸ਼ਨ ਲਈ ਜਾਣਾ ਹੈ। ਮੈਂ ਆਪਣਾ ਆਧਾਰ ਕਾਰਡ ਲੈ ਕੇ ਉਨ੍ਹਾਂ ਨਾਲ ਗੱਡੀ 'ਚ ਬੈਠ ਗਿਆ, ਰਸਤੇ 'ਚ ਉਨ੍ਹਾਂ ਦੀ ਮੈਡਮ ਨਾਲ ਗੱਲ ਹੋਈ, ਤਾਂ ਉਨ੍ਹਾਂ ਦੱਸਿਆਂ ਕਿ ਉਹ ਪੰਜ-ਛੇ ਮੈਡਮਾਂ ਕਰਤਾਰਪੁਰ ਸਾਹਿਬ ਦਰਸ਼ਨਾਂ ਲਈ ਜਾ ਰਹੀਆਂ ਹਨ। ਮੇਰੇ ਮਨ 'ਚ ਉਦੋਂ ਹੀ ਬਾਬੇ ਨਾਨਕ ਨੇ ਜਿਵੇਂ ਆਵਾਜ਼ ਮਾਰ ਲਈ ਹੋਵੇ, ਫੁਰਨਾ ਫੁਰਿਆ ਕਿ ਜਦ ਮੈਡਮਾਂ ਜਾ ਰਹੀਆਂ ਨੇ, ਮਨਾਂ ਤੂੰ ਕਿਉਂ ਉਦੋਂ ਦੀ ਘੋਲ ਕਰਦਾ ਆ ਰਿਹਾਂ। ਦੂਸਰੇ ਦਿਨ ਹੀ ਦੋਸਤ ਮਾਸਟਰ ਸੁਨੀਲ ਦੁੱਗਲ ਨਾਲ ਉਨ੍ਹਾਂ ਦੇ ਸਕੂਲ ਕਿਸੇ ਕੰਮ ਲਈ ਜਾਣ ਦਾ ਮੌਕਾ ਮਿਲਿਆ। ਰਸਤੇ ਵਿਚ ਉਸ ਨਾਲ ਗੱਲ ਕੀਤੀ ਤਾਂ ਉਸ ਨੇ ਜਾਣ ਲਈ ਹਾਂ ਕਰ ਦਿੱਤੀ। ਅਸੀਂ ਕਰਤਾਰਪੁਰ ਲਾਂਘੇ ਲਈ ਆਨਲਾਈਨ ਰਜਿਸਟ੍ਰੇਸ਼ਨ ਤੁਰੰਤ ਕਰਨ ਦਾ ਮਨ ਬਣਾ ਲਿਆ। ਮੈਂ ਤਾਂ ਉਸੀ ਦਿਨ ਘਰੋਂ ਹੀ ਕੰਪਿਊਟਰ 'ਤੇ ਕੋਸ਼ਿਸ਼ ਕਰਕੇ 15 ਅਕਤੂਬਰ 2022 ਦੀ ਰਜਿਸਟ੍ਰੇਸ਼ਨ ਕਰਵਾ ਦਿੱਤੀ। ਦੁੱਗਲ ਨੇ ਵੀ ਸ਼ਾਮ ਨੂੰ ਉਸੇ ਦਿਨ ਦੀ ਰਜਿਸਟ੍ਰੇਸ਼ਨ ਕਰਵਾ ਲਈ। ਪਟਿਆਲੇ ਦੋਸਤ ਗੁਰਮੇਲ ਸਿੰਘ ਨੂੰ ਕਿਹਾ ਤਾਂ ਉਹ ਵੀ ਝੱਟ ਤਿਆਰ ਹੋ ਗਏ, ਉਸ ਨੇ ਵੀ ਉਸ ਦਿਨ ਦੀ ਰਜ਼ਿਸਟ੍ਰੇਸ਼ਨ ਕਰਵਾ ਦਿੱਤੀ। ਇਹ ਕੋਈ ਔਖਾ ਕੰਮ ਨਹੀਂ ਤੁਸੀਂ ਆਪ ਕਰ ਸਕਦੇ ਹੋ। ਪਰ ਵੈਲਿਡ ਮਿਤੀ ਦਾ ਪਾਸਪੋਰਟ ਹੋਣਾ ਲਾਜ਼ਮੀ ਹੈ। ਸੁਨੀਲ ਦੁੱਗਲ ਨੇ ਆਪਣੀ ਕਾਰ ਲੈ ਕੇ ਜਾਣ ਦੀ ਹਾਮੀ ਭਰ ਲਈ। ਦੋਸਤ ਮਾਸਟਰ ਭਜਨ ਸਿੰਘ ਨੂੰ ਜਾਣ ਲਈ ਕਿਹਾ, ਉਹ ਪਹਿਲਾਂ ਤਾਂ ਕਿਸੇ ਕਾਰਨ ਜਵਾਬ ਦੇ ਗਏ ਪਰ ਬਾਅਦ 'ਚ ਪਛਤਾਏ ਕਿ ਦਰਸ਼ਨ ਕਰ ਹੀ ਆਉਂਦੇ। ਇਸੇ ਤਰ੍ਹਾਂ ਕਈ ਦੋਸਤ ਬਾਅਦ 'ਚ ਤਿਆਰ ਸੀ ਪਰ ਉਦੋਂ ਨੂੰ 15 ਤਾਰੀਖ ਰਜਿਸਟ੍ਰੇਸ਼ਨ ਵੈੱਬਸਾਈਟ ਤੋਂ ਲੰਘ ਚੁੱਕੀ ਸੀ, ਜੋ ਪਛਤਾਵੇ ਦਾ ਕਾਰਨ ਬਣੀ। ਤਕਰੀਬਨ 15 ਕੁ ਦਿਨ ਪਹਿਲਾਂ ਦੀ ਤਾਰੀਖ ਕਾਗਜ਼ੀ ਪ੍ਰੋਸੈੱਸ ਲਈ ਦਿੱਤੀ ਹੁੰਦੀ ਹੈ। ਤੁਸੀਂ ਲੰਬੀ ਤਾਰੀਖ ਲੈ ਸਕਦੇ ਹੋ, ਜਿਸ 'ਚ ਤੁਸੀਂ ਕਈ ਆਪਸ਼ਨ ਤਬਦੀਲੀ ਕਰਨ ਲਈ ਵਰਤ ਸਕਦੇ ਹੋ। ਸਾਡੀ ਹਫਤਾ ਕੁ ਪਹਿਲਾਂ ਪੁਲਿਸ ਵੈਰੀਫੀਕੇਸ਼ਨ ਹੋ ਗਈ ਅਤੇ ਰਜਿਸਟ੍ਰੇਸ਼ਨ ਕੰਨਫਰਮ ਦਾ ਮੈਸੇਜ ਆ ਗਿਆ। ਇਸ ਤੋਂ ਬਾਅਦ ਬਿਊਰੋ ਆਫ ਇਮੀਗ੍ਰੇਸ਼ਨ ਇੰਡੀਆ ਵਲੋਂ ਜਾਰੀ ਕੰਨਫਰਮਿਡ "ਇਲੈਕਟ੍ਰੋਨਿਕ ਟਰੈਵਲ ਆਥੋਰਾਈਜੇਸ਼ਨ" (ਈ.ਟੀ.ਏ.) ਫਾਰਮ ਦਾ ਪ੍ਰਿੰਟ ਲੈਣਾ ਹੁੰਦਾ ਹੈ ਅਤੇ 75 ਘੰਟੇ ਪਹਿਲਾਂ ਕੋਵਿਡ ਰੈਪਿਡ ਟੈਸਟ ਨੈਗੇਟਿਵ ਦੀ ਰਿਪੋਰਟ ਕਰਾਉਣੀ ਹੁੰਦੀ ਹੈ, ਜੋ ਜ਼ਰੂਰੀ ਹੈ। ਅਸੀਂ ਇਕੱਲੇ ਕਨਫਰਮੇਸ਼ਨ ਮੈਸੇਜ਼ ਦੇ ਭੁਲੇਖੇ 'ਚ ਈ.ਟੀ.ਏ. ਪ੍ਰਿੰਟ ਲੈ ਕੇ ਨਹੀਂ ਗਏ, ਡੇਰਾ ਬਾਬਾ ਨਾਨਕ ਦੀ ਪਹਿਲੀ ਚੈੱਕ ਪੋਸਟ 'ਤੇ ਹੀ ਸਾਨੂੰ ਦਸਤਾਵੇਜ਼ ਦੇਖ ਕੇ ਈ.ਟੀ.ਏ. ਫਾਰਮ ਨੇੜੇ ਹੀ ਪ੍ਰਿੰਟ ਵਾਲੀ ਦੁਕਾਨ ਤੋਂ ਪ੍ਰਿੰਟ ਕਢਵਾ ਕੇ ਲਿਆਉਣ ਲਈ ਕਿਹਾ, ਜੋ ਬਹੁਤਾ ਸਮਾਂ ਨਹੀਂ ਲੱਗਿਆ। ਪ੍ਰਿੰਟ ਲਿਆਉਣ ਉਪਰੰਤ ਅਸੀਂ ਪਹਿਲੀ ਚੈੱਕ ਪੋਸਟ ਨੂੰ ਪਾਰ ਕਰ ਗਏ। ਅਗਲੀ ਚੈੱਕ ਪੋਸਟ 'ਤੇ ਪਾਸਪੋਰਟ, ਈ.ਟੀ.ਏ. ਫਾਰਮ ਚੈੱਕ ਕੀਤਾ। ਇਥੋਂ ਸਿੱਧੇ ਗੱਡੀ ਪਾਰਕਿੰਗ 'ਚ ਲੈ ਗਏ, ਜੋ ਸਾਹਮਣੇ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ, ਆਈ.ਸੀ.ਪੀ. ਡੇਰਾ ਬਾਬਾ ਨਾਨਕ ਸੈਂਡ ਰੂਪੀ ਬਿਲਡਿੰਗ ਤੋਂ ਪਹਿਲਾਂ ਸੀ। ਪਾਰਕਿੰਗ 'ਚੋਂ ਅਸੀਂ ਅੰਦਰੋਂ ਅੰਦਰ ਹੀ ਬਿਲਕੁਲ ਨਾਲ ਇਮੀਗ੍ਰੇਸ਼ਨ ਬਿਲਡਿੰਗ ਵਿਚ ਪੁੱਜ ਗਏ। ਅਸੀਂ ਆਪਣੇ ਦਸਤਾਵੇਜ਼ ਚੈੱਕ ਕਰਾਉਣ ਲਈ ਵੱਖੋ-ਵੱਖਰੇ ਕਾਊਂਟਰਾਂ ਤੋਂ ਹੁੰਦੇ ਹੋਏ ਆਪਣੇ ਨਾਲ ਲਿਜਾ ਰਹੇ ਕਰੰਸੀ ਨੋਟਾਂ ਦੀ ਗਿਣਤੀ ਲਿਖਵਾਕੇ ਅਤੇ ਜੋ ਵੀ ਸਮਾਨ ਹੈ, ਉਸਦੀ ਸਕੈਨ ਕਰਵਾ ਕੇ ਬੜੀ ਆਸਾਨੀ ਨਾਲ ਅਸੀਂ ਇਥੋਂ ਆਊਟ ਹੋ ਗਏ। ਪਾਸਪੋਰਟ ਕਈ ਥਾਵਾਂ 'ਤੇ ਚੈੱਕ ਜ਼ਰੂਰ ਕੀਤਾ ਜਾਂਦਾ ਹੈ ਪਰ ਇਸ ਉੱਪਰ ਕਿਸੇ ਕਿਸਮ ਦੀ ਕੋਈ ਐਂਟਰੀ ਨਹੀਂ ਹੁੰਦੀ। ਫਿੰਗਰ ਪ੍ਰਿੰਟ ਵੀ ਲਏ ਜਾਂਦੇ ਹਨ। ਬਾਹਰੀ ਗੇਟ ਤੋਂ ਨਿਕਲਦੇ ਹੀ ਬਾਹਰ ਇਧਰਲਾ ਈ-ਆਟੋ ਖੜ੍ਹਾ ਸੀ, ਉਸ ਵਿਚ ਬੈਠੇ ਤੇ ਬਾਰਡਰ 'ਤੇ ਪਹੁੰਚ ਗਏ। ਜਿਥੇ ਫੇਰ ਭਾਰਤੀ ਮਿਲਟਰੀ ਵਾਲਿਆਂ ਨੇ ਦਸਤਾਵੇਜ਼ ਚੈੱਕ ਕਰ ਕੇ ਜ਼ੀਰੋ ਲਾਈਨ ਪਾਰ ਕਰਨ ਦਿੱਤਾ। ਨਾਲ ਹੀ ਪਾਕਿਸਤਾਨ ਦੀ ਧਰਤੀ 'ਤੇ ਉਨ੍ਹਾਂ ਦੇ ਆਟੋ ਖੜ੍ਹੇ ਹੁੰਦੇ ਹਨ, ਅਸੀਂ ਆਟੋ ਵਿਚ ਬੈਠ ਕੇ ਉਨ੍ਹਾਂ ਦੇ ਬਣੇ ਕੈਸ਼ ਐਕਸਚੇਂਜ ਅਤੇ ਪਕਿਸਤਾਨ ਸਰਕਾਰ ਦੀ ਵੀਹ ਡਾਲਰ (ਅਮਰੀਕਨ) ਫੀਸ ਜਮ੍ਹਾਂ ਕਰਾਉਣ ਵਾਲੇ ਕਾਊਂਟਰਾਂ ਕੋਲ ਪੁੱਜ ਗਏ। ਭਾਰਤੀ ਕਰੰਸੀ ਬਦਲੇ ਉਧਰਲੀ ਦੁੱਗਣੀ ਕਰੰਸੀ ਮਿਲ ਗਈ, ਜੋ ਲੋੜ ਮੁਤਾਬਿਕ ਅਸੀਂ ਲੈ ਲਈ। ਵੈਸੇ ਉਧਰ ਆਪਣੀ ਕਰੰਸੀ ਵੀ ਚਲਦੀ ਹੈ। ਪਕਿਸਤਾਨ ਇਮੀਗ੍ਰੇਸ਼ਨ ਵਿਭਾਗ ਵਲੋਂ ਵੱਖੋ-ਵੱਖਰੇ ਕਾਊਂਟਰਾਂ 'ਤੇ ਚੈਕਿੰਗ ਕਰਾਉਂਦੇ ਹੋਏ ਸਾਨੂੰ ਅਖੀਰ 'ਤੇ ਜਾ ਕੇ ਪੀਲਾ ਐਂਟਰੀ ਕਾਰਡ ਮਿਲ ਗਿਆ, ਜੋ ਗਲ੍ਹੇ ਪਾ ਕੇ ਬਾਹਰ ਨਿਕਲਦਿਆਂ ਹੀ ਸਾਹਮਣੇ ਬੈਟਰੀ ਵਾਲੀ ਵੱਡੀ ਬਸ ਖੜ੍ਹੀ ਸੀ, ਉਸ ਵੱਲ ਹੋ ਗਏ। ਅਜੇ ਸਵਾਰੀਆਂ ਘੱਟ ਸੀ, ਐਨੇ ਨੂੰ ਫੋਟੋਆਂ ਖਿੱਚਦੇ ਰਹੇ। ਬਸ ਸਵਾਰੀ ਪੂਰੀ ਹੋਣ 'ਤੇ ਚੱਲ ਪਈ, ਅਸੀਂ ਰਾਵੀ ਉਪਰੋਂ ਨਵੇਂ ਲਾਏ ਪੁਲ ਉੱਪਰੋਂ ਲੰਘ ਰਹੇ ਆਲੇ-ਦੁਆਲੇ, ਕਿਤੇ-ਕਿਤੇ ਖੇਤ ਵਾਹੇ ਹੋਏ ਅਤੇ ਬਹੁਤੀ ਥਾਂ ਉੱਚਾ ਸਰਕੜਾ ਉੱਗਿਆ ਨਜ਼ਾਰਾ ਦੇਖ ਰਹੇ ਸੀ। ਕਿਤੇ-ਕਿਤੇ ਸੋਲਰ ਸਿਸਟਮ ਵਾਲੇ ਟਿਊਬਵੈੱਲ ਸਨ। ਸੜਕ ਦੇ ਆਲੇ-ਦੁਆਲੇ ਅਤੇ ਗੁਰਦੁਆਰਾ ਸਾਹਿਬ ਕੰਪਲੈਕਸ ਦੇ ਆਲੇ-ਦੁਆਲੇ ਕੰਡਿਆਲੀ ਤਾਰ ਲੱਗੀ ਹੋਈ ਹੈ। ਬਸ ਸਕਿਊਰਟੀ ਗੇਟ ਦਾਖਲ ਹੋ ਕੇ ਰਿਸੈਪਸ਼ਨ ਕੇਂਦਰ ਨੇੜੇ ਰੁੱਕੀ। ਸਾਰੇ ਯਾਤਰੂ ਵਾਰੀ ਮੁਤਾਬਕ ਦਸਤਾਵੇਜ਼ ਦਿਖਾ ਕੇ ਦਰਸ਼ਨੀ ਡਿਊੜੀ 'ਚ ਦਾਖਲ ਹੋਏ, ਤਾਂ ਪਹਿਲਾਂ ਤੋਂ ਹੀ ਸਕਿਊਰਟੀ ਵਾਲਾ ਜਵਾਨ ਸਵਾਗਤ ਲਈ ਖੜ੍ਹਾ ਸੀ, ਜਿਸ ਨੇ ਬੜੇ ਪਿਆਰ ਨਾਲ ਜੀ ਆਇਆਂ ਕਿਹਾ ਅਤੇ ਸਾਰੇ ਯਾਤਰੂਆਂ ਨੂੰ ਬਹੁਤ ਨਿਮਰਤਾ ਨਾਲ ਦਰਸ਼ਨ ਕਰਨ ਲਈ ਅੱਗੇ ਜਾਣ, ਸੰਖੇਪ ਇਤਿਹਾਸ, ਵਾਸ਼ ਰੂਮਜ਼, ਲੰਗਰ ਆਦਿ ਬਾਰੇ ਸਮਝਾ ਕੇ ਸਾਡੇ ਲਈ ਇਸ ਦਿਨ ਸ਼ੁਭ ਕਾਮਨਾਵਾਂ ਪ੍ਰਗਟ ਕਰੀਆਂ। ਕੋਰੀਡੋਰ ਦੇ ਅੰਦਰ ਸੋਹਣੀ ਦਿੱਖ ਨੂੰ ਬਰਕਰਾਰ ਰੱਖਣ ਲਈ ਘਾਹ ਬੂਟਿਆਂ ਨੂੰ ਹੱਥ ਵਾਲੀਆਂ ਬਿਜਲਈ ਮਸ਼ੀਨਾਂ ਨਾਲ ਜ਼ੋਰ-ਸ਼ੋਰ ਨਾਲ ਕੱਟਿਆ ਜਾ ਰਿਹਾ ਸੀ। ਇਥੇ ਹੀ ਬਣੇ ਜੋੜਾ ਘਰ ਵਿਚ ਜੁੱਤੇ ਜਮ੍ਹਾਂ ਕਰਵਾਏ ਅਤੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਚੱਲ ਪਏ। ਇਥੋਂ ਖੱਬੇ ਹੱਥ ਅੱਗੇ ਵਰਾਂਡੇ ਤੋਂ ਹੇਠਾਂ ਨੂੰ ਸਰੋਵਰ ਬਣਿਆ ਹੋਇਆ ਹੈ। ਸਾਰਾ ਹੀ ਖੁੱਲ੍ਹਾ ਆਲਾ-ਦੁਆਲਾ ਪੱਕਾ ਅਤੇ ਸਫਾਈ ਦਾ ਵਧੀਆ ਪ੍ਰਬੰਧ ਸੀ। ਐਨ ਗੁਰਦੁਆਰਾ ਨਜ਼ਦੀਕ ਮੁਸਲਮਾਨ ਭਾਈਚਾਰੇ ਵਲੋਂ ਬਾਬੇ ਨਾਨਕ ਦੀ ਯਾਦ 'ਚ ਮਜ਼ਾਰ ਬਣਾਈ ਹੋਈ ਹੈ। ਗੁਰਦੁਆਰਾ ਸਾਹਿਬ ਦੇ ਅੰਦਰ ਵੜਦਿਆਂ ਬਾਬਾ ਨਾਨਕ ਦੀ ਸਮਾਧ ਬਣੀ ਹੋਈ, ਪੌੜੀ ਚੜ੍ਹ ਕੇ ਸ਼ਾਨਦਾਰ ਸੁਨਿਹਰੀ ਪਾਲਕੀ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਹਨ, ਸ੍ਰੀ ਸੁਖਮਣੀ ਸਾਹਿਬ ਦੇ ਪਾਠ ਹੋ ਰਹੇ ਸੀ। ਬਾਣੀ ਦਾ ਆਨੰਦ ਮਾਣਿਆ, ਸੁਨੀਲ ਦੁੱਗਲ ਨੇ ਤਾਂ ਆਪਣੀ ਕੈਨੇਡਾ ਬੈਠੀ ਬੇਟੀ ਅਤੇ ਨਾਭੇ ਆਪਣੀ ਹਮਸਫਰ ਨੀਲਮ ਦੁੱਗਲ ਨੂੰ ਵੀ ਲਾਈਵ ਦਰਸ਼ਨ ਕਰਵਾ ਦਿੱਤੇ। ਤਕਰੀਬਨ ਸਾਢੇ ਬਾਰ੍ਹਾਂ ਭੋਗ ਪੈਣ ਉਪਰੰਤ ਅਰਦਾਸ 'ਚ ਸ਼ਮੂਲੀਅਤ ਕੀਤੀ। ਗ੍ਰੰਥੀ ਸਿੰਘ ਨੇ ਅਨਾਊਂਸ ਕੀਤਾ, ਜੇ ਕਿਸੇ ਨੇ ਸੰਗਤ 'ਚੋਂ ਕੀਰਤਨ ਕਰਨਾ ਹੈ, ਤਾਂ ਉਹ ਕਰ ਸਕਦਾ ਹੈ। ਸੰਗਤ 'ਚ ਪੂਨੇ ਤੋਂ ਆਇਆ ਇੱਕ ਜੱਥਾ ਕੀਰਤਨ ਕਰਨ ਲੱਗ ਪਿਆ। ਪ੍ਰਸ਼ਾਦਿ ਲੈਣ ਉਪਰੰਤ ਅਸੀਂ ਲੋੜ ਮੁਤਾਬਕ ਸੁੱਕਾ ਪ੍ਰਸ਼ਾਦਿ ਲੈ ਲਿਆ। ਜ਼ਿਆਦਾਤਰ ਮੁਸਲਮਾਨ ਵੀਰ ਹੀ ਸੇਵਾਦਾਰ ਦੀਆਂ ਡਿਊਟੀਆਂ ਨਿਭਾ ਰਹੇ ਨੇ। ਬਾਹਰ ਆ ਕੇ ਨਜ਼ਦੀਕ ਹੀ ਗੁਰੂ ਨਾਨਕ ਦੇਵ ਜੀ ਵਲੋਂ ਖੇਤਾਂ ਨੂੰ ਪਾਣੀ ਲਾਉਣ ਵਾਲੇ ਖੂਹ ਦੇ ਦਰਸ਼ਨ ਕੀਤੇ।

ਹੁਣ ਅਸੀਂ ਲੰਗਰ ਛੱਕਣ ਲੰਗਰ ਹਾਲ ਵੱਲ ਚੱਲ ਪਏ, ਜੋ ਬਹੁਤ ਹੀ ਸ਼ਾਨਦਾਰ ਬਣਿਆ ਹੋਇਆ ਹੈ, ਜ਼ਿਆਦਾਤਰ ਨਵੀਨਤਨ ਢੰਗ ਨਾਲ ਸਫਾਈ ਦਾ ਧਿਆਨ ਰੱਖਿਆ ਹੋਇਆ ਹੈ। ਲੰਗਰ ਛੱਕ ਕੇ ਅਸੀਂ ਜੌੜੇ ਘਰੋਂ ਜੁੱਤੇ ਪਹਿਨ ਕੇ ਮਾਰਕੀਟ ਚਲੇ ਗਏ, ਜੋ ਅੰਦਰ ਲੰਗਰ ਹਾਲ ਦੇ ਪਿਛਾਂਹ ਹੈ। ਛੋਟੀ ਜਿਹੀ ਇਸ ਮਾਰਕੀਟ ਵਿਚ ਕੱਪੜਾ, ਡਰਾਈ ਫਰੂਟ, ਜੁੱਤੀਆਂ, ਜਨਰਲ ਸਟੋਰ, ਖਿਡਾਉਣੇ ਅਤੇ ਕੋਲਡ ਡਰਿੰਕਸ ਆਦਿ ਦੀਆਂ ਦੁਕਾਨਾਂ ਹਨ। ਅਸੀਂ ਲੋੜ ਮੁਤਾਬਕ ਮੁਲਤਾਨੀ ਹਲਵਾ ਦੇ ਡੱਬੇ ਲੈ ਲਏ। ਜ਼ਿਆਦਾ ਸ਼ਾਪਿੰਗ ਨਹੀਂ ਕੀਤੀ ਕਿਉਂਕਿ ਸਾਰਾ ਕੁਝ ਇਧਰੋਂ ਮਿਲਣ ਵਾਲੇ ਭਾਰਤੀ ਕਲਚਰ ਵਾਲਾ ਹੀ ਹੈ। ਤਕਰੀਬਨ ਤਿੰਨ ਵਜਦੇ ਨੂੰ ਅਸੀਂ ਵਾਪਸੀ ਦੀ ਤਿਆਰੀ ਕਰ ਰਿਸੈਪਸ਼ਨ 'ਤੇ ਪਹੁੰਚ ਗਏ। ਉਨ੍ਹਾਂ ਦੁਬਾਰਾ ਸਾਡੀ ਵਾਪਸੀ ਦੀ ਐਂਟਰੀ ਕਨਫਰਮ ਕਰਨ ਲਈ ਪਾਸਪੋਰਟ ਵਗੈਰਾ ਚੈੱਕ ਕਰ ਸਾਈਡ ਪਰ ਬਿਠਾ ਲਿਆ। ਐਨੇ ਨੂੰ ਬਸ ਆ ਗਈ ਅਤੇ ਸਾਨੂੰ ਜਾਣ ਦਿੱਤਾ ਗਿਆ। ਬਸ 'ਚ ਬੈਠ ਕਿੰਨਾ ਚਿਰ ਦਰਸ਼ਨੀ ਡਿਉੜੀ ਆਲੇ-ਦੁਆਲੇ ਨੂੰ ਤੱਕਿਆ। ਕਈ ਦੋਸਤਾਂ ਨੂੰ ਵੀਡੀਓ ਕਾਲ ਰਾਹੀਂ ਲਾਈਵ ਬਾਹਰੋਂ ਦਰਸ਼ਨ ਕਰਵਾਏ। ਬਸ ਨੱਕੋ-ਨੱਕ ਭਰਨ 'ਤੇ ਤੁਰ ਪਈ। ਬਾਬੇ ਦੇ ਖੇਤਾਂ ਨੂੰ ਸਿਜਦਾ ਕਰਦੇ ਹੋਏ ਆਲੇ-ਦੁਆਲੇ ਦਾ ਕੁਦਰਤੀ ਮਨਮੋਹਕ ਦ੍ਰਿਸ਼ ਦੇਖਦੇ ਹੋਏ ਪਾਕਿਸਤਾਨ ਟਰਮੀਨਲ 'ਤੇ ਪਹੁੰਚ ਗਏ। ਕਾਗਜ਼ੀ ਕਾਰਵਾਈ, ਚੈਕਿੰਗ ਮਸ਼ੀਨਾਂ 'ਚ ਲੰਘਦੇ ਹੋਏ ਸਵੇਰ ਦੀ ਤਰ੍ਹਾਂ ਪਹਿਲਾਂ ਹੀ ਤਿਆਰ ਖੜ੍ਹੇ ਈ-ਆਟੋ 'ਚ ਸਵਾਰ ਹੋ ਕੇ ਲਾਂਘਾ ਪਾਰ ਕਰਕੇ ਆਪਣੇ ਦੇਸ਼ ਦੀ ਸਰਜ਼ਮੀਨ ਉੱਪਰ ਪਹੁੰਚ ਗਏ। ਸਾਡੀ ਵਾਪਸੀ 'ਤੇ ਕਾਗਜ਼ੀ ਕਾਰਵਾਈ, ਸਮਾਨ ਆਦਿ ਚੈਕਿੰਗ ਹੋਣ 'ਤੇ ਅਸੀਂ ਪਾਰਕਿੰਗ ਵੱਲ ਹੋ ਤੁਰੇ। ਸਾਰੇ ਅਧਿਕਾਰੀ ਬਹੁਤ ਵਧੀਆ ਢੰਗ ਨਾਲ ਪੇਸ਼ ਆਏ, ਕੋਈ ਦੇਰ ਨਹੀਂ ਲਾਈ। ਇਥੋਂ ਅਸੀਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰਨ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ, ਅਜਨਾਲਾ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਸੜਕ ਦਾ ਟੋਇਆਂ ਨਾਲ ਮੰਦਾ ਹਾਲ ਹੈ, ਦੁੱਗਣਾ ਸਮਾਂ ਲੱਗ ਗਿਆ। ਇਥੇ ਲਾਈਟਾਂ ਲੱਗ ਗਈਆਂ , ਇਥੇ ਵਧੀਆ ਰੂਮ ਪਾਰਕਿੰਗ ਸਮੇਤ ਮਿਲ ਗਿਆ। ਮੈਂ ਥਕਾਵਟ ਕਾਰਨ ਥੋੜ੍ਹਾ ਨਿਢਾਲ ਹੋ ਗਿਆ ਅਤੇ ਕਮਰੇ 'ਚ ਆਰਾਮ ਲਈ ਲੇਟ ਗਿਆ। ਸੁਨੀਲ ਦੁੱਗਲ ਅਤੇ ਗੁਰਮੇਲ ਸਿੰਘ ਦੋਵੇਂ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਚਲੇ ਗਏ। ਮੈਂ ਅਤੇ ਗੁਰਮੇਲ ਸਿੰਘ ਸਵੇਰੇ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋ ਆਏ। ਬੜੇ ਆਰਾਮ ਨਾਲ ਅਸੀਂ ਸ਼ਾਮ ਨੂੰ ਨਾਭੇ ਪਹੁੰਚ ਗਏ। ਸੱਚਮੁੱਚ ਇਹ ਗੁਰੂ ਸਾਹਿਬਾਨ ਦੇ ਪਵਿੱਤਰ ਅਸਥਾਨਾਂ ਦੀ ਯਾਤਰਾ ਜ਼ਿੰਦਗੀ ਦੇ ਆਖਰੀ ਪੜ੍ਹਾਅ 'ਤੇ ਕਰਕੇ ਮਨ ਨੂੰ ਸਕੂਨ ਮਿਲਿਆ। ਅਰਦਾਸ ਕਰਦੇ ਹਾਂ ਜਲਦੀ ਹੀ ਵਾਹਿਗੁਰੂ ਜੀ ਪਰਿਵਾਰਾਂ ਸਮੇਤ ਜਾਣ ਦੀ ਸਮਰੱਥਾ, ਕ੍ਰਿਪਾਲਤਾ ਬਖਸ਼ਣ।

## ਹਿਜ਼ਰਤਨਾਮਾ 79: ਦਰਸ਼ਣ ਸਿੰਘ ਪੁਰੇਵਾਲ

# 'ਅਸੀਂ ਕੇਹਰ-ਭਾਨ ਵਾਲੇ 34 ਚੱਕ ਤੋਂ ਹੁੰਨੇ ਆਂ'



ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
ਪੰਜਾਬ ਮੇਲ USA



"ਮੈਂ ਦਰਸ਼ਣ ਸਿੰਘ, ਪੁੱਤਰ ਪ੍ਰੀਤਮ ਸਿੰਘ, ਪੁੱਤਰ ਸ. ਠਾਕੁਰ ਸਿੰਘ ਪੁਰੇਵਾਲ, ਪਿੰਡ ਮਾਲੜੀ-ਨਕੋਦਰ ਤੋਂ ਮੁਖ਼ਾਤਿਬ ਹਾਂ। 1910 ਤੋਂ ਕੁੱਝ ਪਹਿਲਾਂ ਬਾਬਾ ਜੀ ਆਸਟ੍ਰੇਲੀਆ ਤੋਂ ਚੰਗੀ ਕਮਾਈ ਕਰਕੇ ਵਾਪਸ ਪਰਤੇ। ਤਦੋਂ ਬਾਰਾਂ ਖੁੱਲ੍ਹ ਚੁੱਕੀਆਂ ਸਨ। ਉਪਰੰਤ ਬਾਬਾ ਠਾਕੁਰ ਸਿੰਘ ਹੋਰੀਂ ਆਪਣੇ ਸ਼ਰੀਕੇ ਭਾਈਚਾਰੇ ਵੱਲ ਦੇਖਾ ਦੇਖੀ ਸਾਂਦਲਬਾਰ ਦੇ ਜ਼ਿਲਾ ਲੈਲਪੁਰ ਦੀ ਤਸੀਲ ਜੜ੍ਹਾਂ ਵਾਲਾ ਦੇ ਚੱਕ 234 ਗੋਗੇਰਾ ਬ੍ਰਾਂਚ ਵਿਚ ਖੇਤੀ ਕਰਨ ਚਲੇ ਗਏ। ਉਨ੍ਹਾਂ ਆਪਣੇ ਪੁੱਤਰਾਂ ਰਣਜੀਤ ਸਿੰਘ, ਪ੍ਰੀਤਮ ਸਿੰਘ, ਮਣਸਾ ਸਿੰਘ ਨੂੰ ਵੀ ਬੁਲਾ ਲਿਆ। ਪਹਿਲਾਂ ਉਨ੍ਹਾਂ ਹਾਲ਼ੇ ਭੌਲ਼ੀ 'ਤੇ ਹੀ ਕੁੱਝ ਸਾਲ ਵਾਹੀ ਕੀਤੀ। ਫਿਰ ਮਿਹਨਤ ਕਰਕੇ ਡੂਢ ਮੁਰੱਬਾ ਮੁੱਲ ਲਿਆ। ਬਹੁਤਾ ਨਰਮਾ, ਕਣਕ, ਛੋਲੇ, ਜਵਾਰ ਜਾਂ ਪੱਠਾ ਦੱਥਾ ਹੀ ਬੀਜਦੇ। ਬਜ਼ੁਰਗ ਨਰਮਾਂ, ਚੱਕ ਡੁੰਮਰਾ ਅਤੇ ਬਾਕੀ ਜਿਣਸ ਅਕਸਰ ਜੜ੍ਹਾਂਵਾਲਾ ਹੀ ਗੱਡਿਆਂ ਉਤੇ ਲੱਦ ਕੇ ਵੇਚ ਆਉਂਦੇ। ਸਾਡੇ ਬਜ਼ੁਰਗ ਪਿੰਡ ਵਿਚ ਸ਼ਾਹੂਕਾਰ ਵੱਜਦੇ, ਘੋੜੀਆਂ ਵਾਲੇ ਸਰਦਾਰ ਸਦੀਂਦੇ, ਇੱਟਾਂ ਦਾ ਭੱਠਾ ਵੀ ਲਾਇਆ। ਸਾਡੇ ਬਾਪ ਦੀ ਸ਼ਾਦੀ ਇਧਰ ਤੇ ਬਾਕੀਆਂ ਦੀ ਬਾਰ ਵਿਚ ਹੀ ਹੋਈ। ਮੇਰੀ ਮਾਤਾ ਪੂਰਨ ਕੌਰ, ਇਲਾਕੇ ਵਿਚ ਪੂਰੋ ਸ਼ਾਹਣੀ ਵੱਜਦੀ, ਜਿਸ ਦਾ ਪੇਕਾ ਪਿੰਡ ਬਿਲਗਾ-ਨੂਰਮਹਿਲ ਸੀ। ਦਾਦੀ ਰਾਜ ਕੌਰ, ਪੇਕਾ ਪਿੰਡ ਦੁਸਾਂਝ ਕਲਾਂ-ਫਗਵਾੜ੍ਹਾ ਵੀ ਦੁਬੰਗ ਬੇਬੇ ਸਦੀਂਦੀ।

ਸਾਡੇ ਸ਼ਰੀਕੇ 'ਚੋਂ ਬਰਾਬਰ ਪੀੜ੍ਹੀ ਦੇ ਅਮਰ ਸਿੰਘ, ਗੁਰਬਖ਼ਸ਼ ਸਿੰਘ ਵਲਦ ਪ੍ਰਤਾਪ ਸਿੰਘ ਉਧਰ ਦਾਊਆਨਾ ਸ਼ੰਕਰ ਬੈਠੇ।

ਗੁਆਂਢੀ ਪਿੰਡਾਂ ਵਿਚ ਚੱਕ 233, 35, 36 ਅਤੇ 37 ਵੱਜਦੇ।

ਇਕ ਗੁਰਦੁਆਰਾ ਸਿੰਘ ਸਭਾ ਸੀ। ਗੁਰਮੁਖ ਸਿੰਘ ਅਤੇ ਨਿਰੰਜਣ ਸਿੰਘ ਦੋ ਸਕੇ ਭਰਾ ਉਥੇ ਸੇਵਾ ਕਰਦੇ। ਬੱਚਿਆਂ ਨੂੰ ਗੁਰਮੁਖੀ ਅਤੇ ਨਾਲ ਨਾਲ ਗੱਤਕਾ ਵੀ ਸਿਖਾਉਂਦੇ। ਮੈਂ ਵੀ ਉਨ੍ਹਾਂ ਕੋਲ ਪੜ੍ਹਦਾ ਰਿਹਾ।

ਪਿੰਡ ਵਿੱਚਕਾਰ ਇਕ ਖੂਹ ਸੀ, ਜਿਥੋਂ ਸੁੱਚਾ ਸਿੰਘ ਮਹਿਰਾ ਘੜਿਆਂ ਵਿਚ ਪਾਣੀ ਢੋਂਹਦਾ। ਉਹਦੇ ਘਰੋਂ ਭੱਠੀ ਤੇ ਦਾਣੇ ਭੁੰਨਦੀ। ਲੋਕਾਂ ਦੇ ਵਿਆਹ ਸ਼ਾਦੀਆਂ ਦੇ ਕੰਮ ਵੀ ਨਿਪਟਾਉਂਦੇ। ਵੈਸੇ ਤਦੋਂ ਕਈ ਸਰਦੇ ਘਰਾਂ ਵਿਚ ਨਲਕੇ ਵੀ ਸਨ। ਦੋ ਵੱਡੀਆਂ ਨਹਿਰਾਂ ਪਿੰਡ ਦੇ ਬਾਹਰਵਾਰ ਚੜ੍ਹਦੇ-ਲਹਿੰਦੇ ਵਹਿੰਦੀਆਂ। ਖੇਤਾਂ ਨੂੰ ਸਿੰਜਦੀਆਂ।

ਪਿੰਡ ਵਿਚ ਇੱਕ ਮੋਚੀ, ਜੋ ਜੁੱਤੀਆਂ ਗੰਢਦਾ ਅਤੇ ਨਵੇਂ ਖੁੱਸੇ ਬਣਾਉਂਦਾ।

ਪਿੰਡ ਦੇ ਚੌਧਰੀਆਂ ਵਿਚ ਸਾਡਾ ਬਾਬਾ ਠਾਕੁਰ ਸਿੰਘ, ਪਿਸ਼ੌਰਾ ਸਿੰਘ ਨਾਈ। ਚਾਰ ਭਰਾ ਦਲੀਪ ਸਿੰਘ ਲੰਬੜਦਾਰ, ਪੂਰਨ ਸਿੰਘ, ਨੱਥਾ ਸਿੰਘ ਅਤੇ ਬਸੰਤ ਸਿੰਘ ਹੁੰਦੇ। ਦੋ ਭਰਾ ਲੰਬੜਦਾਰ ਕਿਹਰ ਸਿੰਘ ਅਤੇ ਭਾਨ ਸਿੰਘ ਵੀ ਵੱਜਦੇ, ਜਿਨ੍ਹਾਂ ਦਾ ਪਿਛਲਾ ਪਿੰਡ ਬੀਹਲਾ-ਮਾਲਵਾ ਸੀ। 234 ਚੱਕ ਵਿਚ ਖ਼ਾਸੀਅਤ ਇਹ ਸੀ ਕਿ ਸਾਡੇ ਦੁਆਬੀਆਂ ਦੇ 2 ਘਰ ਛੱਡ ਕੇ ਬਾਕੀ ਸਾਰੇ ਮਲਵਈ ਪੈਂਨਸ਼ਨੀਏਂ ਹੀ ਸਨ। ਇਸੀ ਵਜ੍ਹਾ ਉਹ ਫ਼ੌਜੀਆਂ ਦਾ ਚੱਕ ਵੱਜਦਾ। ਇਕ ਹੋਰ ਖ਼ਾਸ ਇਹ ਕਿ ਸਾਰਾ ਪਿੰਡ ਹੀ ਸਿੱਖ ਬਰਾਦਰੀ ਦਾ ਸੀ। ਇੱਥੋਂ ਤੱਕ ਕਿ ਜੋ ਕੁੱਝ ਘਰ ਬ੍ਰਾਹਮਣਾਂ, ਨਾਈਆਂ ਜਾਂ ਮੱਜ਼ਬੀ ਪਰਿਵਾਰਾਂ ਦੇ ਸਨ, ਉਹ ਵੀ ਸਾਰੇ ਸਰਦਾਰ ਹੀ। ਕੇਵਲ 2 ਘਰ ਮੁਸਲਿਮ ਭਾਈਚਾਰੇ ਦੇ ਹੁੰਦੇ, ਜੋ ਲੁਹਾਰਾ ਤਰਖਾਣਾਂ ਕੰਮ ਕਰਦੇ। ਇਨ੍ਹਾਂ 'ਚੋਂ ਇਕ ਦਾ ਨਾਮ ਮੁਹੰਮਦੀ ਸੀ।

ਇਕ ਬੜੀ ਵੱਡੀ ਘਟਨਾ ਮੈਨੂੰ ਯਾਦ ਆ ਰਹੀ ਐ ਕਿ ਸਾਡੇ ਥਾਣੇ ਦਾ ਵੱਡਾ ਥਾਣੇਦਾਰ ਬਦਲਕੇ ਨਵਾਂ ਆਇਆ। ਉਸ ਨੇ ਨਹਿਰੀ ਡਾਕ ਬੰਗਲੇ ਵਿਚ ਪਿੰਡ ਦੇ ਮੋਹਤਬਰਾਂ ਦਾ 'ਕੱਠ ਸੱਦਿਆ। ਥਾਣੇਦਾਰ ਨੇ ਆਪਣਾ ਭਾਸ਼ਨ ਸ਼ੁਰੂ ਕੀਤਾ ਕਿ ਮੈਂ ਇੰਜ ਕਰ ਦਿਆਂਗਾ, ਉਂਜ ਕਰ ਦਿਆਂਗਾ। ਪਿੰਡ ਦੇ ਚੌਧਰੀਆਂ ਤੋਂ ਸਹਿਯੋਗ ਮੰਗਦਿਆਂ ਉਸ ਕਿਹਾ ਕਿ ਅਗਰ ਪਿੰਡ ਵਿਚ ਕੋਈ ਸ਼ਰਾਰਤੀ ਅਨਸਰ ਹੈ, ਤਾਂ ਦੱਸੋ।

ਉਪਰ ਜ਼ਿਕਰ ਪਿੰਡ ਦੇ ਚੌਧਰੀ ਕਿਹਰ-ਭਾਨ ਵੀ ਉਸ ਨੇ ਆਪਣੇ ਖੱਬੇ-ਸੱਜੇ ਬਿਠਾਏ ਹੋਏ ਸਨ। ਲੰਬੜਦਾਰ ਦਲੀਪ ਸਿੰਘ ਅਤੇ ਉਸ ਦੇ ਉਪਰ ਜ਼ਿਕਰ 3 ਭਰਾ ਸਾਹਮਣੇ ਮੰਜਿਆਂ ਉਤੇ। ਉਨ੍ਹਾਂ ਦੋਨਾਂ ਧਿਰਾਂ ਦੀ ਪਹਿਲਾਂ ਵੀ ਕੁੱਝ ਖਹਿਬਾਜ਼ੀ ਚੱਲਦੀ ਸੀ। ਲੰਬੜਦਾਰ ਦਲੀਪ ਸਿੰਘ ਵਗੈਰਾ ਨੇ ਕੇਹਰ-ਭਾਨ ਵੱਲ ਇਸ਼ਾਰਾ ਕਰਦਿਆਂ, ਥਾਣੇਦਾਰ ਨੂੰ ਕਿਹਾ, "ਜਨਾਬ ਜਿਹੜੇ ਸ਼ਰਾਰਤੀ ਅਨਸਰ ਨੇ ਉਹ ਤਾਂ ਤੁਸੀਂ ਆਪਣੇ ਖੱਬੇ-ਸੱਜੇ ਬਿਠਾਏ ਹੋਏ ਨੇ।"

ਇਹ ਸੁਣਦਿਆਂ ਹੀ ਸਮਝੋ ਕੇਹਰ-ਭਾਨ ਦੇ ਤਾਂ ਸੱਤੀਂ ਕੱਪੜੀਂ ਅੱਗ ਲੱਗ ਗਈ। ਉਨ੍ਹਾਂ ਬੜੀ ਹੇਠੀ ਸਮਝੀ ਜਿਵੇਂ, ਦਰੋਪਤੀ ਦਾ ਭਰੀ ਸਭਾ ਵਿਚ ਚੀਰ ਹਰਨ ਹੋ ਗਿਆ। ਉਨ੍ਹਾਂ ਦਲੀਪ ਸਿੰਘ ਵਗੈਰਾ ਨੂੰ ਨਤੀਜਾ ਭੁਗਤਣ ਦੀ ਧਮਕੀ, ਥਾਣੇਦਾਰ ਦੀ ਹਾਜ਼ਰੀ ਵਿਚ ਹੀ ਦੇ ਦਿੱਤੀ, ਜਿਸ ਦਾ ਸਰ-ਅੰਜਾਮ ਉਸੇ ਸ਼ਾਮ ਆ ਗਿਆ।

**ਦਲੀਪ ਸਿੰਘ ਲੰਬੜਦਾਰ ਵਗੈਰਾ ਦਾ ਕਤਲ:**


ਸ਼ਾਮ ਢਲੇ, ਸੂਰਜ ਅਸਤ ਹੋਣ 'ਤੇ ਪਿੰਡ ਵਿਚ ਗੋਲੀਆਂ ਦੀ ਤਾੜ-ਤਾੜ ਸ਼ੁਰੂ ਹੋਈ। ਲੰਬੜਦਾਰ ਦਲੀਪ ਸਿੰਘ, ਪੂਰਨ ਸਿੰਘ, ਨੱਥਾ ਸਿੰਘ ਤਿੰਨੋਂ ਭਰਾ ਕੇਹਰ-ਭਾਨ ਟੋਲੇ ਵਲੋਂ ਮਾਰ ਦਿੱਤੇ ਗਏ। ਚੌਥਾ ਭਰਾ ਬਸੰਤ ਸਿੰਘ ਭੱਜ ਕੇ ਸਾਡੇ ਘਰ ਲੁਕ ਗਿਆ। ਲੰਬੜਦਾਰ ਕਿਹਰ ਸਿੰਘ ਵੀ ਰਫ਼ਲ ਲੈ ਕੇ ਉਸ ਮਗਰ ਭੱਜ ਆਇਆ। ਉਸ ਮੇਰੇ ਪਿਤਾ ਜੀ ਵੱਲ ਰਫ਼ਲ ਸਿੱਧੀ ਕਰਦਿਆਂ ਆਪਣੇ ਸ਼ਿਕਾਰ ਦੀ ਮੰਗ ਕੀਤੀ। ਪਿਤਾ ਜੀ ਨੇ ਵੀ ਘਬਰਾਹਟ ਵਿਚ ਦਾਣਿਆਂ ਦੇ ਬੱਧੇ ਕੁੱਪ ਵੱਲ ਇਸ਼ਾਰਾ ਕਰਤਾ, ਤਾਂ ਕੇਹਰ ਧੂਹ ਕੇ ਸ਼ਿਕਾਰ ਕੱਢ ਲਿਆਇਆ। ਸਾਡੇ ਵਿਹੜੇ ਵਿਚ, ਸਾਡੀਆਂ ਅੱਖਾਂ ਦੇ ਸਾਹਮਣੇ ਹੀ ਬਸੰਤ ਸਿੰਘ ਭੁੰਨ ਦਿੱਤਾ। ਉਪਰੰਤ ਉਹ ਭਗੌੜੇ ਹੋ ਗਏ। ਪੈਸੇ ਦੀ ਲੋੜ ਪੂਰੀ ਕਰਨ ਲਈ ਉਨ੍ਹਾਂ ਸਾਡੇ ਬਾਬੇ ਪਾਸ ਆਪਣਾ ਅੱਧਾ ਮੁਰੱਬਾ ਗਹਿਣੇ ਰੱਖਿਆ। ਅਖ਼ੀਰ ਉਹ ਫੜੇ ਗਏ। ਮੁਕੱਦਮਾ ਚੱਲਿਆ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ। ਇਹ ਵਾਕਿਆ ਕਰੀਬ 1932-33 ਦਾ ਏ। ਭਾਨੇ ਦੇ ਬੇਟੇ ਜਗੀਰ ਅਤੇ ਵਜ਼ੀਰ ਹੋਏ, ਜੋ ਇਧਰ ਆ ਕੇ ਲੌਂਗੋਵਾਲ-ਸੰਗਰੂਰ ਬੈਠੇ। ਇਸ ਚੌਹਰੇ ਕਤਲਕਾਂਡ ਨਾਲ ਕੇਹਰ-ਭਾਨ ਭਰਾਵਾਂ ਦੀ ਇੰਨੀ ਪ੍ਰਸਿੱਧੀ ਹੋ ਗਈ ਕਿ 234 ਚੱਕ, ਹੁਣ ਤੱਕ ਕੇਹਰ-ਭਾਨ ਦਾ ਚੱਕ ਸਦੀਦਾਂ ਏ। ਦੁਰਗਾ ਸਿੰਘ ਬ੍ਰਾਹਮਣ ਦੇ ਭਰਾ ਦੇਵਾ ਸਿੰਘ ਨੇ ਕਿਹਰ-ਭਾਨ ਦਾ ਕਿੱਸਾ ਛਾਪਿਆ। ਜੋ ਬਹੁਤ ਮਕਬੂਲ ਹੋਇਆ। ਪੁਲਿਸ ਨੇ ਬਾਅਦ ਵਿਚ ਉਹ ਜ਼ਬਤ ਕਰ ਲਏ। ਉਨ੍ਹਾਂ 'ਚੋਂ ਮੈਨੂੰ ਇਕ ਬੰਦ ਯਾਦ ਏ:-

'ਲਾਲਾ ਲਾਲਾ ਹੋ ਗਈ ਦਲੀਪ ਮਾਰਿਆ।
ਨੱਥਾ, ਕੰਧ ਟੱਪ ਕੇ ਕਪਾਹ 'ਚ ਮਾਰਿਆ।

ਹੁਣ ਕਿੱਥੇ ਜਾਣਾ ਭੱਜ ਨੱਥਿਆ ਵੇ ਸੂਰਮਾ।
ਨਿੱਤ ਜੀਣੀ ਕੋਲੋਂ ਸੀ ਕੁਟਾਉਂਦਾ ਚੂਰਮਾ।

ਪਹਿਲੀ ਗੋਲੀ ਮਾਰੀ ਕਾਲਜੇ ਤੇ ਸਿੰਨਕੇ।
ਘਾਣੀ 'ਚ ਲੁਟਾਤਾ ਆਟੇ ਵਾਂਗੂੰ ਗੁੰਨ੍ਹ ਕੇ।

ਦੇਵਾ ਸਿੰਘਾ ਬੰਦ ਕਰਦੇ ਕਹਾਣੀ ਨੂੰ।
ਟੁੱਟ ਗਿਆ ਤੰਦ ਕੀ ਕਰੇਂਗਾ ਤਾਣੀ ਨੂੰ।'



ਸ.ਠਾਕੁਰ ਸਿੰਘ ਪੁੱਤਰ ਸ.ਦੂੱਨਾ ਸਿੰਘ ਪੁਰੇਵਾਲ

ਕੇਹਰ-ਭਾਨ ਹੋਰਾਂ ਦੀ ਇੱਕ ਭੈਣ ਮਾਈ ਨੰਦ ਕੌਰ ਓਧਰ ਨਜ਼ਦੀਕੀ ਪਿੰਡ ਚੱਕ 93 ਨਕੋਦਰ ਦੇ ਵਰਿਆਮ ਸਿੰਘ ਭੰਗੀ ਨੂੰ ਵਿਆਹੀ ਹੋਈ ਸੀ (ਇਨ੍ਹਾਂ ਦਾ ਪਰਿਵਾਰ/ਪੋਤਰਾ ਸੁਖਪਾਲ ਸਿੰਘ ਭੰਗੀ ਹੁਣ ਚੱਕ ਵੇਂਡਲ-ਨਕੋਦਰ ਬੈਠਾ ਹੈ)। ਵਰਿਆਮ ਸਿੰਘ ਦੇ ਦੋ ਹੋਰ ਭਰਾ ਅਮਰ ਸਿੰਘ ਅਤੇ ਦੀਵਾਨ ਸਿੰਘ ਸਨ, ਜਿਨ੍ਹਾਂ ਦਾ ਪਿਛਲਾ ਜੱਦੀ ਪਿੰਡ ਇਧਰ ਚੱਕ ਬਾਗੜੀ-ਨਕੋਦਰ ਸੀ।

ਦਲੀਪ ਸਿੰਘ ਲੰਬੜਦਾਰ ਦੇ ਕਤਲ ਉਪਰੰਤ ਪਿਸ਼ੌਰਾ ਸਿੰਘ ਨਾਈ ਸਰਬਰਾਹ ਲੰਬੜਦਾਰ ਬਣਿਆਂ। 1945 'ਚ ਬਾਲਗ ਹੋਣ ਉਪਰੰਤ, ਦਲੀਪ ਸਿੰਘ ਲੰਬੜਦਾਰ ਦਾ ਬੇਟਾ ਮਹਿੰਦਰ ਸਿੰਘ ਪੱਕਾ ਲੰਬੜਦਾਰ ਬਣ ਗਿਆ, ਸੋ ਇਧਰ ਆ ਕੇ ਲੌਂਗੋਵਾਲ-ਸੰਗਰੂਰ ਬੈਠਾ।

ਮੈਂ ਚੱਕ 124 ਰੋਡੀ ਦੇ ਪ੍ਰਾਇਮਰੀ ਸਕੂਲ ਤੋਂ 1944 ਵਿਚ ਚੌਥੀ ਜਮਾਤ ਪਾਸ ਕੀਤੀ। ਉਥੇ ਰੋਡੀ ਤੋਂ ਅਬਦੁਲ ਗ਼ਫ਼ੂਰ, ਮੌਲਵੀਆਣਾ ਤੋਂ ਗ਼ੁਲਾਮ ਫ਼ਰੀਦ, ਮੇਰੇ ਚੱਕੋਂ ਬਸ਼ੀਰ ਮੁਹੰਮਦ, ਰਫ਼ੀਕ, ਮੁਨੱਵਰ ਹੁਸੈਨ, ਅਬਦੁੱਲਾ, ਹਬੀਬ ਉਲ੍ਹਾ ਵਗੈਰਾ ਮੁਸਲਿਮ ਮੁੰਡੇ ਮੇਰੇ ਸਕੂਲ ਸਾਥੀ ਹੁੰਦੇ। ਤਦੋਂ ਮੇਰੇ ਚੱਕ ਤੋਂ ਬ੍ਰਾਹਮਣਾ ਦਾ ਮੁੰਡਾ ਨਸੀਬ ਚੰਦ ਪੁੱਤਰ ਦੁਰਗਾ ਸਿੰਘ ਮਿਡਲ ਕਲਾਸ ਵਿਚ ਜੜ੍ਹਾਂਵਾਲਾ ਪੜ੍ਹਦਾ। ਉਹਦੇ ਛੋਟੇ ਭਰਾ ਦੇਸ ਰਾਜ ਅਤੇ ਓਮ ਪ੍ਰਕਾਸ਼ ਮੇਰੇ ਸਕੂਲ ਵਿਚ। ਜੋ ਇਧਰ ਆ ਕੇ ਸੁਨਾਮ-ਸੰਗਰੂਰ ਬੈਠੇ।

ਮੈਂ 1944 ਵਿਚ ਚੌਥੀ ਜਮਾਤ ਪਾਸ ਕਰਕੇ ਇਧਰ ਜਮਸ਼ੇਰ-ਜਲੰਧਰ ਦੇ ਮਿਡਲ ਸਕੂਲ ਵਿਚ ਪੰਜਵੀਂ ਜਮਾਤ ਵਿਚ ਆ ਦਾਖ਼ਲ ਹੋਇਆ। ਜਮਸ਼ੇਰ ਮੇਰੀ ਵੱਡੀ ਭੈਣ ਪ੍ਰੀਤਮ ਸਿੰਘ ਪੁੱਤਰ ਸਵਰਨ ਸਿੰਘ ਸ਼ੇਰਗਿੱਲ ਨੂੰ ਵਿਆਹੀ ਹੋਈ ਸੀ, ਉਨ੍ਹਾਂ ਪਾਸ ਹੀ ਰਿਹਾ।

ਰੌਲਿਆਂ ਵੇਲੇ ਮੈਂ ਇਧਰ ਜਮਸ਼ੇਰ ਹੀ ਸਾਂ। ਬਜ਼ੁਰਗਾਂ ਦੇ ਦੱਸਣ ਮੁਤਾਬਕ ਉਧਰ 234 ਚੱਕ ਵਿਚ, ਦਾਊਆਨਾ ਸ਼ੰਕਰ ਤੋਂ ਕੁੱਝ ਲਿਹਾਜ਼ੀ ਬੰਦੇ ਰੌਲਿਆਂ ਤੋਂ ਸੁਚੇਤ ਕਰਨ ਆਏ। ਉਨ੍ਹਾਂ ਪਿੰਡ ਛੱਡਣ ਦੀ ਤਿਆਰੀ ਕਰਨ, ਤੱਦ ਤੱਕ, ਮੋਰਚੇ ਬਣਾਉਣ, ਹਥਿਆਰ 'ਕੱਠੇ ਕਰਨ ਅਤੇ ਪਹਿਰਾ ਲਾਉਣ ਲਈ ਕਿਹਾ। ਚੱਕ ਵਾਲਿਆਂ ਤੁਰੰਤ ਉਸ 'ਤੇ ਅਮਲ ਕੀਤਾ। ਉਸ ਇਲਾਕੇ ਵਿਚ ਸਿੱਖ-ਹਿੰਦੂ ਬਹੁ ਵਸੋਂ ਸੀ। ਸਰਦਾਰ ਵੀ ਬਹੁਤੇ ਸੁਚੇਤ ਅਤੇ ਹਥਿਆਰ ਬੰਦ ਸਨ। ਸੋ ਤਦੋਂ ਪਿੰਡਾਂ ਉਪਰ ਘੱਟ ਹਮਲੇ ਹੋਏ। ਹਾਂ, ਜਿੱਥੇ ਬਲੋਚ ਮਿਲਟਰੀ ਨੇ ਦੰਗੱਈਆਂ ਦਾ ਸਾਥ ਦਿੱਤਾ, ਉਥੇ ਬਹੁਤਾ ਨੁਕਸਾਨ ਹੋਇਆ।

**-ਤੇ ਕਾਫ਼ਲਾ ਤੁਰ ਪਿਆ:** ਖ਼ੂਨ ਪਸੀਨੇ ਨਾਲ ਬਣਾਈ ਸੰਵਾਰੀ, ਜਰਖੇਜ਼ ਬਾਰ ਛੱਡਣ ਦਾ ਵੇਲਾ ਆ ਗਿਆ। ਸ਼ੰਕਰ ਦਾਊਆਨਾ ਵਿਚ ਆਂਢ-ਗੁਆਂਢ ਪਿੰਡਾਂ ਦੇ ਗੱਡਿਆਂ ਦਾ ਕਾਫ਼ਲਾ ਕੱਠਾ ਹੋ ਕੇ ਫਲਾਈ ਵਾਲਾ-ਲਹੁਕੇ- ਜੜ੍ਹਾਂਵਾਲਾ-ਬੱਲੋ ਕੀ ਹੈੱਡ-ਖੇਮਕਰਨ-ਅੰਬਰਸਰ ਹੁੰਦਾ ਹੋਇਆ ਇਧਰ ਆਪਣੇ-ਆਪਣੇ ਪਿੰਡਾਂ ਵਿਚ ਖਿੱਲਰ ਗਿਆ। ਉਦੋਂ ਸਾਡੇ ਪਿਛਲੇ ਜੱਦੀ ਪਿੰਡ ਸ਼ੰਕਰ, ਸਿੰਜ ਦਾ ਵੇਲਾ ਸੀ। ਵਡੇਰਿਆਂ ਮੁੜ ਉਥੇ ਆ ਕਯਾਮ ਕੀਤਾ। ਸਾਡੀ ਕੱਚੀ ਪਰਚੀ ਨੰਗਲ-ਨਕੋਦਰ ਦੀ ਪਈ। ਉਪਰੰਤ ਪੱਕੀ ਪਰਚੀ ਇਸ ਮਾਲੜੀ ਦੀ ਪਈ।

ਬਜ਼ੁਰਗ, ਇਧਰੋਂ ਜਾਣ ਲੱਗੇ ਖੇਤੀਬਾੜੀ ਦੇ ਸੰਦਾਂ ਦੇ ਗੱਡੇ ਭਰਕੇ, ਲਵੇਰੀਆਂ, ਘੋੜੀਆਂ ਨਾਲ ਲੈਸ ਹੋ ਕੇ ਗਏ। ਅਫ਼ਸੋਸ ਕਿ ਵਾਪਸ ਫਾਕੇ ਝਾਗਦੇ ਖਾਲੀ ਹੱਥ ਹੀ ਪਰਤੇ।

ਮੇਰੇ ਘਰ ਤਿੰਨ ਬੇਟੀਆਂ, ਤਿੰਨ ਬੇਟੇ ਗੁਰਦੀਪ ਸਿੰਘ, ਹਰਪਾਲ ਸਿੰਘ ਅਤੇ ਪਰਮਿੰਦਰ ਸਿੰਘ ਹੋਏ। ਹੁਣ ਮੈਂ ਵਿਚਕਾਰਲੇ ਬੇਟੇ ਹਰਪਾਲ ਸਿੰਘ ਪਾਸ ਰਹਿ ਕੇ ਜ਼ਿੰਦਗੀ ਦੀ ਸ਼ਾਮ ਹੰਢਾਅ ਰਿਹੈਂ। ਨੂੰਹ-ਪੁੱਤ-ਪੋਤਰੇ ਚੰਗੀ ਸੇਵਾ ਭਾਵਨਾ ਅਤੇ ਹਲੀਮੀ ਵਾਲੇ ਨੇ। ਹੁਣ 90ਵਿਆਂ 'ਚ ਮੇਰੀ ਚੰਗੀ ਸਿਹਤ ਅਤੇ ਲੰਬੀ ਉਮਰ ਦਾ ਇਹੋ ਰਾਜ਼ ਏ। ਕੱਲ੍ਹ ਕੀ ਮੇਰੀ ਬਲਾ ਜਾਨੇ।"

## 16 ਜੁਲਾਈ ਨੂੰ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਸਿੱਖ ਕੌਮ ਦੇ ਮਹਾਨ ਸ਼ਹੀਦ 'ਭਾਈ ਤਾਰੂ ਸਿੰਘ ਜੀ'

-ਦਿਲਜੀਤ ਸਿੰਘ ਬੇਦੀ
ਪੰਜਾਬ ਮੇਲ USA



ਸਿੱਖ ਕੌਮ ਦੀ ਆਨ ਤੇ ਸ਼ਾਨ ਲਈ ਹੱਸ-ਹੱਸ ਕੇ ਜਾਨਾਂ ਵਾਰਨ ਵਾਲੇ ਮਹਾਨ ਸ਼ਹੀਦਾਂ ਦੇ ਇਤਿਹਾਸ ਵਿਚ 'ਭਾਈ ਤਾਰੂ ਸਿੰਘ ਜੀ ਸ਼ਹੀਦ' ਦਾ ਨਾਮ ਸੁਨਹਿਰੀ ਅੱਖਰਾਂ ਵਿਚ ਅੰਕਿਤ ਹੈ। ਆਪ ਨੇ ਸਮੇਂ ਦੀ ਹਕੂਮਤ ਵੱਲੋਂ ਢਾਹੇ ਗਏ ਜ਼ੁਲਮ ਅਤੇ ਕਹਿਰ ਨੂੰ ਖਿੜੇ ਮੱਥੇ ਸਹਾਰਿਆ ਅਤੇ 'ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ' ਦੇ ਬੋਲਾਂ ਨੂੰ ਅਮਲੀ ਜਾਮਾ ਪਹਿਨਾ ਕੇ ਕੇਸਾਂ ਦੀ ਰਾਖੀ ਲਈ ਖੋਪਰੀ ਉਤਰਵਾ, ਕੁਰਬਾਨੀ ਦੇ ਅਨੋਖੇ ਪੂਰਨੇ ਪਾਏ।

ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੀ ਸ਼ਹੀਦੀ ਉਪਰੰਤ ਮੁਗਲਾਂ ਵੱਲੋਂ ਸਿੱਖਾਂ ਉੱਤੇ ਸਖ਼ਤੀ ਦਾ ਦੌਰ ਸ਼ੁਰੂ ਹੋਇਆ। ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੇ ਤਾਂ ਅੱਤ ਹੀ ਚੁੱਕ ਲਈ। ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਗਏ ਅਤੇ ਚੁਣ-ਚੁਣ ਕੇ ਸਿੱਖਾਂ ਨੂੰ ਮਾਰਿਆ ਜਾਣ ਲੱਗਾ। ਮੌਕੇ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਸਿੰਘਾਂ ਨੇ ਘਣੇ ਜੰਗਲਾਂ ਵਿਚ ਜਾ ਨਿਵਾਸ ਕੀਤਾ। ਉਥੇ ਰਹਿ ਕੇ ਜਥੇਬੰਦਕ ਤਿਆਰੀਆਂ ਕਰਨ ਲੱਗੇ ਅਤੇ ਜਦੋਂ ਸਮਾਂ ਮਿਲਦਾ, ਹਕੂਮਤ ਨਾਲ ਟੱਕਰ ਵੀ ਲੈਂਦੇ। ਇਲਾਕੇ ਦੇ ਸਿੰਘ, ਜੰਗਲਾਂ ਵਿਚ ਰਹਿ ਰਹੇ ਵੀਰਾਂ ਦੇ ਲੰਗਰ-ਪਾਣੀ ਦੀ ਸੇਵਾ ਬੜੇ ਉਤਸ਼ਾਹ ਨਾਲ ਕਰਦੇ। ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨਤਾਰਨ) ਦੇ ਵਸਨੀਕ ਭਾਈ ਤਾਰੂ ਸਿੰਘ ਜੀ ਵੀ ਇਨ੍ਹਾਂ ਸਿਦਕੀ ਸਿੰਘਾਂ ਵਿਚੋਂ ਇਕ ਸਨ। ਆਪ ਪਿੰਡ ਵਿਚ ਖੇਤੀਬਾੜੀ ਕਰਦੇ ਸਨ ਅਤੇ ਜਦੋਂ ਵੀ ਕਿਸੇ ਸਿੱਖ ਜਥੇ ਦੀ ਆਮਦ ਦਾ ਪਤਾ ਲੱਗਦਾ, ਤਾਂ ਆਪ ਨੂੰ ਚਾਅ ਚੜ੍ਹ ਜਾਂਦਾ। ਆਪ ਜੀ ਦੀ ਭੈਣ ਅਤੇ ਮਾਤਾ ਜੀ ਬੜੇ ਪ੍ਰੇਮ ਨਾਲ ਲੰਗਰ ਤਿਆਰ ਕਰਦੇ ਅਤੇ ਭਾਈ ਤਾਰੂ ਸਿੰਘ ਜੀ ਜਥੇ ਦੇ ਸਿੰਘਾਂ ਪਾਸ ਲੰਗਰ ਪਹੁੰਚਾਣ ਦੀ ਸੇਵਾ ਕਰਦੇ। ਜਿਥੇ ਸਿਦਕੀ ਸਿੰਘ, ਮੁਸੀਬਤ ਵਿਚ ਘਿਰੇ ਆਪਣੇ ਵੀਰਾਂ ਦੀ ਸੇਵਾ ਲਈ ਨਿੱਤਰ ਕੇ ਸਾਹਮਣੇ ਆ ਰਹੇ ਸਨ, ਉਥੇ ਸਿੰਘਾਂ ਨਾਲ ਵੈਰ ਕਮਾਉਣ ਵਾਲੇ ਦੋਖੀਆਂ ਦੀ ਵੀ ਕੋਈ ਕਮੀ ਨਹੀਂ ਸੀ। ਜੰਡਿਆਲੇ ਦੇ ਹਰਭਗਤ ਨਿਰੰਜਨੀਏ ਨੇ ਜ਼ਕਰੀਆ ਖਾਨ ਪਾਸ ਜਾ ਕੇ ਭਾਈ ਤਾਰੂ ਸਿੰਘ ਜੀ ਦੇ ਖਿਲਾਫ਼ ਸ਼ਿਕਾਇਤ ਕੀਤੀ ਕਿ ਕਿਵੇਂ ਉਹ ਹਕੂਮਤ ਨਾਲ ਟੱਕਰ ਲੈ ਰਹੇ ਸਿੰਘਾਂ ਦੀ ਟਹਿਲ-ਸੇਵਾ ਕਰਕੇ ਸਰਕਾਰੀ ਹੁਕਮਾਂ ਦੀ ਉਲੰਘਣਾ ਕਰ ਰਿਹਾ ਹੈ:

ਹਰਭਗਤ ਨਿਰੰਜਨੀਏਂ ਯੌ ਫਿਰ ਕਹੀ। ਪੂਲ੍ਹੋ ਪਿੰਡ ਇਕ ਮਾਝੇ ਅਹੀ।
ਤਾਰੂ ਸਿੰਘ ਤਹਿੰ ਖੇਤੀ ਕਰੈ। ਸਾਥ ਪਿੰਡ ਵਹਿ ਹਾਲਾ ਭਰੈ।
ਦੇਹ ਹਾਕਮ ਕਛੁ ਥੋੜਾ ਖਾਵੈ। ਬਚੈ ਸਿੰਘਨ ਕੇ ਪਾਸ ਪੁਚਾਵੈ।...
ਸ਼ਬਦ ਚੌਕੀ ਗੁਰ ਅਪਨੇ ਕੀ ਕਰੇ। ਸੋ ਮਰਨ ਤੇ ਨੈਕ ਨ ਡਰੇ।
ਗੰਗਾ ਜਮਨਾ ਨਿਕਟ ਨਾ ਜਾਵੈ। ਅਪਨੇ ਗੁਰ ਕੀ ਛਪੜੀ ਨ੍ਹਾਵੈ।
ਜਗਨ ਨਾਥ ਕੋ ਟੁੰਡਾ ਆਖੈਂ। ਰਾਮ ਕਿਸ਼ਨ ਕੋ ਜਾਪ ਨ ਭਾਖੈਂ।
ਰਾਤ ਤੁਰੈ, ਦਿਨ ਬਹਿ ਰਹੈ, ਤੁਰਕਨ ਆਂਖ ਬਚਾਇ।
ਸਿਰ ਪਰ ਪੰਡ ਉਠਾਇਕੈ, ਸਿੰਘਨ ਪਰ ਪਹੁੰਚਾਇ।
(ਪ੍ਰਾਚੀਨ ਪੰਥ ਪ੍ਰਕਾਸ਼)

ਜ਼ਕਰੀਆ ਖਾਨ ਇਹ ਕੁਝ ਸੁਣ ਕੇ ਗੁੱਸੇ ਵਿਚ ਲਾਲ-ਪੀਲਾ ਹੋ ਗਿਆ ਅਤੇ ਤੁਰੰਤ ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਨ ਲਈ ਸਿਪਾਹੀ ਭਿਜਵਾ ਦਿੱਤੇ। ਭਾਈ ਤਾਰੂ ਸਿੰਘ ਜੀ ਨੂੰ ਬੰਦੀ ਬਣਾ ਕੇ ਲਾਹੌਰ ਲਿਜਾਇਆ ਗਿਆ ਅਤੇ ਭਾਰੀ ਤਸੀਹੇ ਦਿੱਤੇ ਜਾਣ ਲੱਗੇ। ਲੇਕਿਨ ਗੁਰੂ ਕਾ ਸਿੰਘ ਹਕੂਮਤ ਦੇ ਹਰ ਤਰ੍ਹਾਂ ਦੇ ਜ਼ੁਲਮਾਂ ਨੂੰ ਖਿੜੇ ਮੱਥੇ ਬਰਦਾਸ਼ਤ ਕਰਦਾ ਰਿਹਾ:

ਜਿਮ-ਜਿਮ ਸਿੰਘ ਕੋ ਤੁਰਕ ਸਤਾਵੈਂ।
ਤਿਮ-ਤਿਮ ਮੁਖ ਸਿੰਘ ਲਾਲੀ ਆਵੈ।
(ਪ੍ਰਾਚੀਨ ਪੰਥ ਪ੍ਰਕਾਸ਼)

ਭਾਈ ਤਾਰੂ ਸਿੰਘ ਜੀ ਨੂੰ ਨਵਾਬ ਜ਼ਕਰੀਆ ਖਾਨ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ, ਜਿਥੇ ਭਾਈ ਸਾਹਿਬ ਨੂੰ ਸਿੱਖੀ ਤਿਆਗ ਕੇ ਇਸਲਾਮ ਧਰਮ ਅਖਤਿਆਰ ਕਰਨ ਲਈ ਕਈ ਤਰ੍ਹਾਂ ਦੇ ਲੋਭ-ਲਾਲਚ ਦਿੱਤੇ ਗਏ, ਪਰੰਤੂ ਉਹ ਆਪਣੇ ਅਕੀਦੇ 'ਤੇ ਅਟੱਲ ਰਹੇ। ਭਾਈ ਸਾਹਿਬ ਦਾ ਗੁਰਸਿੱਖੀ ਪ੍ਰਤੀ ਦ੍ਰਿੜ੍ਹ ਨਿਸ਼ਚਾ ਵੇਖ ਕੇ ਸੂਬੇ ਨੇ ਭਾਈ ਸਾਹਿਬ ਦੇ ਕੇਸ ਕਤਲ ਕਰਨ ਦਾ ਹੁਕਮ ਸੁਣਾ ਦਿੱਤਾ। ਇਸ 'ਤੇ ਭਾਈ ਸਾਹਿਬ ਨੇ ਬਚਨ ਕੀਤਾ ਕਿ ਕੇਸ ਜੋ ਮੇਰੇ ਗੁਰੂ ਦੀ ਅਮਾਨਤ ਹਨ, ਇਨ੍ਹਾਂ ਨੂੰ ਅਲਹਿਦਾ ਕਰਨ ਦੀ ਥਾਂ ਜੇਕਰ ਆਪ ਮੇਰੀ ਜਾਨ ਵੀ ਲੈਣੀ ਚਾਹੋ ਤਾਂ ਮੈਂ ਤਿਆਰ ਹਾਂ। ਇਸ 'ਤੇ ਸੂਬੇ ਨੇ ਜਲਾਦ ਨੂੰ ਬੁਲਾ ਕੇ ਭਾਈ ਸਾਹਿਬ ਦੀ ਖੋਪਰੀ ਉਤਾਰਨ ਦਾ ਜ਼ਾਲਮਾਨਾ ਹੁਕਮ ਸੁਣਾ ਦਿੱਤਾ। ਸੂਬੇ ਦਾ ਇਹ ਫ਼ੁਰਮਾਨ ਸੁਣ ਕੇ ਭਾਈ ਸਾਹਿਬ ਨੂੰ ਦੁੱਖ ਨਾ ਹੋਇਆ, ਬਲਕਿ ਡਾਢਾ ਚਾਅ ਚੜ੍ਹ ਗਿਆ ਕਿ ਹੁਣ ਮੈਂ ਦਸਮੇਸ਼ ਪਿਤਾ ਜੀ ਦੇ ਸਾਹਮਣੇ ਸਾਬਤ-ਸੂਰਤ ਹਾਜ਼ਰ ਹੋ ਕੇ ਖੁਸ਼ੀਆਂ ਦਾ ਪਾਤਰ ਬਣ ਸਕਾਂਗਾ।

ਭਾਈ ਤਾਰੂ ਸਿੰਘ ਜੀ ਚਾਹੁੰਦੇ, ਤਾਂ ਧਰਮ ਛੱਡ ਕੇ ਆਪਣੀ ਜਾਨ ਬਚਾ ਸਕਦੇ ਸਨ ਅਤੇ ਹਕੂਮਤ ਵੱਲੋਂ ਮਿਲਣ ਵਾਲੀਆਂ ਪਦਵੀਆਂ ਨੂੰ ਪ੍ਰਾਪਤ ਕਰ ਸਕਦੇ ਸਨ। ਲੇਕਿਨ ਆਪ ਨੇ ਸਿੱਖੀ ਨੂੰ ਕੇਸਾਂ-ਸੁਆਸਾਂ ਸੰਗ ਨਿਭਾ ਕੇ ਕੌਮ ਲਈ ਅਨੋਖੇ ਪੂਰਨੇ ਪਾਏ ਹਨ। ਹੱਸਦੇ ਹੋਏ ਖੋਪਰੀ ਲੁਹਾ ਕੇ ਆਪ ਨੇ ਇਹ ਦਰਸਾ ਦਿੱਤਾ ਕਿ ਸਿੱਖ ਲਈ ਉਸ ਦੇ ਕੇਸ ਜਾਨ ਤੋਂ ਵੀ ਪਿਆਰੇ ਹਨ। ਸਿੱਖ ਜਾਨ ਤਾਂ ਵਾਰ ਸਕਦਾ ਹੈ, ਲੇਕਿਨ ਕੇਸਾਂ ਦੀ ਬੇਅਦਬੀ ਨਹੀਂ ਸਹਾਰ ਸਕਦਾ। ਇਸ ਤਰ੍ਹਾਂ ਆਪ 1745 ਈ. ਨੂੰ ਸ਼ਹੀਦੀ ਪ੍ਰਾਪਤ ਕਰ ਗਏ।



# ਸਰਬੱਤ ਦੇ ਭਲੇ ਲਈ ਕਾਰਜਸ਼ੀਲ ਹੈ ਯੂਨਾਈਟਿਡ ਸਿੱਖ ਮਿਸ਼ਨ ਕੈਲੇਫੋਰਨੀਆ

ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA



ਚੰਗੇ ਭਵਿੱਖ ਲਈ, ਪਰ ਕਦੇ-ਕਦੇ ਮਜਬੂਰੀਆਂ ਕਾਰਨ ਮਨੁੱਖ ਦਾ ਖਾਸਾ ਪ੍ਰਵਾਸ ਹੰਢਾਉਣ ਦਾ ਰਿਹਾ ਹੈ। ਪ੍ਰਵਾਸ ਦੀ ਇਹ ਪ੍ਰਵਿਰਤੀ ਮਨੁੱਖ ਨੂੰ ਦੇਸ਼-ਵਿਦੇਸ਼ ਦੇ ਲੋਕਾਂ ਨਾਲ ਸਾਂਝ ਪਾਉਣ, ਆਪਣਾ ਭਵਿੱਖ ਸੁਆਰਣ, ਨਵੇਂ ਸੱਭਿਆਚਾਰਾਂ 'ਚ ਵਿਚਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਪ੍ਰਵਾਸੀ ਮਨੁੱਖ ਨਵੇਂ ਥਾਵਾਂ 'ਤੇ ਜਾ ਕੇ ਬਹੁਤ ਕੁਝ ਸਿਖਦਾ ਹੈ, ਤਜ਼ਰਬੇ ਹਾਸਲ ਕਰਦਾ ਹੈ, ਵੱਡੀਆਂ ਪ੍ਰਾਪਤੀਆਂ ਕਰਦਾ ਹੈ, ਪਰ ਜਨਮ ਭੂਮੀ ਨਾਲ ਉਸਦਾ ਲਗਾਅ ਲਗਾਤਾਰ ਰਹਿੰਦਾ ਹੈ ਅਤੇ ਉਹ ਜ਼ਿੰਦਗੀ ਭਰ ਉਸਦਾ ਕਰਜ਼ਾ ਚੁਕਾਉਣ ਲਈ ਤੱਤਪਰ ਰਹਿੰਦਾ ਹੈ।

ਹਿੰਦੋਸਤਾਨੀ ਪ੍ਰਵਾਸੀਆਂ ਖ਼ਾਸ ਕਰਕੇ ਪੰਜਾਬੀ ਪ੍ਰਵਾਸੀਆਂ, ਜਿਨ੍ਹਾਂ ਜਿਥੇ ਵਿਸ਼ਵ ਦੇ ਵੱਖੋ-ਵੱਖਰੇ ਥਾਵਾਂ 'ਤੇ ਜਾ ਕੇ ਬਹੁਤ ਕੁਝ ਹਾਸਲ ਕੀਤਾ, ਉਥੇ ਉਨ੍ਹਾਂ ਆਪਣੇ ਧਰਮ, ਸੱਭਿਆਚਾਰ, ਬੋਲੀ ਨੂੰ ਜਿਊਂਦੇ ਰੱਖਿਆ। ਉਹ ਇੰਜੀਨੀਅਰ, ਡਾਕਟਰ, ਪ੍ਰੋਫੈਸ਼ਨਲ ਬਣੇ। ਉਨ੍ਹਾਂ ਖੇਤੀ ਅਤੇ ਬਿਜ਼ਨੈਸ ਖ਼ਾਸ ਕਰਕੇ ਟਰੱਕਿੰਗ 'ਚ ਵਿਸ਼ੇਸ਼ ਉਪਲੱਬਧੀਆਂ ਹਾਸਲ ਕੀਤੀਆਂ। ਸਿਆਸੀ ਖੇਤਰ 'ਚ ਪੈਰ ਪਸਾਰੇ, ਪਰ ਸਮਾਜ ਸੇਵਾ 'ਚ ਉਨ੍ਹਾਂ ਗੁਰੂਆਂ ਦੇ ਦੱਸੇ ਰਸਤੇ 'ਤੇ ਚੱਲਦਿਆਂ ਵੱਡੇ ਮਾਅਰਕੇ ਮਾਰੇ।

ਇਸੇ ਸਦਕਾ ਪਿਛਲੇ ਚਾਰ-ਪੰਜ ਦਹਾਕਿਆਂ ਤੋਂ ਪ੍ਰਵਾਸੀ ਪੰਜਾਬੀਆਂ ਆਪਣੇ ਦੇਸ਼ ਪੰਜਾਬ ਅਤੇ ਆਪਣੇ ਪਿੰਡਾਂ, ਸ਼ਹਿਰਾਂ ਲਈ ਉਨ੍ਹਾਂ ਦੇ ਬੁਨਿਆਦੀ ਢਾਂਚੇ 'ਚ ਉਸਾਰੀ ਲਈ ਵਿਸ਼ੇਸ਼ ਯੋਗਦਾਨ ਪਾਇਆ, ਹਸਪਤਾਲ, ਸਕੂਲ, ਸਟੇਡੀਅਮ, ਜੰਜ ਘਰ ਆਦਿ ਉਸਾਰੇ, ਲੋੜਵੰਦ ਲੜਕੀਆਂ ਦੇ ਵਿਆਹਾਂ 'ਚ ਯੋਗਦਾਨ ਪਾਇਆ। ਸਕੂਲ, ਕਾਲਜਾਂ ਦੇ ਵਿਦਿਆਰਥੀ ਲਈ ਫ਼ੀਸਾਂ ਅਦਾ ਕਰਕੇ ਉਨ੍ਹਾਂ ਨੂੰ ਪੜ੍ਹਾਇਆ। ਪਰ ਕੁਝ ਇੱਕ ਸੰਸਥਾਵਾਂ ਨੇ ਵਿਲੱਖਣ ਸੇਵਾ ਕਰਦਿਆਂ ਪੰਜਾਬ 'ਚ ਵਧ ਰਹੇ ਕੈਂਸਰ ਅਤੇ ਅੱਖਾਂ ਦੀਆਂ ਬੀਮਾਰੀਆਂ ਦੇ ਇਲਾਜ ਲਈ ਭਰਪੂਰ ਉਪਰਾਲੇ ਕੀਤੇ।

ਇਹੋ ਜਿਹੀਆਂ ਸੰਸਥਾਵਾਂ ਵਿਚੋਂ ਇੱਕ ਯੂਨਾਈਟਿਡ ਸਿੱਖ ਮਿਸ਼ਨ ਸੰਸਥਾ ਹੈ, ਜਿਸ ਦੇ ਆਗੂਆਂ ਨੇ ਭਰਪੂਰ ਯਤਨ ਕਰਕੇ ਪੰਜਾਬ ਦੇ ਪਿੰਡਾਂ 'ਚ ਵੱਡੀ ਪੱਧਰ ਉਤੇ ਕੰਮ ਕੀਤਾ ਹੈ। ਹਜ਼ਾਰਾਂ ਵਿਅਕਤੀਆਂ ਦੀਆਂ ਅੱਖਾਂ ਦੀ ਰੌਸ਼ਨੀ ਮੁੜ ਪਰਤਾਈ ਅਤੇ ਬੁਢਾਪੇ 'ਚ ਨਿਆਸਰੇ ਲੋੜਬੰਦ ਬਜ਼ੁਰਗਾਂ ਦੀਆਂ ਅੱਖਾਂ 'ਚ ਲੈੱਨਜ਼ ਪਾਉਣ ਦੀ ਸੇਵਾ ਨਿਭਾਈ।



ਯੂਨਾਈਟਿਡ ਸਿੱਖ ਮਿਸ਼ਨ ਕੈਲੀਫੋਰਨੀਆ ਯੂ.ਐੱਸ.ਏ. ਦਾ ਮੁੱਖ ਉਦੇਸ਼ ਅੱਖਾਂ ਦੇ ਅਪਰੇਸ਼ਨ ਅਤੇ ਅੱਖਾਂ ਦੇ ਚੈੱਕਅੱਪ ਕੈਂਪ ਲਾਉਣਾ ਹੈ। ਸਾਲ 2023 ਵਿਚ ਇਸ ਸੰਸਥਾ ਵਲੋਂ ਭਾਣੋਕੀ (ਫਗਵਾੜਾ) ਵਿਖੇ 45, ਫਿਰੋਜ਼ਪੁਰ ਵਿਖੇ 83, ਸਰਹਾਲਾ (ਅੰਮ੍ਰਿਤਸਰ) ਵਿਖੇ 69, ਸਮੁੰਦਰਾ ਜਿਲਾ ਰੂਪਨਗਰ ਵਿਖੇ 32, ਹੇਲਰਾਂ (ਜਲੰਧਰ) ਵਿਖੇ 56, ਝਾਵਾਂ (ਹੁਸ਼ਿਆਰਪੁਰ) ਵਿਖੇ 70, ਉਪਲ ਤਰਨਤਾਰਨ ਵਿਖੇ 60, ਪੱਧਰੀ ਅੰਮ੍ਰਿਤਸਰ ਵਿਖੇ 16, ਬਿਆਸ 'ਚ 39, ਭਲੋਜਲਾ (ਤਰਨਤਾਰਨ) ਵਿਖੇ 58, ਰਸਤਗੋ ਜਲੰਧਰ 35, ਅਲੀਪੁਰ(ਹੁਸ਼ਿਆਰਪੁਰ) ਵਿਖੇ 36, ਭਾਸਵਾਨ ਜਲੰਧਰ 'ਚ 32, ਭੱਟੀਕੇ ਅੰਮ੍ਰਿਤਸਰ ਵਿਖੇ 168, ਸਿਧਵਾ ਦੋਨਾਂ ਵਿਖੇ 45, ਘੁਮਾਣ (ਗੁਰਦਾਸਪੁਰ) 27, ਪੂਰ ਹੀਰਾਂ ਵਿਖੇ 59, ਸਾਧੂ ਆਸ਼ਰਮ ਕੋਟਲ ਲੇਹਲ ਸੰਗਰੂਰ ਵਿਖੇ 172, ਧਾਮਕੋਟ (ਲੁਧਿਆਣਾ) 'ਚ 50, ਰੰਨਗੀਆਂ ਵਿਖੇ 18, ਸੁਲਤਾਨਵਿੰਡ 'ਚ 86, ਕੋਟਲੀਥਾਨ ਸਿੰਘ ਵਿਖੇ 26, ਜਲਵਾਨਾ (ਸੰਗਰੂਰ) 14, ਗਿੱਲ ਬੌਬ ਵਿਖੇ 60, ਬਿਲੀ ਬਰੈਚ 47, ਟਾਂਡਾ ਵਿਖੇ 54, ਮਾਨੋਹਰਪੁਰ 45, ਬਿਆਸ ਪਿੰਡ 46, ਸਾਧੂ ਆਸ਼ਰਮ ਮਾਨਸਾ 138, ਪੁਲ ਰੁਖੜਾ 42, ਜੈਨਪੁਰ 39, ਚੋਟੀਆਂ 49, ਔਲਖ 60, ਰੁਪਾਲਹੇਰੀ 48, ਮੁਹੱਦੀਆ 53, ਲਹਿਰਾ ਵਿਖੇ 33, ਬਜ਼ੁਰਗਾਂ ਦੇ ਅੱਖਾਂ ਦੀ ਸਰਜਰੀ ਕੀਤੀ ਗਈ ਤੇ ਅੱਖਾਂ ਦੇ ਲੈੱਨਜ਼ ਪੁਆਏ। ਇਸ ਤਰ੍ਹਾਂ ਸਾਲ 2023 'ਚ ਕੁਲ ਮਿਲਾਕੇ ਦਸ ਹਜ਼ਾਰ ਤੋਂ ਵਧ ਲੋਕਾਂ ਦੀਆਂ ਅੱਖਾਂ ਦੇ ਚੈੱਕਅੱਪ ਕਰਵਾਏ ਗਏ। ਸਾਲ 2024 ਵਿਚ ਵੀ ਇਹ ਕਾਰਜ ਨਿਰਵਿਘਨ ਜਾਰੀ ਹੈ।



ਯੂਨਾਈਟਿਡ ਸਿੱਖ ਮਿਸ਼ਨ ਅੱਖਾਂ ਦੇ ਕੈਂਪ ਲਗਾਕੇ ਪੰਜਾਬ ਦੇ ਬਜ਼ੁਰਗਾਂ, ਲੋੜਵੰਦਾਂ ਦੀ ਸਹਾਇਤਾ ਲਈ ਕਾਰਜਸ਼ੀਲ ਹੈ, ਕਿਉਂਕਿ ਪੰਜਾਬ ਦੇ ਲੋਕ ਅੱਖਾਂ ਪ੍ਰਤੀ ਖ਼ਾਸ ਤੌਰ 'ਤੇ ਅਵੇਸਲੇ ਹਨ, ਇਸੇ ਕਰਕੇ ਇੱਕ ਡੂੰਘੀ ਸੋਚ ਮਨ 'ਚ ਰੱਖਦਿਆਂ ਇਸ ਸੰਸਥਾ ਦੇ ਮੈਂਬਰਾਂ ਨੇ ਰਸ਼ਪਾਲ ਸਿੰਘ ਢੀਂਡਸਾ, ਵਰਿੰਦਰ ਕੌਰ ਸੰਘਾ, ਗੁਰਪਾਲ ਸਿਮਘ ਢੀਂਡਸਾ, ਰਣਜੀਤ ਸਿੰਘ, ਬਿੰਦਰ ਸਿੰਘ ਢਿੱਲੋਂ, ਬਲਵਿੰਦਰ ਸਿੰਘ ਬੜੈਚ ਅਤੇ ਹੋਰਨਾਂ ਦੀ ਅਗਵਾਈ ਵਿਚ ਇਸ ਸਬੰਧ ਵਿਚ ਵਡੇਰੇ ਕਦਮ ਪੁੱਟੇ। ਇਸ ਸੰਸਥਾ ਵਲੋਂ ਦੋ ਦਹਾਕਿਆਂ ਵਿਚ 250 ਤੋਂ ਵੱਧ ਅੱਖਾਂ ਦੇ ਕੈਂਪ ਪਿਛਲੇ ਪੰਜਾਂ ਸਾਲਾਂ ਵਿਚ ਅਤੇ 600 ਤੋਂ ਵੱਧ ਕੈਂਪ ਪਿਛਲੇ 19 ਸਾਲਾਂ ਵਿਚ ਲਗਾ ਚੁੱਕੀ ਹੈ, ਜਿਸ ਤੋਂ 3 ਲੱਖ ਤੋਂ ਵਧ ਲੋਕਾਂ ਨੇ ਫਾਇਦਾ ਲਿਆ ਹੈ। ਅੱਖਾਂ ਦੇ ਸਰਜਰੀ ਕਰਕੇ ਲੈੱਨਜ਼ ਹੀ ਨਹੀਂ ਪਾਏ ਗਏ, ਸਗੋਂ ਉਨ੍ਹਾਂ ਨੂੰ ਮੁਫਤ ਦਵਾਈਆਂ, ਐਨਕਾਂ ਵੀ ਮੁਫ਼ਤ ਦਿੱਤੀਆਂ ਗਈਆਂ।

ਕੈਲੀਫੋਰਨੀਆ ਦੀ ਯੂਨਾਈਟਿਡ ਸਿੱਖ ਮਿਸ਼ਨ ਇੱਕ ਗੈਰ-ਸਰਕਾਰੀ ਅੰਤਰਰਾਸ਼ਟਰੀ ਸੰਸਥਾ ਹੈ, ਜੋ ਸਿਹਤ, ਸਿੱਖਿਆ, ਵਾਤਾਵਰਨ ਅਤੇ ਮਨੁੱਖੀ ਵਿਕਾਸ ਲਈ ਵਚਨਬੱਧਤਾ ਦੇ ਨਾਲ ਕੰਮ ਕਰਦੀ ਹੈ। ਇਹ ਸੰਸਥਾ ਅਮਰੀਕਾ ਵਿਚ ਵੱਖੋ-ਵੱਖਰੇ ਦੇਸ਼ਾਂ 'ਚ ਕੰਮ ਕਰਨ ਲਈ ਚੈਰੀਟੇਬਲ ਸੁਸਾਇਟੀ ਵਲੋਂ ਰਜਿਸਟਰਡ ਹੈ। ਇਸ ਸੰਸਥਾ ਦਾ ਮੁੱਖ ਉਦੇਸ਼ ਜਿਥੇ ਸਿਹਤ ਸੰਭਾਲ ਖ਼ਾਸ ਕਰਕੇ ਅੱਖਾਂ ਦੀ ਸੰਭਾਲ ਮੁੱਖ ਤੌਰ 'ਤੇ ਹੈ, ਉਥੇ ਸੰਸਥਾਂ ਵਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।

ਸਾਲ 2021 ਵਿਚ ਰਛਪਾਲ ਸਿੰਘ ਢੀਂਡਸਾ ਦੀ ਅਗਵਾਈ ਵਿਚ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਗੁਰਦੁਆਰਿਆਂ ਵਿਚ 1.2 ਮੈਗਾਵਾਟ ਦੇ ਸੋਲਰ ਸਿਸਟਮ ਲਗਾਏ ਗਏ, ਜਿਸ ਨਾਲ ਸਾਫ਼-ਸੁਥਰਾ ਵਾਤਾਵਰਨ ਬਣਾਉਣ ਵਿਚ ਤਾਂ ਫ਼ਾਇਦਾ ਹੋਇਆ ਹੀ ਪਰ ਨਾਲ ਦੀ ਨਾਲ ਬਿਜਲੀ ਖਪਤ ਅਤੇ ਖ਼ਰਚ ਵੀ ਘਟਿਆ।

ਇਸ ਸੰਸਥਾ ਦੇ ਕੰਮਾਂ ਅਤੇ ਭਵਿੱਖ ਯੋਜਨਾ ਬਾਰੇ ਜਦੋਂ ਪ੍ਰਧਾਨ ਰਛਪਾਲ ਸਿੰਘ ਢੀਂਡਸਾ ਦੇ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੀ ਯੋਜਨਾ ਪੰਜਾਬ ਦੇ ਹਰ ਪਿੰਡਾਂ ਵਿਚ ਅੱਖਾਂ ਦੇ ਮਿਸ਼ਨ ਨੂੰ ਲੈ ਕੇ ਪਹੁੰਚਣ ਦੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅਮਰੀਕਾ ਵਸਦੇ ਪ੍ਰਵਾਸੀ ਵੀਰਾਂ ਵਲੋਂ ਉਨ੍ਹਾਂ ਦੀ ਸੰਸਥਾ ਨੂੰ ਇਸ ਕਾਰਜ ਵਿਚ ਵਿਸ਼ੇਸ਼ ਸਹਿਯੋਗ ਮਿਲਦਾ ਹੈ ਕਿਉਂਕਿ ਲੋਕ ਆਪਣੇ-ਆਪਣੇ ਪਿੰਡਾਂ ਵਿਚ ਅੱਖਾਂ ਦੇ ਕੈਂਪ ਲਗਵਾ ਕੇ ਉਨ੍ਹਾਂ ਨੂੰ ਮੁਫ਼ਤ ਸਹੂਲਤਾਂ ਦੇਣ ਲਈ ਯੋਗਦਾਨ ਪਾਉਂਦੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਮਿਸ਼ਨ ਪੰਜਾਬ ਦੇ ਹਰ ਪਿੰਡ ਵਿਚ ਪਹੁੰਚਣ ਦਾ ਹੈ ਅਤੇ ਸਾਲ ਦਰ ਸਾਲ ਉਨ੍ਹਾਂ ਦੀ ਸੰਸਥਾ ਅੱਖਾਂ ਦੇ ਕੈਂਪ ਲਗਾਉਣ 'ਚ ਵਾਧਾ ਕਰਕੇ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਹੈ। ਰਛਪਾਲ ਸਿੰਘ ਢੀਂਡਸਾ ਅਤੇ ਉਨ੍ਹਾਂ ਦੀ ਟੀਮ ਦਾ ਸੁਪਨਾ ਪੰਜਾਬ ਵਿਚ ਇੱਕ ਵੱਡਾ ਸੁਪਰਸਪੈਸ਼ਲਿਟੀ ਹਸਪਤਾਲ ਬਣਾਉਣ ਦਾ ਹੈ, ਜਿਥੇ ਮਾਡਰਨ ਸੁਵਿਧਾਵਾਂ ਤਾਂ ਪ੍ਰਦਾਨ ਕੀਤੀਆਂ ਹੀ ਜਾਣਗੀਆਂ, ਸਗੋਂ ਮਾਹਰ ਡਾਕਟਰ ਦੀ ਸੇਵਾ ਵੀ ਲਈ ਜਾਵੇਗੀ।

# ਬੰਦ ਬੰਦ ਕਟਵਾਉਣ ਵਾਲੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ



ਜਸਵਿੰਦਰ ਸਿੰਘ ਰੁਪਾਲ
ਪੰਜਾਬ ਮੇਲ USA



ਹਰ ਰੋਜ਼ ਅਰਦਾਸ ਵਿਚ ਜਿਨ੍ਹਾਂ ਦੀ ਕਮਾਈ ਦਾ ਧਿਆਨ ਧਰਕੇ ਵਾਹਿਗੁਰੂ ਬੋਲਿਆ ਜਾਂਦਾ ਹੈ, ਕਿੰਨੀ ਮਹਾਨ ਹੋਵੇਗੀ ਉਹ ਕੁਰਬਾਨੀ ਜਿਸ ਬਾਰੇ ਇਕ ਗੁਰਸਿੱਖ ਨੂੰ ਨਿੱਤ ਯਾਦ ਕਰਨ ਦੀ ਤਾਕੀਦ ਹੈ। ਵਾਹਿਗੁਰੂ ਜੀ ਦੇ ਜਨਮ-ਮਰਨ ਦੇ ਅਟੱਲ ਹੁਕਮ ਸਦਕਾ ਜੋ ਵੀ ਜੰਮਿਆ ਹੈ, ਉਸ ਨੇ ਮਰ ਤਾਂ ਜਾਣਾ ਹੀ ਹੈ ਪਰ ਮਰਣਾ ਪ੍ਰਵਾਨ ਉਨ੍ਹਾਂ ਦਾ ਹੀ ਹੈ, ਜਿਨ੍ਹਾਂ ਨੇ ਕਿਸੇ ਖਾਸ ਉੱਚ ਉਦੇਸ਼ ਦੀ ਪ੍ਰਾਪਤੀ ਲਈ ਆਪਣੀ ਜ਼ਿੰਦਗੀ ਵਾਰ ਦਿੱਤੀ। ਉਨ੍ਹਾਂ ਦੇ ਪਾਏ ਪੂਰਨੇ ਸਦੀਆਂ ਤੱਕ ਆਉਣ ਵਾਲੀਆਂ ਪੀੜ੍ਹੀਆਂ ਦੇ ਪ੍ਰੇਰਨਾ ਸਰੋਤ ਬਣੇ ਰਹਿਣਗੇ। ਅੱਜ ਅਜਿਹੇ ਹੀ ਸ਼ਹੀਦ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੂੰ ਕੁਝ ਸ਼ਬਦਾਂ ਰਾਹੀਂ ਉਨ੍ਹਾਂ ਦੇ ਕਮਾਈ ਵਾਲੇ ਜੀਵਨ ਨੂੰ ਬਿਆਨਣ ਦੀ ਕੋਸ਼ਿਸ਼ ਰਾਹੀਂ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

ਮੁਲਤਾਨ ਦੇ ਨੇੜੇ ਪਿੰਡ ਅਲੀਪੁਰ ਵਿਖੇ 10 ਜੁਲਾਈ, 1644 ਈਸਵੀ ਨੂੰ ਪਿਤਾ ਰਾਓ ਮਾਈ ਦਾਸ ਅਤੇ ਮਾਤਾ ਮਦਰੀ ਬਾਈ ਦੀ ਕੁੱਖੋਂ ਮਨੀ ਰਾਮ ਦਾ ਜਨਮ ਹੋਇਆ। ਉਸ ਦੇ ਦਾਦਾ ਜੀ ਬਲੂ ਰਾਏ ਛੇਵੇਂ ਗੁਰੂ, ਗੁਰੂ ਹਰਗੋਬਿੰਦ ਸਿੰਘ ਜੀ ਦੀ ਫੌਜ ਦੇ ਜਰਨੈਲ ਸਨ ਅਤੇ ਜੰਗ ਵਿਚ ਹੀ ਸ਼ਹੀਦ ਹੋਏ ਸਨ। ਮਨੀ ਰਾਮ, ਜਿਸ ਨੂੰ ਬਚਪਨ ਵਿਚ ਮਨੀਆ ਕਰ ਕੇ ਵੀ ਬੁਲਾਇਆ ਜਾਂਦਾ ਸੀ, ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਸਾਥੀ ਹੋਣ ਦਾ ਮਾਣ ਪ੍ਰਾਪਤ ਹੈ। 15 ਸਾਲ ਦੀ ਉਮਰ ਵਿਚ ਭਾਈ ਲੱਖੀ ਸ਼ਾਹ, (ਜਿਸ ਨੇ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸੰਸਕਾਰ ਕੀਤਾ ਸੀ), ਦੀ ਪੁੱਤਰੀ ਸੀਤੋ ਨਾਲ ਆਪ ਜੀ ਦਾ ਵਿਆਹ ਹੋਇਆ। 1657 ਵਿਚ ਆਪਣੇ ਪਿਤਾ ਜੀ ਨਾਲ ਮਨੀ ਰਾਮ ਗੁਰੂ ਹਰਿ ਰਾਇ ਜੀ ਨੂੰ ਕੀਰਤਪੁਰ ਸਾਹਿਬ ਮਿਲੇ ਸਨ। ਉਪਰੰਤ ਗੁਰੂ ਹਰਿ ਕ੍ਰਿਸ਼ਨ ਜੀ ਨਾਲ ਦਿੱਲੀ ਚਲੇ ਗਏ ਸਨ। 1614 ਈਸਵੀ ਨੂੰ ਉਹ ਗੁਰੂ ਤੇਗ ਬਹਾਦਰ ਜੀ ਨਾਲ ਬਾਬਾ ਬਕਾਲੇ ਆ ਗਏ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ (1675 ਈਸਵੀ), ਉਹ ਗੁਰੂ ਗੋਬਿੰਦ ਸਿੰਘ ਜੀ ਕੋਲ ਅਨੰਦਪੁਰ ਸਾਹਿਬ ਵਿਖੇ ਸਨ। 1699 ਈਸਵੀ ਨੂੰ ਖਾਲਸਾ ਸਾਜਨਾ ਦਿਵਸ 'ਤੇ ਹੀ ਉਨ੍ਹਾਂ ਨੇ ਖੰਡੇ ਦੀ ਪਾਹੁਲ ਲਈ ਅਤੇ ਮਨੀ ਰਾਮ ਤੋਂ ਮਨੀ ਸਿੰਘ ਬਣ ਗਏ।

ਭਾਈ ਮਨੀ ਸਿੰਘ ਜੀ ਗੁਰੂ ਜੀ ਦੇ ਦਰਬਾਰ ਵਿਚ ਗੁਰਮਤਿ ਸਿਧਾਂਤਾਂ ਨੂੰ ਸਿੱਖਦੇ ਹੋਏ ਤਨੋਂ, ਮਨੋਂ ਸੇਵਾ ਕਰਦੇ ਹੁੰਦੇ ਸਨ। ਲੰਗਰ ਬਗੈਰਾ ਦੀ ਸੇਵਾ ਤੋਂ ਬਿਨਾਂ ਭਾਈ ਸਾਹਿਬ ਗੁਰਬਾਣੀ ਦੇ ਬਹੁਤ ਵਧੀਆ ਵਿਆਖਿਆਕਾਰ ਵੀ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੋਥੀਆਂ ਲਿਖਣ ਦੀ ਸੇਵਾ ਵੀ ਨਿਭਾਈ ਹੈ। ਉਹ ਇਕ ਸਫ਼ਲ ਪ੍ਰਬੰਧਕ ਅਤੇ ਕਥਾ ਵਾਚਕ ਵੀ ਸਨ।

1691 ਈਸਵੀ ਦੀ ਵਿਸਾਖੀ ਦੇ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜੀ ਦੀ ਲਗਾਈ ਸੀ ਅਤੇ ਵਧੀਆ ਪ੍ਰਬੰਧਕ ਹੋਣ ਕਾਰਨ ਆਪ ਨੂੰ ਦੀਵਾਨ ਖਿਤਾਬ ਨਾਲ ਵੀ ਨਿਵਾਜਿਆ ਸੀ। ਆਪ ਜੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵੀ ਰਹੇ ਅਤੇ ਅਕਾਲ ਤਖਤ ਦੇ ਜੱਥੇਦਾਰ ਵੀ। ਭਾਈ ਗੁਰਦਾਸ ਜੀ ਤੋਂ ਬਾਅਦ ਬਣੇ ਜਥੇਦਾਰ ਵਜੋਂ ਆਪ ਅਕਾਲ ਤਖਤ ਦੇ ਦੂਜੇ ਸੇਵਾਦਾਰ ਸਨ। ਆਪ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਜੰਗਾਂ ਵਿਚ ਵੀ ਦਿੱਤਾ। 1688 ਈਸਵੀ ਵਿਚ ਭੰਗਾਣੀ ਦੇ ਯੁੱਧ ਵਿਚ ਵੀ ਆਪ ਲੜੇ ਸਨ, ਜਿੱਥੇ ਆਪ ਜੀ ਦਾ ਭਰਾ ਹਰੀ ਚੰਦ ਸ਼ਹੀਦ ਹੋਇਆ ਸੀ। ਇਸੇ ਤਰ੍ਹਾਂ ਨਦੌਣ ਦੀ ਜੰਗ ਵਿਚ ਵੀ 1690 ਈਸਵੀ ਵਿਚ ਹਿੱਸਾ ਲਿਆ ਸੀ।

ਆਪ ਜੀ ਕਿਉਂਕਿ ਗੁਰਬਾਣੀ ਦੀ ਵਿਆਖਿਆ ਕਰਦੇ ਸਨ। ਇਸ ਲਈ ਆਪ ਜੀ ਦੇ ਨਾਮ ਨਾਲ ਜੁੜੀਆਂ ਕੁਝ ਪੁਸਤਕਾਂ ਵੀ ਮਿਲਦੀਆਂ ਹਨ।

* ਗਿਆਨ ਰਤਨਾਵਲੀ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਸਾਖੀਆਂ ਹਨ। ਇਹ ਪੁਸਤਕ ਗਿਆਨੀ ਸੂਰਤ ਸਿੰਘ ਦੀ ਲਿਖੀ ਹੋਈ ਹੈ, ਜਿਸ ਵਿਚ ਉਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਭਾਈ ਮਨੀ ਸਿੰਘ ਜੀ ਦੁਆਰਾ ਸੁਣਾਈਆਂ ਗਈਆਂ ਸਾਖੀਆਂ 'ਤੇ ਆਧਾਰਿਤ ਹੀ ਲਿਖੀ ਹੈ।

* ਭਗਤ ਰਤਨਾਵਲੀ ਜਿਸ ਨੂੰ ਸਿੱਖਾਂ ਦੀ ਭਗਤ ਮਾਲਾ ਵੀ ਕਿਹਾ ਜਾਂਦਾ ਹੈ। ਇਹ ਵੀ ਗਿਆਨੀ ਸੂਰਤ ਸਿੰਘ ਜੀ ਨੇ ਭਾਈ ਸਾਹਿਬ ਵਲੋਂ ਸੁਣਾਈਆਂ ਸਾਖੀਆਂ ਆਦਿ ਦੇ ਆਧਾਰ 'ਤੇ ਲਿਖੀ ਗਈ ਹੈ।

* ਇਸੇ ਤਰ੍ਹਾਂ ਗੁਰਬਿਲਾਸ ਪਾਤਸ਼ਾਹੀ 6 ਵੀ ਆਪ ਜੀ ਦੇ ਨਾਮ ਨਾਲ ਜੋੜੀ ਜਾਂਦੀ ਹੈ। ਅਸਲ ਵਿਚ ਲਿਖੀ ਇਹ ਵੀ ਨਹੀਂ ਆਪ ਜੀ ਨੇ।

**ਭਾਈ ਸਾਹਿਬ ਦੀ ਸ਼ਹਾਦਤ** :- ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸਿੱਖਾਂ ਨੂੰ ਜੱਥੇਬੰਦਕ ਸੇਧ ਅਤੇ ਅਗਵਾਈ ਦਿੱਤੀ। ਬੰਦਾ ਸਿੰਘ ਬਹਾਦਰ ਤੋਂ ਬਾਅਦ ਵੱਖ-ਵੱਖ ਸਿੱਖ ਦਲਾਂ ਨੂੰ ਇੱਕਠਿਆਂ ਕਰਨ ਦਾ ਕੰਮ ਵੀ ਆਪ ਜੀ ਨੇ ਕੀਤਾ। ਤੱਤ ਖਾਲਸਾ ਅਤੇ ਬੰਦਈ ਖਾਲਸਾ ਵਿਚ ਪੈਦਾ ਹੋਇਆ ਤਕਰਾਰ ਵੀ ਆਪ ਨੇ ਪੂਰੀ ਸਿਆਣਪ ਨਾਲ ਸੁਲਝਾਇਆ।

ਹਰਿਮੰਦਰ ਸਾਹਿਬ ਵਿਖੇ ਗੁਰਪੁਰਬ ਮਨਾਉਣ 'ਤੇ ਪਾਬੰਦੀ ਲੱਗੀ ਹੋਈ ਸੀ। ਭਾਈ ਸਾਹਿਬ ਇਸ ਬੰਦੀ ਨੂੰ ਹਟਾਉਣ ਦੀ ਲਗਾਤਾਰ ਕੋਸ਼ਿਸ਼ ਕਰ ਰਹੇ ਸਨ। ਹਾਕਮ ਜ਼ਕਰੀਆ ਖਾਨ ਵਲੋਂ 5000 ਰੁਪਏ ਦੇਣ ਦੀ ਸ਼ਰਤ 'ਤੇ ਗੁਰਪੁਰਬ ਮਨਾਉਣ ਦੀ ਆਗਿਆ ਦੇਣ ਦੀ ਗੱਲ ਹੋਈ, ਜੋ ਭਾਈ ਸਾਹਿਬ ਜੀ ਨੇ ਪ੍ਰਵਾਨ ਕਰ ਲਈ। ਦੀਵਾਲੀ 'ਤੇ ਅੰਮ੍ਰਿਤਸਰ ਆਉਣ ਦੇ ਸੰਦੇਸ਼ ਭੇਜੇ ਗਏ। ਪਰ ਹਾਕਮ ਦਾ ਇਰਾਦਾ ਸੀ ਕਿ ਜਦੋਂ ਪੂਰਨ ਇੱਕਠ ਹੋਇਆ, ਤਾਂ ਸਿੱਖਾਂ ਨੂੰ ਕਤਲ ਕਰ ਦਿੱਤਾ ਜਾਵੇ। ਭਾਈ ਮਨੀ ਸਿੰਘ ਜੀ ਨੂੰ ਇਹ ਭਿਣਕ ਪੈਂਦਿਆਂ ਹੀ ਉਨ੍ਹਾਂ ਸਭ ਸਿੱਖਾਂ ਨੂੰ ਦੁਬਾਰਾ ਸੁਨੇਹੇ ਭੇਜੇ ਕਿ ਉਹ ਨਾ ਆਉਣ। ਦੀਵਾਲੀ 'ਤੇ ਸੰਗਤ ਘੱਟ ਇੱਕਠੀ ਹੋਈ। ਕੁਦਰਤੀ 5000 ਰੁਪਏ ਦਾ ਪ੍ਰਬੰਧ ਨਾ ਹੋ ਸਕਿਆ। ਭਾਈ ਸਾਹਿਬ ਨੇ ਰਕਮ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਰਕਮ ਕਿਸ ਗੱਲ ਦੀ, ਜਦ ਇੱਕਠ ਹੀ ਨਹੀਂ ਹੋਇਆ। ਸੂਬਾ ਲਾਹੌਰ ਲੱਖਪਤ ਰਾਇ ਨੇ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ ਅਤੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਨੂੰ ਇਸਲਾਮ ਵਿਚ ਆਉਣ ਲਈ ਕਾਫੀ ਲਾਲਚ ਦਿੱਤੇ ਗਏ, ਜੋ ਉਨ੍ਹਾਂ ਠੁਕਰਾ ਦਿੱਤੇ। 24-06-1734 ਈਸਵੀ ਨੂੰ ਨਖ਼ਾਸ ਚੌਕ ਲਾਹੌਰ ਵਿਖੇ ਆਪ ਜੀ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਸੁਬੇਗ ਸਿੰਘ ਜੀ ਨੇ ਮਸਤੀ ਦਰਵਾਜ਼ਿਓਂ ਸ਼ਾਹੀ ਕਿਲ੍ਹੇ ਦੇ ਨੇੜੇ ਆਪ ਜੀ ਦਾ ਸੰਸਕਾਰ ਕੀਤਾ। ਆਪ ਜੀ ਦੀ ਯਾਦ ਵਿਚ ਗੁਰਦੁਆਰਾ ਸ਼ਹੀਦ ਗੰਜ ਦੂਜਾ ਲਾਹੌਰ ਵਿਚ ਸੁਸ਼ੋਭਿਤ ਹੈ।

**ਸ਼ਹੀਦਾਂ ਦਾ ਪਰਿਵਾਰ** :- ਆਪ ਜੀ ਦੇ ਪਰਿਵਾਰ ਨੂੰ ਜੇ ਸ਼ਹੀਦਾਂ ਦਾ ਪਰਿਵਾਰ ਕਿਹਾ ਜਾਵੇ, ਤਾਂ ਕੋਈ ਅਤਿ ਕਥਨੀ ਨਹੀਂ ਹੋਏਗੀ। ਆਪ ਜੀ ਕੁੱਲ 12 ਭਰਾ ਸਨ, ਜਿਨ੍ਹਾਂ ਵਿਚੋਂ ਆਪ ਸਮੇਤ 11 ਭਰਾ ਸਿੱਖੀ ਲਈ ਸ਼ਹਾਦਤ ਦਾ ਜਾਮ ਪੀਣ ਵਾਲਿਆਂ ਵਿਚੋਂ ਹਨ। ਬਾਰਵਾਂ ਭਰਾ ਭਾਈ ਅਮਰ ਚੰਦ ਜੀ ਬਚਪਨ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ। ਆਪ ਦੇ ਸ਼ਹੀਦ ਹੋਏ 11 ਭਰਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ:-

1. ਭਾਈ ਦਿਆਲਾ ਜੀ, ਦਿੱਲੀ ਵਿਖੇ 1675 ਈਸਵੀ
2. ਭਾਈ ਹਰੀ ਚੰਦ ਜੀ, ਭੰਗਾਣੀ ਦੇ ਯੁੱਧ ਵਿਚ 1688 ਈਸਵੀ
3. ਭਾਈ ਸੋਹਣ ਚੰਦ ਜੀ, ਨਾਦੌਣ ਦੇ ਯੁੱਧ ਵਿਚ 1691 ਈਸਵੀ
4. ਭਾਈ ਲਹਿਣਾ ਜੀ, ਗੁਲੇਰ ਯੁੱਧ 1696 ਈਸਵੀ
5. ਭਾਈ ਦਾਨ ਸਿੰਘ ਜੀ, ਚਮਕੌਰ ਦੀ ਜੰਗ ਵਿਚ 1704 ਈਸਵੀ
6. ਭਾਈ ਰਾਇ ਸਿੰਘ ਜੀ, ਖਿਦਰਾਣੇ ਦੀ ਢਾਬ 'ਤੇ 1705 ਈਸਵੀ
7. ਭਾਈ ਮਾਨ ਸਿੰਘ ਜੀ, ਚਿਤੌੜਗੜ੍ਹ ਵਿਖੇ 1708 ਈਸਵੀ
8. ਭਾਈ ਜੇਠਾ ਸਿੰਘ ਜੀ, ਆਲੋਵਾਲ ਵਿਖੇ 1711 ਈਸਵੀ
9. ਭਾਈ ਰੂਪ ਸਿੰਘ ਜੀ, ਆਲੋਵਾਲ ਵਿਖੇ 1711 ਈਸਵੀ
10. ਭਾਈ ਮਨੀ ਸਿੰਘ ਜੀ, ਲਾਹੌਰ ਵਿਖੇ 1734 ਈਸਵੀ
11. ਭਾਈ ਜਗਤ ਸਿੰਘ ਜੀ, ਲਾਹੌਰ ਵਿਖੇ 1734 ਈਸਵੀ

**ਆਪ ਜੀ ਦੇ ਕੁੱਲ 10 ਪੁੱਤਰ ਸਨ, ਜਿਨ੍ਹਾਂ ਵਿਚੋਂ 8 ਪੁੱਤਰ ਕੌਮ ਦੇ ਲੇਖੇ ਲੱਗੇ। ਇਹ 8 ਹੇਠ ਲਿਖੇ ਹਨ:-**

1. ਭਾਈ ਭਗਵਾਨ ਸਿੰਘ ਜੀ, ਸਟਰਗੜ੍ਹ 1700 ਈਸਵੀ
2. ਭਾਈ ਉਦੈ ਸਿੰਘ ਜੀ, ਸ਼ਾਹੀ ਟਿੱਬੀ 1704 ਈਸਵੀ
3. ਭਾਈ ਬਚਿੱਤਰ ਸਿੰਘ ਜੀ, ਕੋਟਲਾ ਨਿਹੰਗ ਖਾਂ, 1704 ਈਸਵੀ
4. ਭਾਈ ਅਨਿਕ ਸਿੰਘ ਜੀ, ਚਮਕੌਰ ਦੀ ਜੰਗ 1704 ਈਸਵੀ
5. ਭਾਈ ਅਜਬ ਸਿੰਘ ਜੀ, ਚਮਕੌਰ ਦੀ ਜੰਗ 1704 ਈਸਵੀ
6. ਭਾਈ ਅਜਾਇਬ ਸਿੰਘ ਜੀ ਚਮਕੌਰ ਦੀ ਜੰਗ 1704 ਈਸਵੀ
7. ਭਾਈ ਚਿਤਰ ਸਿੰਘ ਜੀ ਲਾਹੌਰ ਵਿਖੇ 1734 ਈਸਵੀ (ਭਾਈ ਮਨੀ ਸਿੰਘ ਜੀ ਦੇ ਨਾਲ ਹੀ)
8. ਭਾਈ ਗੁਰਬਖਸ਼ ਸਿੰਘ ਲਾਹੌਰ ਵਿਖੇ 1734 ਈਸਵੀ (ਭਾਈ ਮਨੀ ਸਿੰਘ ਜੀ ਦੇ ਨਾਲ ਹੀ)

ਬਾਕੀ ਬਚੇ ਦੋ ਪੁੱਤਰ ਭਾਈ ਬਲਰਾਮ ਸਿੰਘ ਜੀ ਅਤੇ ਭਾਈ ਦੇਸਾ ਸਿੰਘ ਜੀ ਨੇ ਵੀ ਖਾਲਸਾ ਪੰਥ ਦੀ ਬਹੁਤ ਸੇਵਾ ਕੀਤੀ ਹੈ। ਭਾਈ ਦੇਸਾ ਸਿੰਘ ਜੀ ਓਹੀ ਹਨ, ਜਿਨ੍ਹਾਂ ਰਹਿਤਨਾਮੇ ਲਿਖੇ ਹਨ।

ਸ਼ਹੀਦਾਂ ਦੇ ਇਸ ਪਰਿਵਾਰ ਦੀ ਇਸ ਅਨੂਠੀ ਸ਼ਹਾਦਤ ਅੱਗੇ ਸੀਸ ਝੁਕਾਉਂਦੇ ਹਾਂ।

## 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325




- ਉਹ ਕਾਹਦਾ ਮਗਰਮੱਛ ਹੈ, ਜੋ ਛੱਪੜ ਦੀਆਂ ਮੱਛੀਆਂ ਨੂੰ ਕਹੇ ਮੈਨੂੰ ਦਰਿਆ ਤੱਕ ਛੱਡ ਆਉ।
- ਖ਼ੁਸ਼ੀ ਅਸਥਾਈ ਤੌਰ 'ਤੇ ਸਬਰ ਦੇਂਦੀ ਹੈ ਪਰ ਸਬਰ ਸਥਾਈ ਖੁਸ਼ੀਆਂ ਦੇਣ ਦੇ ਸਮਰੱਥ ਹੁੰਦਾ ਹੈ।
- ਅੱਜਕੱਲ੍ਹ ਦੇ ਜਿਹੜੇ ਬਾਬੇ ਲੋਕਾਂ ਨੂੰ ਸਵਰਗ ਦਾ ਰਾਹ ਦੱਸਣ ਵਾਸਤੇ ਸਮਾਗਮ ਕਰਦੇ ਹਨ, ਉਹ ਖੁਦ ਉਸ ਸਮਾਗਮ ਵਾਲੀ ਜਗ੍ਹਾ ਦਾ ਪਤਾ ਨੈਵੀਗੇਟਰ ਵਿਚ ਪਾ ਕੇ ਪਹੁੰਚਦੇ ਹਨ।
- ਕਫਨ, ਜਨਾਜ਼ੇ ਅਤੇ ਸ਼ਮਸ਼ਾਨ ਤਾਂ ਸਿਰਫ ਫਾਰਮੈਲਿਟੀਆਂ ਹਨ, ਬੰਦਾ ਮਰ ਤਾਂ ਉਦੋਂ ਹੀ ਜਾਂਦਾ ਹੈ, ਜਦੋਂ ਇਨਸਾਨੀਅਤ ਛੱਡ ਦੇਵੇ, (ਗਿਆਨੀ ਸੰਤ ਸਿੰਘ ਜੀ ਮਸਕੀਨ)।
- ਰੁੱਖਾਂ ਦੇ ਜਦੋਂ ਪੱਤੇ ਝੜਦੇ ਹਨ, ਤਾਂ ਉਹ ਪਹਿਲਾਂ ਰੰਗ ਵਟਾਉਂਦੇ ਹਨ ਤੇ ਫਿਰ ਝੜਦੇ ਹਨ। ਆਪਣੇ ਜਦੋਂ ਤੁਹਾਨੂੰ ਛੱਡਦੇ ਹਨ, ਤਾਂ ਪਹਿਲਾਂ ਰੰਗ ਵਿਖਾਉਂਦੇ ਹਨ।
- ਇੱਕ ਤੇਲਗੂ ਮੁਹਾਵਰਾ ਹੈ ਕਿ ਰਾਹ ਜਾਂਦੇ ਜੇ ਕੁੱਤਾ ਪੈ ਜਾਵੇ, ਤਾਂ ਰੋੜਾ (ਵੱਟਾ) ਨਹੀਂ ਲੱਭਦਾ। ਜਿਸ ਦਿਨ ਵੱਟਾ ਨਾਲ ਲੈ ਜਾਉ, ਕੁੱਤਾ ਨਹੀਂ ਮਿਲਦਾ।
- ਯਾਦ ਰੱਖੋ, ਭੀੜ ਕੋਲ ਅਕਲ ਨਹੀਂ ਹੁੰਦੀ, ਭੀੜ ਕੋਲ ਸਿਰਫ ਤਾੜੀਆਂ ਜਾਂ ਵੱਟੇ ਹੁੰਦੇ ਹਨ।

ਪੰਜਾਬ ਮੇਲ USA

# ਪਾਣੀਆਂ ’ਤੇ ਵਹਿੰਦੀ ਪਨਾਹ


ਡਾ. ਦੇਵਿੰਦਰ ਪਾਲ ਸਿੰਘ
ਟੋਰਾਂਟੋ, ਕੈਨੇਡਾ
ਈਮੇਲ: drdpsn@gmail.com
ਪੰਜਾਬ ਮੇਲ USA









(ਰਿਵਿਊ ਕਰਤਾ- ਡਾ. ਦੇਵਿੰਦਰ ਪਾਲ ਸਿੰਘ ਅਤੇ ਅਨੁਵਾਦ ਕਰਤਾ- ਰਾਬਿੰਦਰ ਸਿੰਘ ਬਾਠ)

**ਰਿਵਿਊ ਕਰਤਾ: ਡਾ. ਦੇਵਿੰਦਰ ਪਾਲ ਸਿੰਘ**
**ਪੁਸਤਕ ਦਾ ਨਾਮ : ਪਾਣੀਆਂ ’ਤੇ ਵਹਿੰਦੀ ਪਨਾਹ**
**ਲੇਖਿਕਾ : ਜ਼ਾਹਿਦਾ ਹਿਨਾ**
**ਸੰਪਾਦਨ ਅਤੇ ਪੰਜਾਬੀ ਅਨੁਵਾਦ : ਸ. ਰਾਬਿੰਦਰ ਸਿੰਘ ਬਾਠ**
**ਪ੍ਰਕਾਸ਼ਕ : ਯੂਨੀਸਟਾਰ ਬੁੱਕਸ ਪ੍ਰਾਈਵੇਟ ਲਿਮਟਿਡ, ਮੁਹਾਲੀ- ਚੰਡੀਗੜ੍ਹ, ਇੰਡੀਆ।**
**ਪ੍ਰਕਾਸ਼ ਸਾਲ : 2024, ਕੀਮਤ: 295 ਰੁਪਏ ; ਪੰਨੇ: 108**
**ਰਿਵਿਊ ਕਰਤਾ : ਡਾ. ਦੇਵਿੰਦਰ ਪਾਲ ਸਿੰਘ, ਡਾਇਰੈਕਟਰ, ਸੈਂਟਰ ਫਾਰ ਅੰਡਰਸਟੈਂਡਿੰਗ ਸਿੱਖਇਜ਼ਮ, ਮਿਸੀਸਾਗਾ, ਓਨਟਾਰੀਓ, ਕੈਨੇਡਾ।**

“ਪਾਣੀਆਂ ’ਤੇ ਵਹਿੰਦੀ ਪਨਾਹ” ਕਹਾਣੀ ਸੰਗ੍ਰਹਿ ਦੀ ਲੇਖਿਕਾ ਜ਼ਾਹਿਦਾ ਹਿਨਾ, ਭਾਰਤੀ ਸੂਬੇ ਬਿਹਾਰ ਦੇ ਨਗਰ ਸਸਰਾਮ ਵਿਖੇ ਜਨਮੀ ਪਰ ਹੁਣ ਕਰਾਚੀ, ਪਾਕਿਸਤਾਨ ਦੀ ਵਸਨੀਕ ਹੈ। ਉਹ, ਜਿਥੇ ਪਿਛਲੇ ਲਗਭਗ ਪੰਜ ਦਹਾਕਿਆਂ ਤੋਂ ਉਰਦੂ ਪੱਤਰਕਾਰੀ ਦੇ ਖੇਤਰ ’ਚ ਵਿਲੱਖਣ ਕਾਲਮਨਵੀਸ ਹੈ, ਉੱਥੇ ਉਹ ਉਰਦੂ ਸਾਹਿਤ ਰਚਨਾ ਕਾਰਜਾਂ ਨੂੰ ਸਮਰਪਿਤ ਨਾਮਵਰ ਸ਼ਖ਼ਸੀਅਤ ਵਜੋਂ ਵੀ ਉਨ੍ਹਾਂ ਹੀ ਮਕਬੂਲ ਹੈ। ਸੰਨ 2001 ਵਿਚ ਉਸ ਦੇ ਵਿਲੱਖਣ ਸਾਹਿਤਕ ਕਾਰਜਾਂ ਕਾਰਣ, ਉਸ ਨੂੰ ਭਾਰਤ ਦੇ ਰਾਸ਼ਟਰਪਤੀ ਦੁਆਰਾ ਸਾਰਕ ਲਿਟਰੇਰੀ ਅਵਾਰਡ ਨਾਲ ਸਨਮਾਨਿਤ ਵੀ ਕੀਤਾ ਗਿਆ ਹੈ। ਹੁਣ ਤੱਕ, ਪੱਤਰਕਾਰੀ ਸੰਬੰਧਤ ਉਸ ਦੇ 2000 ਤੋਂ ਵੀ ਵਧੇਰੇ ਲੇਖ, ਲਗਭਗ ਦਰਜਨ ਦੇ ਕਰੀਬ ਕਹਾਣੀ ਸੰਗ੍ਰਹਿ ਅਤੇ ਨਾਵਲ ਛੱਪ ਚੁੱਕੇ ਹਨ। ਉਸ ਦੀਆਂ ਅਨੇਕ ਰਚਨਾਵਾਂ ਦਾ ਅਨੁਵਾਦ ਅੰਗਰੇਜ਼ੀ, ਹਿੰਦੀ, ਬੰਗਾਲੀ ਤੇ ਮਰਾਠੀ ਵਿਚ ਵੀ ਹੋ ਚੁੱਕਾ ਹੈ। ਹੁਣ ਸੰਨ 2024 ਦੌਰਾਨ, ਸ. ਰਾਬਿੰਦਰ ਸਿੰਘ ਬਾਠ, ਉਸ ਦੇ ਕਹਾਣੀ ਸੰਗ੍ਰਹਿ “ਪਾਣੀਆਂ ’ਤੇ ਵਹਿੰਦੀ ਪਨਾਹ” ਦਾ ਪੰਜਾਬੀ ਅਨੁਵਾਦ ਲੈ ਕੇ ਪੰਜਾਬੀ ਪਾਠਕਾਂ ਦੀ ਸੱਥ ਵਿਚ ਹਾਜ਼ਿਰ ਹੋਇਆ ਹੈ।

ਸ. ਰਾਬਿੰਦਰ ਸਿੰਘ ਬਾਠ ਇਕ ਅਜਿਹੀ ਸ਼ਖ਼ਸੀਅਤ ਰਹੀ ਹੈ, ਜਿਸ ਨੇ ਵਿਭਿੰਨ ਭਾਸ਼ਾਵਾਂ ਦੇ ਨਾਮਵਰ ਲਿਖਾਰੀਆਂ ਦੀਆ ਰਚਨਾਵਾਂ (ਨਾਵਲ ਤੇ ਕਹਾਣੀ ਸੰਗ੍ਰਹਿਾਂ) ਦਾ ਪੰਜਾਬੀ ਅਨੁਵਾਦ ਕਰਦੇ ਹੋਏ ਹੁਣ ਤੱਕ ਲਭਭਗ ਡੇਢ ਦਰਜਨ ਕਿਤਾਬਾਂ ਮਾਂ-ਬੋਲੀ ਪੰਜਾਬੀ ਦੀ ਝੋਲੀ ਵਿਚ ਪਾਈਆਂ ਹਨ। ਕਿੱਤੇ ਵਜੋਂ ਪ੍ਰਸ਼ਾਸਨੀ ਵਿਭਾਗ ਦੇ ਕਾਰਕੁੰਨ ਵਜੋਂ ਬੇਸ਼ੱਕ ਉਸ ਦਾ ਸਾਹਿਤ ਨਾਲ ਦੂਰ-ਦੂਰ ਦਾ ਵੀ ਰਿਸ਼ਤਾ ਨਹੀਂ ਸੀ, ਪਰ ਕਾਲਜੀ ਦਿਨ੍ਹਾਂ ਵਿਚ ਮਨ ਨੂੰ ਲੱਗੀ ਸਾਹਿਤਕ ਚੇਟਕ ਨੇ ਉਸ ਦੇ ਜੀਵਨ ਵਿਚ ਪੰਜਾਬੀ ਸਾਹਿਤ ਨਾਲ ਉਸ ਦਾ ਬਹੁਤ ਹੀ ਕਰੀਬੀ ਰਿਸ਼ਤਾ ਕਾਇਮ ਕਰੀ ਰੱਖਿਆ। ਇਸੇ ਚੇਟਕ ਕਾਰਣ ਉਸ ਨੇ ਵਿਭਿੰਨ ਭਾਸ਼ਾਵਾਂ (ਜਿਵੇਂ ਕਿ ਉਰਦੂ, ਅਸਾਮੀ, ਬੰਗਾਲੀ ਤੇ ਹਿੰਦੀ) ਦੇ ਮਾਨਵਰ ਲੇਖਕਾਂ (ਜਿਵੇਂ ਕਿ ਮਹਰਉੱਦੀਨ ਖਾਂ, ਤਹਿਮੀਨਾ ਦੁੱਰਾਨੀ, ਆਬਦ ਸੁਰਤੀ, ਇੰਦਰਾ ਗੋਸਵਾਮੀ, ਦੂਧਨਾਥ ਸਿੰਘ, ਸੁਚਿੱਤਰਾ ਭੱਟਾਚਾਰੀਆ, ਮੋਹਨ ਚੋਪੜਾ, ਉਦੈ ਪ੍ਰਕਾਸ਼, ਤੇ ਮੰਨੂੰ ਭੰਡਾਰੀ ਆਦਿ) ਦੇ ਨਾਵਲਾਂ/ਕਹਾਣੀ ਸੰਗ੍ਰਹਾਂ ਦਾ ਸਫਲਤਾਪੂਰਵਕ ਪੰਜਾਬੀ ਅਨੁਵਾਦ ਕੀਤਾ। ਰਾਬਿੰਦਰ ਸਿੰਘ ਬਾਠ ਇਕ ਅਜਿਹੀ ਨਿਆਰੀ ਸ਼ਖ਼ਸੀਅਤ ਰਹੀ ਹੈ, ਜਿਸ ਨੇ ਆਪਣਾ ਸਮੁੱਚਾ ਜੀਵਨ ਵਿਭਿੰਨ ਭਾਸ਼ਾਵਾਂ ਦੇ ਸ੍ਰੇਸ਼ਟ ਸਾਹਿਤ ਦੇ ਪਠਨ ਕਾਰਜਾਂ ਲਈ ਅਤੇ ਅਜਿਹੇ ਉੱਚ ਪਾਏ ਦੇ ਸਾਹਿਤ ਦੇ ਪੰਜਾਬੀ ਭਾਸ਼ਾ ’ਚ ਅਨੁਵਾਦ ਕਾਰਜਾਂ ਲਈ ਅਰਪਣ ਕੀਤਾ ਹੋਇਆ ਸੀ।

‘ਪਾਣੀਆਂ ’ਤੇ ਵਹਿੰਦੀ ਪਨਾਹ’ ਕਹਾਣੀ ਸੰਗ੍ਰਹਿ ਵਿਚ ਕੁੱਲ ਛੇ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ‘ਕੁਮਕੁਮ ਬਹੁਤ ਆਰਾਮ ਨਾਲ ਹੈ।’ ਰਾਬਿੰਦਰ ਨਾਥ ਟੈਗੋਰ ਦੀ ਬਹੁਚਰਚਿਤ ਕਹਾਣੀ ‘ਕਾਬਲੀ ਵਾਲਾ’ ਵਿਚਲੇ ਮੁੱਖ ਕਿਰਦਾਰ ਰਹਿਮਤ ਕਾਬਲੀ ਵਾਲਾ ਦੇ ਦਰਦ ਦਾ ਅਜੋਕੇ ਸਦਰੰਭ ਵਿਚ ਚਰਚਾ ਕਰਦੀ ਹੈ। ਕੁਮਕੁਮ, ਜੋ ‘ਕਾਬਲੀ ਵਾਲਾ’ ਕਹਾਣੀ ਦੀ ਨਾਇਕਾ ਮਿੰਨੀ ਦੀ ਪੋਤਰੀ ਹੈ, ਪੱਤਰ ਕਥਾ ਵਿਧਾ ਰਾਹੀਂ ਕਾਬਲ ਦੇ ਅਜੋਕੇ ਦੁਖਦ ਹਾਲਾਤਾਂ ਦਾ ਮਾਰਮਿਕ ਵਰਨਣ ਕਰਦੀ ਹੈ।

ਕਹਾਣੀ ਸੰਗ੍ਰਹਿ ਦੀ ਦੂਸਰੀ ਕਹਾਣੀ ‘ਜਲ ਹੈ ਸਾਰਾ ਜਾਲ’ ਜੋ ਕਹਾਣੀ ਦੀ ਮੁੱਖ ਪਾਤਰਾ ਤਮਕਨਤ ਅਸਦ ਦੇ ਜੀਵਨ ਵਿਚ ਦਰ-ਪੇਸ਼ ਅਨੇਕ ਖੱਟੇ-ਮਿੱਠੇ ਤਜ਼ਰਬਿਆਂ, ਉਤਰਾਅ-ਚੜ੍ਹਾਅ, ਬਣਦੇ-ਵਿਗੜਦੇ ਹਾਲਾਤਾਂ, ਅਤੀਤ ਤੇ ਭਵਿੱਖ ਦੇ ਅੰਤਰਾਲ ਵਿਚ ਲਟਕਦੇ ਅਹਿਸਾਸਾਂ, ਔਖੇ ਪਲਾਂ ਦਾ ਸੁੰਨਤਾ ਭਰਿਆ ਸੰਨਾਟਾ, ਤੇ ਅਧੂਰੇ ਸੁਪਨਿਆ ਦੇ ਮੰਜ਼ਿਰ ਦੀ ਦਾਸਤਾਂ ਦਾ ਜ਼ਿਕਰ ਕਰਦੀ ਹੈ। ਜ਼ਿੰਦਗੀ ਦੀਆਂ ਤਲਖ਼ ਹਕੀਤਤਾਂ ਦਾ ਸ਼ਿਕਾਰ ਤਮਕਨਤ ਦੇ ਬੇਬਾਕ ਬੋਲ ਮਾਨਵੀ ਜ਼ਿੰਦਗੀ ਦੀ ਅਟੱਲ ਸੱਚਾਈ ਨੂੰ ਇੰਝ ਬਿਆਨਦੇ ਹਨ: ‘...ਬਰਬਾਦੀ ਤੇ ਆਬਾਦੀ ਵਿਚ ਬੜਾ ਵਿਰੋਧਾਭਾਸ ਹੈ। ਇਕ ਦੀ ਆਬਾਦੀ ਦੂਜੇ ਦੀ ਬਰਬਾਦੀ ਹੋ ਨਿਬੜਦੀ ਹੈ। ਇਕ ਦੀ ਜਾਨ ਜਾਂਦੀ ਹੈ, ਤਾਂ ਦੂਸਰੇ ਦੀ ਭੁੱਖ ਮਿਟਦੀ ਹੈ...... ਜ਼ਿੰਦਗੀ ਤੋਂ ਬਿਹਤਰ ਤਾਂ ਇਕੁਏਰੀਅਮ ਹੈ। ਉਸ ਵਿਚ ਪਲਣ ਵਾਲੀਆਂ ਮੱਛੀਆਂ ਟੁਕੜ੍ਹਿਆਂ ਵਿਚ ਵੰਡ ਦਿੱਤੀਆਂ ਜਾਂਦੀਆਂ ਹਨ। ਛੋਟੀਆਂ ਤੇ ਵੱਡੀਆਂ ਮੱਛੀਆਂ ਅੱਡ-ਅੱਡ ਰੱਖੀਆਂ ਜਾਂਦੀਆਂ ਹਨ। ਸਿਰਫ਼ ਇਕੁਏਰੀਅਮ ਹੀ ਇਕ ਐਸੀ ਜਗ੍ਹਾ ਹੈ, ਜਿਥੇ ਕੋਈ ਵੱਡੀ ਮੱਛੀ, ਛੋਟੀ ਮੱਛੀ ਨੂੰ ਨਿਗਲ ਨਹੀਂ ਸਕਦੀ।’

‘ਹੋਇਆ ਫਿਰ ਤੋਂ ਹੁਕਮ ਲਾਗੂ’ ਕਹਾਣੀ ਸੰਨ 1971 ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਾਪਰੇ ਜੰਗੀ ਹਾਲਾਤਾਂ ਦੌਰਾਨ, ਸਰਹੱਦਾਂ ਦੇ ਆਰ-ਪਾਰ ਵਸਦੇ ਪਰਿਵਾਰਾਂ ਦੇ ਦਰਦ ਦਾ ਬਾਖ਼ੂਬੀ ਬਿਆਨ ਕਰਦੀ ਹੈ। ਕਹਾਣੀ ਦੀ ਕੇਂਦਰੀ ਪਾਤਰ ਨਾਦਿਰਾ, ਜੋ ਪਾਕਿਸਤਾਨ ਦੀ ਵਸਨੀਕ ਹੈ, ਭਾਰਤ ਵਿਖੇ ਆਪਣੇ ਬੀਮਾਰ ਬਾਪ, ਜੋ ਆਪਣੇ ਜੀਵਨ ਦੇ ਆਖ਼ਰੀ ਪਲਾਂ ਨਾਲ ਜੂਝ ਰਿਹਾ ਹੈ, ਨੂੰ ਮਿਲਣ ਦੇ ਲਈ ਹਰ ਸੰਭਵ ਯਤਨ ਕਰਨ ਦੇ ਬਾਵਜੂਦ ਮੁਲਾਕਾਤ ਤੋਂ ਵੰਚਿਤ ਰਹਿ ਜਾਂਦੀ ਹੈ। ਇਸ ਕਹਾਣੀ ਵਿਚ ਰਾਜਨੀਤਿਕ ਹੱਦਬੰਦੀ ਅਤੇ ਤਲਖ਼ ਹਾਲਾਤਾਂ ਦੇ ਸ਼ਿਕਾਰ ਮਨੁੱਖਾਂ ਦੀ ਬੇਵਸੀ ਦਾ ਵਰਨਣ ਬਹੁਤ ਹੀ ਉਦਾਸ ਕਰਨ ਵਾਲਾ ਹੈ।

‘ਨੀਂਦ ਦਾ ਜ਼ਰਦ ਲਿਬਾਸ’ ਕਹਾਣੀ ਆਪਣੇ ਹੀ ਦੇਸ਼ ਅੰਦਰ ਖ਼ਾਨਾਬਦੋਸ਼ ਹੋਈਆਂ ਬੇਦੋਸ਼ੀਆਂ ਰੂਹਾਂ ਦਾ ਦਰਦ ਸਮੋਈ ਬੈਠੀ ਹੈ। ਦੇਸ਼-ਵਿਦੇਸ਼ ਦੀਆਂ ਰਾਜਨੀਤਿਕ ਲੂੰਬੜ ਚਾਲ੍ਹਾਂ ਦਾ ਸ਼ਿਕਾਰ ਬੱਚਿਆਂ, ਔਰਤਾਂ ਤੇ ਮਰਦਾਂ ਦੀਆਂ ਦੁਸ਼ਵਾਰੀਆਂ, ਮਰਦ ਪ੍ਰਧਾਨ ਸਮਾਜ ਵਿਚ ਔਰਤ ਦਾ ਸਥਾਨ, ਦਮ-ਘੁੱਟਦੀਆਂ ਖ਼ਾਹਸ਼ਾਂ ਤੇ ਬੰਬਾਂ ਦੀ ਬਾਰਸ਼ ਵਿਚ ਵਕਤੋਂ ਪਹਿਲਾਂ ਮੁੱਕਿਆ ਬਚਪਨ ਆਦਿ ਅਨੇਕ ਵਿਸ਼ੇ ਇਹ ਕਹਾਣੀ ਦੀ ਬੁੱਕਲ ਵਿਚ ਛੁਪੇ ਹੋਏ ਹਨ। ਲੇਖਿਕਾ ਨੇ ਮਨੁੱਖੀ ਭਾਵਨਾਵਾਂ ਦਾ ਬਿਰਤਾਂਤ ਬਹੁਤ ਹੀ ਭਾਵਮਈ ਕੀਤਾ ਹੈ।

‘ਪਾਣੀਆਂ ’ਤੇ ਵਹਿੰਦੀ ਪਨਾਹ’ ਕਹਾਣੀ, ਜਿਸ ਉੱਤੇ ਕਿਤਾਬ ਦਾ ਨਾਮ ਰੱਖਿਆ ਗਿਆ ਹੈ, ਇਕ ਲਾਸਾਨੀ ਕਹਾਣੀ ਹੋ ਨਿਬੜਦੀ ਹੈ, ਜਦ ਰਹਿਮਤ ਚਾਚਾ ਆਪਣੇ ਬੇਵਸੀ ਭਰੇ ਹਾਲਤਾਂ ਦੇ ਅੰਧੇਰੇ ਵਿਚੋਂ ਨਿਕਲ, ਮੌਜੂਦਾ ਸਾਮਰਾਜੀ ਤਾਕਤਾਂ ਦੀ ਵਿਰੋਧੀ ਤੇ ਜਨ ਹਿਤੇਸ਼ੀ ਲੇਖਿਕਾ ਕੁੰਦਨ ਹੁਸੈਨ ਦੇ ਜੀਵਨ ਦੀ ਰਾਖੀ ਲਈ ਆਪਣੇ ਜੀਵਨ ਦੀ ਬਾਜ਼ੀ ਤੱਕ ਲਾਉਣ ਲਈ ਤੰਤਪਰ ਹੋ ਜਾਂਦਾ ਹੈ।

‘ਤਿੱਤਲੀਆਂ ਫੜਣ ਵਾਲੀ’ ਕਹਾਣੀ ਆਦਰਸ਼ਵਾਦੀ ਨਰਗਿਸ ਦੇ ਫਾਂਸੀ ਵੱਲ ਅਡੋਲਤਾ ਨਾਲ ਵਧਦੇ ਕਦਮਾਂ ਦੀ ਦਾਸਤਾਂ ਹੈ। ਮਮਤਾ ਭਰੀ ਸੰਵੇਦਨਾ, ਤੇ ਆਦਰਸ਼ ਪ੍ਰਤੀ ਸੁਦ੍ਰਿੜ੍ਹਤਾ ਦੀ ਕਸ਼ਮਕਸ਼ ਵਿਚ ਨਰਗਿਸ ਆਪਣੇ ਆਦਰਸ਼ ਉੱਤੇ ਫ਼ਿਦਾ ਹੋ ਜਾਂਦੀ ਹੈ। ਲੇਖਿਕਾ ਨੇ ਨਰਗਿਸ ਦੇ ਕਿਰਦਾਰ ਨੂੰ ਬਹੁਤ ਹੀ ਸੰਵੇਦਨਾ ਤੇ ਖ਼ੂਬਸੂਰਤੀ ਨਾਲ ਸਿਰਜਿਆ ਹੈ।

ਇਸ ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਹੀ ਮੌਜੂਦਾ ਸਮੇਂ ਦੇ ਹਕੀਕੀ ਹਾਲਾਤਾਂ ਨੂੰ ਬੇਬਾਕੀ ਨਾਲ ਪੇਸ਼ ਕਰਨ ਕਾਰਨ ਪਾਠਕ ਦਾ ਮਨ ਮੋਹ ਲੈਣ ਦੇ ਸਮਰਥ ਹਨ। ਮਨੁੱਖੀ ਦੁਸ਼ਵਾਰੀਆਂ ਦੇ ਬਿਰਤਾਂਤ ਨਾਲ ਔਤਪ੍ਰੋਤ, ਅਹਿਸਾਸਾਂ ਤੇ ਮਾਨਵੀ ਮੁੱਲਾਂ ਨਾਲ ਲਥ-ਪਥ, ਬਣਦੇ-ਵਿਗੜਦੇ ਹਾਲਾਤਾਂ ਨਾਲ ਲਬਰੇਜ਼, ਇਹ ਕਹਾਣੀਆਂ ਪਾਠਕ ਨੂੰ ਇਕ ਗਹਿਰੀ ਉਦਾਸੀ ਦੇ ਰੂਬਰੂ ਪਹੁੰਚਾ ਦਿੰਦੀਆਂ ਹਨ।

ਸਮਾਜਿਕ ਵਰਤਾਰਿਆਂ ਦੀ ਪੜਚੋਲ ਤੇ ਮੁਲਾਂਕਣ ਦੇ ਨਜ਼ਰੀਏ ਤੋਂ ਇਹ ਇਕ ਵਧੀਆ ਕਹਾਣੀ ਸੰਗ੍ਰਹਿ ਹੈ, ਜੋ ਵਿਸ਼ਵਵਿਆਪੀ ਸਮਾਜਿਕ, ਸੱਭਿਆਚਾਰਕ ਤੇ ਰਾਜਨੀਤਿਕ ਹਾਲਾਤਾਂ ਬਾਰੇ ਬਹੁਪੱਖੀ ਜਾਣਕਾਰੀ ਪੇਸ਼ ਕਰਦਾ ਹੈ। ਮਾਨਵੀ ਧਾਰਨਾਵਾਂ ਅਤੇ ਕਦਰਾਂ-ਕੀਮਤਾਂ ਬਾਰੇ ਵਿਲੱਖਣ ਸੂਝ ਪ੍ਰਦਾਨ ਕਰਦਾ ਹੈ। ਰਾਬਿੰਦਰ ਸਿੰਘ ਬਾਠ ਵਲੋਂ ਇਸ ਕਹਾਣੀ ਸੰਗ੍ਰਹਿ ਦੇ ਪੰਜਾਬੀ ਵਿਚ ਅਨੁਵਾਦ ਦੀ ਚੋਣ ਪ੍ਰਸ਼ੰਸਾਯੋਗ ਹੈ। ‘ਪਾਣੀਆਂ ’ਤੇ ਵਹਿੰਦੀ ਪਨਾਹ’ (ਪੰਜਾਬੀ ਸੰਸਕਰਣ) ਨੂੰ ਪੜ੍ਹ ਕੇ ਇੰਝ ਜਾਪਦਾ ਹੈ ਕਿ ਜਿਵੇਂ ਇਹ ਕਹਾਣੀ ਸੰਗ੍ਰਹਿ ਮੂਲ ਰੂਪ ਵਿਚ ਪੰਜਾਬੀ ਹੀ ਲਿਖਿਆ ਗਿਆ ਹੈ। ਜੋ ਅਨੁਵਾਦਕਰਤਾ ਦੀ ਮੁਹਾਰਤ ਦਾ ਪ੍ਰਤੱਖ ਸਬੂਤ ਹੈ।

ਸ. ਰਾਬਿੰਦਰ ਸਿੰਘ ਬਾਠ ਸਾਹਿਤਕ ਵਿਸ਼ਿਆਂ ਦੇ ਨਿਸ਼ਠਾਵਾਨ ਸੰਪਾਦਕ, ਅਨੁਵਾਦਕਾਰ ਅਤੇ ਸਾਹਿਤਕ ਸਰਗਰਮੀਆਂ ਦੇ ਆਦਰਸ਼ ਕਾਰਜ-ਕਰਤਾ ਵਜੋਂ ਅਨੁਸਰਣ ਯੋਗ ਮਾਡਲ ਹੈ। ਉਸ ਦੁਆਰਾ ਨਾਮਵਰ ਲੇਖਕਾਂ ਦੀਆਂ ਰਚਨਾਵਾਂ ਦੇ ਪੰਜਾਬੀ ਅਨੁਵਾਦ-ਕਾਰਜ, ਵਿਭਿੰਨ ਸਮੁਦਾਇ ਦੇ ਲੋਕਾਂ ਦੇ ਸਮਾਜਿਕ ਤਾਣੇ-ਬਾਣੇ, ਰੀਤੀ ਰਿਵਾਜ਼ਾਂ ਅਤੇ ਸੱਭਿਆਚਾਰਾਂ ਸੰਬੰਧਤ ਗਿਆਨ ਨੂੰ ਸਹਿਜ ਰੂਪ ’ਚ ਪ੍ਰਗਟਾਉਣ ਕਾਰਣ, ਪੰਜਾਬੀ ਪਾਠਕਾਂ ਦੇ ਗਿਆਨ ਦੇ ਦਾਇਰੇ ਨੂੰ ਮੋਕਲਾ ਕਰਣ ’ਚ ਅਹਿਮ ਰੋਲ ਅਦਾ ਕਰਨ ਦੇ ਸਮਰਥ ਹਨ। ਯੂਨੀਸਟਾਰ ਬੁੱਕਸ ਪ੍ਰਾਈਵੇਟ ਲਿਮਟਿਡ, ਮੁਹਾਲੀ-ਚੰਡੀਗੜ੍ਹ, ਚੰਡੀਗੜ੍ਹ ਵਲੋਂ, ਸ. ਰਾਬਿੰਦਰ ਸਿੰਘ ਬਾਠ ਦੀ ਇਸ ਨਵੀਂ ਪੇਸ਼ਕਸ਼ (ਕਿਤਾਬ) ਦੀ ਛਪਾਈ ਦਾ ਉੱਦਮ ਪ੍ਰਸ਼ੰਸਾਯੋਗ ਹੈ, ਜੋ ਹੋਰ ਭਾਸ਼ਾਵਾਂ ਦੇ ਉੱਤਮ ਸਾਹਿਤ ਦੀ ਪੰਜਾਬੀ ਭਾਸ਼ਾ ਵਿਚ ਉਪਲਬਧੀ ਲਈ ਅਹਿਮ ਯੋਗਦਾਨ ਦਾ ਵਾਜਿਬ ਯਤਨ ਹੈ। “ਪਾਣੀਆਂ ’ਤੇ ਵਹਿੰਦੀ ਪਨਾਹ” ਇਕ ਵਧੀਆ ਕਹਾਣੀ ਸੰਗ੍ਰਹਿ ਹੈ, ਜਿਸ ਦੇ ਪੰਜਾਬੀ ਪਾਠਕ ਜਗਤ ਵਿਚ ਸ਼ੁੱਭ ਆਗਮਨ ਲਈ ਜੀ ਆਇਆਂ ਹੈ।

# ਉਮਰ ਤੋਂ ਪਹਿਲਾਂ ਉਮਰ ਲੰਘ ਜਾਣ ਦਾ ਡਰ

-ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
ਪੰਜਾਬ ਮੇਲ USA





ਪਿਛਲੇ ਦਿਨੀਂ ਮਹਾਰਾਸ਼ਟਰ ਦੀ ਔਰੰਗਾਬਾਦ ਡਿਵੀਜ਼ਨ 'ਚ ਪੈਂਦੇ ਬੀਡ ਜ਼ਿਲ੍ਹੇ ਦੀ ਇੱਕ ਬਹੁਤ ਹੈਰਤ ਭਰੀ ਅਤੇ ਰੌਂਗਟੇ ਖੜ੍ਹੇ ਕਰਨ ਵਾਲੀ ਰਿਪੋਰਟ ਦੇਖਣ ਨੂੰ ਮਿਲੀ। ਇਸ ਤੋਂ ਪਹਿਲਾਂ ਦੱਸ ਦੇਈਏ ਕਿ 2011 ਦੀ ਜਨਗਣਨਾ ਅਨੁਸਾਰ ਮੁੰਬਈ ਤੋਂ ਕਰੀਬ 450 ਕਿਲੋਮੀਟਰ ਦੂਰੀ 'ਤੇ ਸਥਿਤ ਬੀਡ ਜ਼ਿਲ੍ਹੇ ਦੀ ਕੁੱਲ ਆਬਾਦੀ 2585049 ਹੈ ਅਤੇ ਇਥੋਂ ਦੀ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ (ਲਿਟਰੇਸੀ ਰੇਟ) 68 ਫੀਸਦੀ ਹੈ। ਇਥੇ 1000 ਮਰਦਾਂ ਪਿੱਛੇ 936 ਔਰਤਾਂ ਹਨ। ਖੇਤੀਬਾੜੀ ਇਥੋਂ ਦਾ ਮੁੱਖ ਧੰਦਾ ਹੈ, ਜਿੱਥੇ ਸਿੰਜਾਈ ਲਈ ਜ਼ਿਆਦਾਤਰ ਖੇਤਰਾਂ 'ਚ ਬਰਸਾਤਾਂ 'ਤੇ ਨਿਰਭਰ ਕਰਨਾ ਪੈਂਦਾ ਹੈ। ਬੀਡ ਜ਼ਿਲ੍ਹੇ 'ਚ ਹੋਰ ਫਸਲਾਂ ਤੋਂ ਇਲਾਵਾ ਜ਼ਿਆਦਾਤਰ ਗੰਨਾ ਬੀਜਿਆ ਜਾਂਦਾ ਹੈ।

ਇਥੇ ਮਰਦਾਂ ਦੇ ਨਾਲ-ਨਾਲ ਔਰਤਾਂ ਵੀ ਮਜ਼ਦੂਰੀ ਕਰਦੀਆਂ ਹਨ। ਉਨ੍ਹਾਂ ਲਈ 2 ਵਕਤ ਦੀ ਰੋਟੀ ਹੀ ਜਿਊਣ ਦਾ ਮਕਸਦ ਹੈ ਜਾਂ ਮਜਬੂਰੀ ਹੈ, ਕਿਉਂਕਿ ਢਿੱਡ ਤਾਂ ਹਰੇਕ ਨੇ ਭਰਨਾ ਹੀ ਹੈ। ਸਮਾਜ ਵੱਲੋਂ ਬੰਦਿਸ਼ਾਂ ਰੂਪੀ ਕੰਡਿਆਲੀਆਂ ਤਾਰਾਂ ਨੂੰ ਦੰਦਾਂ ਨਾਲ ਕੱਟਣ ਦਾ ਸਫ਼ਰ ਔਰਤ ਦੇ ਬਚਪਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਸਰਕਾਰਾਂ ਵੱਲੋਂ ਰੋਕਾਂ ਦੇ ਬਾਵਜੂਦ ਨਿੱਜੀ ਖੇਤਰ 'ਚ ਸ਼ੋਸ਼ਣ ਤਾਂ ਹਰ ਥਾਂ ਹੀ ਹੁੰਦਾ ਹੈ ਪਰ ਇਥੇ ਔਰਤਾਂ 'ਤੇ ਹੋ ਰਿਹਾ ਸ਼ੋਸ਼ਣ ਸਭ ਹੱਦ-ਬੰਨ੍ਹੇ ਪਾਰ ਕਰ ਗਿਆ ਹੈ, ਜਿਸ ਬਾਰੇ ਮਾੜੀ-ਮੋਟੀ ਜ਼ਮੀਰ ਜਾਗਦਾ ਇੰਨਸਾਨ ਤਾਂ ਸੋਚ ਵੀ ਨਹੀਂ ਸਕਦਾ।

ਹੁਣ ਗੱਲ ਕਰਦੇ ਹਾਂ ਉਸ ਰਿਪੋਰਟ ਦੀ, ਸੋਸ਼ਲ ਮੀਡੀਆ 'ਤੇ 'ਵੇਦਾਂਤ ਸ਼ਬਦ' ਪੇਜ਼ ਉਤੇ 'ਦਾ ਨੇਕਡ ਗਾਡ' ਨਾਮਕ ਇੱਕ ਪੋਸਟ ਪਾਈ ਗਈ ਹੈ। ਅੰਕੜਿਆਂ ਅਨੁਸਾਰ ਬੀਡ ਜ਼ਿਲ੍ਹੇ 'ਚ ਖਾਸਕਰ ਇਥੋਂ ਦੇ ਪੇਂਡੂ ਖੇਤਰਾਂ 'ਚ ਔਰਤਾਂ ਗੰਨੇ ਦੇ ਖੇਤਾਂ ਵਿਚ ਕੰਮ ਕਰਦੀਆਂ ਹਨ। ਇਨ੍ਹਾਂ ਔਰਤਾਂ ਦੀ 20-30 ਸਾਲ ਦੀ ਉਮਰ ਵਿਚ ਬੱਚੇਦਾਨੀ ਕੱਢ ਦਿੱਤੀ ਜਾਂਦੀ ਹੈ। ਆਪਣੀ ਸਮਰੱਥਾ ਤੋਂ ਕਈ ਗੁਣਾਂ ਵੱਧ ਭਾਰ ਚੁੱਕਣ ਕਾਰਨ ਉਨ੍ਹਾਂ ਦੇ ਢਿੱਡੀਂ ਦਰਦ ਸ਼ੁਰੂ ਹੋ ਜਾਂਦੇ ਹਨ। ਪੇਟ ਦੇ ਇਹ ਦਰਦ ਵੱਧਦੇ ਜਾਂਦੇ ਹਨ ਤੇ ਉਹ ਮਜ਼ਦੂਰ ਔਰਤਾਂ ਆਪਣਾ ਉਹੀ ਪੇਟ ਭਰਨ ਲਈ ਦਰਦ ਨਿਵਾਰਕ ਗੋਲੀਆਂ ਖਾ ਕੇ ਡੰਗ ਟਪਾਉਂਦੀਆਂ ਹਨ। ਜਦੋਂ ਦਰਦ ਅਸਹਿ ਹੋ ਜਾਂਦੇ ਹਨ, ਤਾਂ ਡਾਕਟਰ ਅਪਰੇਸ਼ਨ ਕਰਕੇ ਬੱਚੇਦਾਨੀ ਕੱਢ ਦਿੰਦੇ ਹਨ।

ਔਰਤਾਂ ਦੀ ਕੁਦਰਤੀ ਪ੍ਰਕਿਰਿਆ ਮਹਾਂਵਾਰੀ (ਪੀਰੀਅਡਸ) ਦੌਰਾਨ ਛੁੱਟੀ ਲੈਣ 'ਤੇ ਉਨ੍ਹਾਂ ਦੀ ਮਜ਼ਦੂਰੀ ਦੇ ਪੈਸੇ ਕੱਟੇ ਜਾਂਦੇ ਹਨ। ਹਰ ਮਹੀਨੇ 4-5 ਦਿਨਾਂ ਲਈ ਉਨ੍ਹਾਂ ਨੂੰ ਇਹ ਘਾਟਾ ਝੱਲਣਾ ਪੈਂਦਾ ਹੈ। ਇਸ ਤੋਂ ਇਲਾਵਾ ਮਜਬੂਰੀ ਵੱਸ ਉਨ੍ਹਾਂ ਨੂੰ ਮਜ਼ਦੂਰੀ ਕਰਨ ਲਈ ਦੂਜੇ ਖੇਤਰਾਂ ਜਾਂ ਨੇੜਲੇ ਸੂਬਿਆਂ 'ਚ ਵੀ ਜਾਣਾ ਪੈਂਦਾ ਹੈ, ਜਿੱਥੇ ਛੇੜਛਾੜ ਅਤੇ ਬਲਾਤਕਾਰ ਵਰਗੀਆਂ ਗੰਭੀਰ ਘਟਨਾਵਾਂ ਦਾ ਵਰਤਾਰਾ ਆਮ ਗੱਲ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਅਜਿਹੀਆਂ ਔਰਤਾਂ ਨੇ ਖੁਦ ਹੀ ਆਪਣੀ ਬੱਚੇਦਾਨੀ ਨੂੰ ਕਢਵਾਉਣਾ ਸ਼ੁਰੂ ਕਰ ਦਿੱਤਾ। ਸੂਬੇ ਦੇ ਬੀਡ ਜ਼ਿਲ੍ਹੇ ਦੇ ਕਈ ਇਲਾਕੇ ਹੁਣ ਕੁੱਖ ਤੋਂ ਸੱਖਣੀਆਂ ਔਰਤਾਂ ਵਾਲੇ ਪਿੰਡ ਕਹੇ ਜਾਂਦੇ ਹਨ। ਸਾਲ 2016 ਤੋਂ ਹੁਣ ਤੱਕ ਇਸ ਤਰ੍ਹਾਂ ਕਰੀਬ 4000 ਤੋਂ ਵੱਧ ਔਰਤਾਂ ਦੀ ਬੱਚੇਦਾਨੀ ਕੱਢੀ ਜਾ ਚੁੱਕੀ ਹੈ।

ਇੱਕ ਮਜ਼ਦੂਰ ਔਰਤ ਅਨੁਸਾਰ ਜਦੋਂ ਉਸਦਾ ਵਿਆਹ ਹੋਇਆ, ਤਦ ਉਹ 14 ਸਾਲ ਦੀ ਸੀ। ਵਿਆਹ ਉਪਰੰਤ ਗੰਨਾ ਵੱਢਣ ਲਈ ਆਪਣੇ ਪਤੀ ਨਾਲ ਦੱਖਣ ਵੱਲ ਜਾਣਾ ਪਿਆ। ਉਥੇ ਖਾਲੀ ਖੇਤ ਵਿਚ ਟੀਨ ਦੀ ਝੌਂਪੜੀ ਸੀ, ਜਿਥੇ ਦਰਵਾਜ਼ੇ ਦਾ ਕੰਮ ਸਾੜ੍ਹੀ ਦਾ ਪਰਦਾ ਹੀ ਕਰਦਾ ਸੀ। ਠੇਕੇਦਾਰ ਉਜਾੜ ਦੇਖ ਅਕਸਰ ਕਮਰੇ 'ਚ ਆਉਂਦਾ ਤੇ ਉਨ੍ਹਾਂ ਨੂੰ ਨੋਚ ਕੇ ਚਲਾ ਜਾਂਦਾ ਸੀ। ਪੇਟ ਦੀ ਭੁੱਖ ਕਾਰਨ ਉਹ ਕੁਝ ਵੀ ਨਹੀਂ ਕਰ ਸਕਦੀਆਂ ਸਨ। ਹੋਰ ਤਾਂ ਹੋਰ, ਉਹ ਦਿਲੋਂ ਰੋ ਵੀ ਨਹੀਂ ਸੀ ਸਕਦੀਆਂ, ਕਿਉਂਕਿ ਭੁੱਖੇ ਢਿੱਡਾਂ ਦਾ ਡਰ ਅਕਸਰ ਜ਼ੁਬਾਨ ਨੂੰ ਵੱਢ ਦਿੰਦਾ ਹੈ।

ਇੱਕ ਦਿਨ ਉਹ ਪੇਟ ਤੋਂ ਹੋ ਗਈ। ਸੱਤਵਾਂ ਮਹੀਨਾ ਚੱਲ ਰਿਹਾ ਸੀ, ਜਦੋਂ ਉਸਨੂੰ ਪਿੰਡ ਪਰਤਣ ਦਾ ਅਹਿਸਾਸ ਹੋਇਆ। ਉਸਦੇ ਪਤੀ ਨੇ ਠੇਕੇਦਾਰ ਨਾਲ ਗੱਲ ਕੀਤੀ, ਤਾਂ ਉਸ ਨੇ ਸਾਫ ਇਨਕਾਰ ਕਰ ਦਿੱਤਾ। ਕਹਿੰਦਾ ਪਹਿਲਾਂ ਕੰਮ ਕਰੋ, ਫਿਰ ਪਿੰਡ ਜਾਣ ਦੀ ਗੱਲ ਕਰਨਾ। ਉਸਦੇ ਪਤੀ ਨੇ ਜਿੰਨੀਆਂ ਮਿੰਨਤਾਂ ਕੀਤੀਆਂ, ਠੇਕੇਦਾਰ ਓਨਾ ਹੀ ਹੰਕਾਰ ਨਾਲ ਬੋਲਦਾ ਗਿਆ। ਉਸਨੂੰ ਗਰਭਵਤੀ ਹਾਲਤ 'ਚ ਕੁੱਟਿਆ ਵੀ, ਪਰ ਉਹ ਕੁਝ ਨਹੀਂ ਕਰ ਸਕੇ, ਉਥੇ ਹੀ ਰਹਿਣਾ ਪਿਆ। ਉਤੋਂ ਕਹਿੰਦਾ ਜੇ ਵਾਪਸ ਚਲੇ ਗਏ, ਤਾਂ ਕੀ ਖਾਓਗੇ ? ਪਿੰਡ ਵਿਚ ਨਾ ਤਾਂ ਕੋਈ ਖੇਤ ਹੈ ਅਤੇ ਨਾ ਹੀ ਕੋਈ ਫੈਕਟਰੀ।

8ਵਾਂ ਮਹੀਨਾ ਲੱਗੇ ਹੋਣ 'ਤੇ ਵੀ ਰੋਜ਼ਾਨਾ 3000 ਕਿਲੋ ਗੰਨਾ ਟਰੱਕ ਵਿਚ ਲੱਦਣਾ ਪੈਂਦਾ ਸੀ। ਕੱਚੀ ਲੱਕੜ ਦੀ ਪੌੜੀ 'ਤੇ ਚੜ੍ਹਦਿਆਂ ਪੈਰਾਂ ਨਾਲੋਂ ਜ਼ਿਆਦਾ ਦਿਲ ਕੰਬਦਾ ਸੀ। ਉਹ ਦੱਸਦੀ ਹੈ ਕਿ ਹੁਣ ਸਾਰੀ ਪਰੇਸ਼ਾਨੀ ਖਤਮ ਹੋ ਗਈ ਹੈ। 30 ਸਾਲ ਦੀ ਉਮਰ ਵਿਚ ਬੱਚੇਦਾਨੀ ਕਢਵਾ ਦਿੱਤੀ ਗਈ ਸੀ। ਹੁਣ ਕੋਈ ਮਾਹਵਾਰੀ ਨਹੀਂ ਹੋਵੇਗੀ। ਕੋਈ ਛੁੱਟੀ ਨਹੀਂ ਲੈਣੀ ਪਵੇਗੀ ਅਤੇ ਨਾ ਹੀ ਬੱਚਾ ਹੋਣ ਦਾ ਡਰ ਹੋਵੇਗਾ।

ਬੀਡ ਜ਼ਿਲ੍ਹੇ ਦੀ ਕੈਜ਼ ਤਹਿਸੀਲ ਦੇ ਸ਼ਿੰਦੀ ਪਿੰਡ ਦੀ ਇੱਕ ਮਜ਼ਦੂਰ ਔਰਤ ਇੱਕ ਦਿਨ ਟਰੱਕ 'ਤੇ ਗੰਨਾ ਭਰਨ ਦੌਰਾਨ ਲੱਕੜ ਦੀ ਪੌੜੀ ਤੋਂ ਹੇਠਾਂ ਡਿੱਗ ਗਈ, ਜਿਸਨੂੰ ਪੇਟ 'ਚ ਬਹੁਤ ਸੱਟਾਂ ਲੱਗੀਆਂ। ਹਸਪਤਾਲ ਲਿਜਾਣ 'ਤੇ ਡਾਕਟਰ ਨੇ ਦੱਸਿਆ ਕਿ ਪੌੜੀ ਤੋਂ ਡਿੱਗਣ ਕਾਰਨ ਉਸਦੀ ਬੱਚੇਦਾਨੀ ਨੁਕਸਾਨੀ ਗਈ ਹੈ, ਜਿਸਨੂੰ ਹੁਣ ਕਢਵਾਉਣਾ ਪਵੇਗਾ। ਭਵਿੱਖ 'ਚ ਉਹ ਬੋਝ ਭਾਰ ਵਾਲਾ ਕੰਮ ਕਰਨ ਤੋਂ ਵੀ ਅਸਮਰਥ ਰਹੇਗੀ।

ਕੈਜ਼ ਤਹਿਸੀਲ 'ਚ ਹੀ ਪੈਂਦੇ ਪਿੰਡ ਮਸਾਜੋਗ ਦੀ ਇੱਕ ਔਰਤ ਗੰਨੇ ਦੀ ਕਟਾਈ ਦਾ ਕੰਮ ਕਰਦੀ ਸੀ ਤੇ ਉਸਦਾ ਪਤੀ ਗੰਨੇ ਦਾ ਟਰੱਕ ਚਲਾਉਂਦਾ ਸੀ। ਇੱਕ ਦਿਨ ਅਚਾਨਕ ਉਸ ਦੇ ਪਤੀ ਦੀ ਐਕਸੀਡੈਂਟ 'ਚ ਮੌਤ ਹੋ ਗਈ। ਹੁਣ ਪੂਰੇ ਪਰਿਵਾਰ ਦੀ ਜ਼ਿੰਮੇਵਾਰੀ ਉਸਦੇ ਮੋਢਿਆਂ 'ਤੇ ਹੈ। ਉਸਨੇ ਆਪਣੀ ਰੋਜ਼ਾਨਾ ਦੀ ਨੌਕਰੀ ਜਾਰੀ ਰੱਖੀ, ਪਰ ਅਚਾਨਕ ਉਸਦੇ ਪੇਟ ਵਿਚ ਤੇਜ਼ ਦਰਦ ਮਹਿਸੂਸ ਹੋਣ ਲੱਗੇ। ਡਾਕਟਰ ਦੀ ਸਲਾਹ ਅਨੁਸਾਰ ਉਸਦੀ ਬੱਚੇਦਾਨੀ ਕੱਢਣੀ ਪਈ।

10 ਸਾਲਾਂ ਦੀ ਉਮਰ 'ਚ ਵਿਆਹੀ ਤੇ 12 ਦੀ ਉਮਰ ਤੋਂ ਸ਼ੂਗਰ ਫੈਕਟਰੀ 'ਚ ਗੰਨੇ ਦੀ ਕਟਾਈ ਕਰਨ ਵਾਲੀ ਢਾਕੇਫਲ ਪਿੰਡ ਦੀ 2 ਬੱਚਿਆਂ ਦੀ ਮਾਂ ਨੂੰ ਮਹਾਵਾਰੀ ਦੌਰਾਨ ਦਰਦ ਹੋਣ ਲੱਗੇ। ਉਸਨੂੰ ਵੀ ਡਾਕਟਰਾਂ ਨੇ ਬੱਚੇਦਾਨੀ ਕੱਢਵਾਉਣ ਲਈ ਕਿਹਾ। ਅਪਰੇਸ਼ਨ ਲਈ ਉਸਨੂੰ ਆਪਣੀ ਜ਼ਮੀਨ ਵੇਚਣੀ ਪਈ।

ਛਿੰਛੋਲੀ ਪਿੰਡ ਦੀ 16 ਸਾਲ ਦੀ ਉਮਰ 'ਚ ਵਿਆਹੀ ਇੱਕ ਲੜਕੀ 3 ਸਾਲਾਂ 'ਚ 3 ਬੱਚਿਆਂ ਦੀ ਮਾਂ ਬਣੀ। ਮਜ਼ਦੂਰੀ ਕਰਦਿਆਂ ਪੇਟ ਦਰਦ ਸ਼ੁਰੂ ਹੋ ਗਏ। ਡਾਕਟਰਾਂ ਤੋਂ ਇਲਾਜ ਕਰਵਾਉਣ ਦੀ ਬਜਾਏ ਪੇਨਕਿਲਰ ਖਾਂਦੀ ਰਹੀ, ਜਦੋਂ ਦਰਦ ਅਸਹਿ ਹੋ ਗਏ ਤਾਂ 21 ਸਾਲਾਂ ਦੀ ਉਮਰ 'ਚ ਬੱਚੇਦਾਨੀ ਕੱਢਵਾਉਣੀ ਪਈ।

ਕੈਜ਼ ਦੀ ਰਹਿਣ ਵਾਲੀ ਇੱਕ ਹੋਰ ਔਰਤ, ਜਿਸਦਾ 17 ਸਾਲ ਦੀ ਉਮਰੇ ਵਿਆਹ ਹੋਇਆ, ਉਪਰੰਤ ਤਿੰਨੇ ਬੱਚੇ ਸਜ਼ੇਰੀਅਨਾਂ ਰਾਹੀ ਹੋਏ। 22 ਸਾਲਾਂ ਦੀ ਉਮਰ 'ਚ ਉਸਦੀ ਬੱਚੇਦਾਨੀ ਕੱਢਣੀ ਪਈ। ਸਰਵੇ ਅਨੁਸਾਰ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਸਹਿਯੋਗ ਦੀ ਥਾਂ ਅਪਰੇਸ਼ਨ ਤੋਂ ਤੁਰੰਤ ਬਾਅਦ ਕੰਮ ਕਰਨ ਲਈ ਦਬਾਅ ਪਾਇਆ ਜਾਂਦਾ ਹੈ, ਤਾਂ ਜੋ ਇਲਾਜ 'ਤੇ ਲੱਗੇ ਪੈਸੇ ਦੀ ਜਲਦ ਪੂਰਤੀ ਕੀਤੀ ਜਾ ਸਕੇ। ਛੋਟੀ ਉਮਰ 'ਚ ਵਿਆਹ ਹੋ ਜਾਣਾ ਤੇ ਮਾਂ ਬਣਨਾ, ਹੱਦੋਂ ਵੱਧ ਸਰੀਰਕ ਕੰਮ ਕਰਨਾ, ਜਾਗਰੂਕਤਾ ਦੀ ਘਾਟ ਤੇ ਅਨਪੜ੍ਹਤਾ ਇਨ੍ਹਾਂ ਦੇ ਮੁੱਖ ਕਾਰਨ ਹਨ। ਔਰਤਾਂ ਵਿਰੁੱਧ ਹਿੰਸਾ ਅਤੇ ਬਚਾਅ ਲਈ ਹੋਰ ਸੰਘਰਸ਼ ਉਨ੍ਹਾਂ ਨੂੰ ਭੀਖ ਮੰਗਣ ਤੋਂ ਇਲਾਵਾ ਵੇਸਵਾਪੁਣੇ ਵੱਲ ਜਾਣ ਲਈ ਵੀ ਮਜਬੂਰ ਕਰਦਾ ਹੈ।

ਮੁਤੱਸਬੀ ਦੰਗੇ ਦਿੱਲੀ ਦੇ ਹੋਣ ਜਾਂ ਗੁਜਰਾਤ ਦੇ, ਕਸ਼ਮੀਰ ਦੀ ਲੜਾਈ ਹੋਵੇ, ਅਫ਼ਗਾਨ ਦੀ, ਰੂਸ ਦੀ ਜਾਂ ਯੂਕਰੇਨ ਦੀ, ਅਮਰੀਕਾ ਦੀ, ਈਰਾਨ ਜਾਂ ਪਾਕਿਸਤਾਨ ਦੀ, ਭਾਰਤ ਜਾਂ ਚੀਨ ਦੀ, ਬਾਹਰੀ ਹਮਲੇ ਦੇ ਨਾਲ ਇੱਕ ਅੰਦਰੂਨੀ ਹਮਲਾ ਵੀ ਹੁੰਦਾ ਹੈ, ਜੋ ਸਭ ਤੋਂ ਪਹਿਲਾਂ ਔਰਤਾਂ ਦੀ ਆਬਰੂ 'ਤੇ ਹੁੰਦਾ ਹੈ। ਬੰਬਾਂ, ਰਫ਼ਲਾਂ, ਬੰਦੂਕਾਂ, ਤੋਪਾਂ, ਗੋਲਿਆਂ ਦੇ ਨਾਲ-ਨਾਲ ਲਿੰਗਾਂ ਦਾ ਵੀ ਵਾਰ ਚੱਲਦਾ ਹੈ। ਔਰਤਾਂ ਦਾ ਬਦਨ ਲੜਾਈ ਦਾ ਮੈਦਾਨ ਬਣਦਾ ਹੈ, ਜਿੱਥੇ ਇੱਕ-ਪਾਸੜ ਲੜਾਈ ਹੁੰਦੀ ਹੈ। ਦੇਸ਼ ਦੀਆਂ ਸਰਹੱਦਾਂ 'ਤੇ ਰਾਖੀ ਕਰਦੇ ਫ਼ੌਜੀਆਂ ਦੀ ਰੱਤ ਡੁੱਲ੍ਹਦੀ ਹੈ ਤੇ ਔਰਤਾਂ ਦੀ ਇੱਜਤ ਪੱਤ ਰੁਲਦੀ ਹੈ, ਜਿੱਥੇ ਲੁੱਟ ਦੇ ਮਾਲ ਦੇ ਨਾਲ ਔਰਤ ਵੀ ਲੁੱਟੀ ਜਾਂਦੀ ਹੈ।

ਸਮਾਜ ਸੇਵੀ ਮਨੀਸ਼ਾ ਸੀਤਾਰਾਮ ਘੁਲੇ ਤੇ ਉਸਦੀ ਸਮੁੱਚੀ ਟੀਮ ਅਜਿਹੀਆਂ ਔਰਤਾਂ ਨੂੰ ਆਤਮਨਿਰਭਰ ਬਣਾਉਣ ਲਈ ਵੱਡੇ ਪੱਧਰ 'ਤੇ ਕੰਮ ਕਰ ਰਹੀ ਹੈ। ਉਹ ਕਹਿੰਦੀ ਹੈ ਕਿ ਗੰਨੇ ਦੇ ਖੇਤਾਂ ਵਿਚ ਕੰਮ ਕਰਦੇ ਸਮੇਂ ਕਈ ਔਰਤਾਂ ਨਾਲ ਕਈ ਵਾਰ ਬਲਾਤਕਾਰ ਹੁੰਦਾ ਹੈ ਪਰ ਉਹ ਆਪਣੇ ਪਤੀ ਨੂੰ ਦੱਸ ਵੀ ਨਹੀਂ ਸਕਦੀਆਂ। ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਹੈ ਕਿ ਉਸ ਦਾ ਪਤੀ ਉਸ 'ਤੇ ਦੋਸ਼ ਲਗਾਏਗਾ। ਕਈਆਂ ਨਾਲ ਅਜਿਹਾ ਹੀ ਹੋਇਆ ਹੈ। ਇਸ ਲਈ ਉਹ ਔਰਤਾਂ ਚੁੱਪ ਰਹਿੰਦੀਆਂ ਹਨ। ਬੱਚੇਦਾਨੀ ਨੂੰ ਕੱਢਣ ਦਾ ਇਹ ਵੀ ਇੱਕ ਵੱਡਾ ਕਾਰਨ ਹੈ। ਬੱਚਾ ਹੋਣ ਦਾ ਡਰ ਖਤਮ ਹੋ ਜਾਂਦਾ ਹੈ ਤੇ ਪੀਰੀਅਡਸ ਦੀ ਪਰੇਸ਼ਾਨੀ ਦੂਰ ਹੋ ਜਾਂਦੀ ਹੈ। ਪਰ ਇਹ ਇੱਕ ਵੱਖਰੀ ਗੱਲ ਹੈ ਕਿ ਇਸ ਉਪਰੰਤ ਇੱਕ ਨਵਾਂ ਦਰਦ ਸ਼ੁਰੂ ਹੋ ਜਾਂਦਾ ਹੈ - ਉਮਰ ਤੋਂ ਪਹਿਲਾਂ ਉਮਰ ਲੰਘ ਜਾਣ ਦਾ ਡਰ।

# ਤੇਜਪਾਲ ਦਾ ਰੂਸ ਦੀ ਫੌਜ ਵਿਚ ਭਰਤੀ ਹੋਣਾ

## ਦੋ ਕਹਾਣੀਆਂ : ਮੀਡੀਆ ਦੀ ਦੁਚਿੱਤੀ ਤੇ ਭਰੋਸੇਯੋਗਤਾ

-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਪੰਜਾਬ ਦਾ ਤੇਜਪਾਲ ਸਿੰਘ ਰੂਸ-ਯੂਕਰੇਨ ਜੰਗ ਵਿਚ ਰੂਸ ਵੱਲੋਂ ਲੜਦਾ ਹੋਇਆ ਬੀਤੇ ਦਿਨੀਂ ਮਾਰਿਆ ਗਿਆ। ਮੀਡੀਆ ਵਿਚ ਉਸਦੇ ਸੰਬੰਧ ਵਿਚ ਹੁਣ ਤੱਕ ਦੋ ਕਹਾਣੀਆਂ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਪ੍ਰਸਾਰਿਤ ਹੋਈਆਂ ਹਨ।

ਪਹਿਲੀ ਕਹਾਣੀ ਵਿਚ ਉਸਦੇ ਪਰਿਵਾਰ ਵੱਲੋਂ ਦੱਸਿਆ ਗਿਆ ਕਿ ਤੇਜਪਾਲ ਰੂਸ ਘੁੰਮਣ ਫਿਰਨ ਗਿਆ ਸੀ। ਉਸਨੂੰ ਜ਼ਬਰਦਸਤੀ ਰੂਸ ਦੀ ਫੌਜ ਵਿਚ ਸ਼ਾਮਲ ਕਰਕੇ ਜੰਗ ਦੇ ਮੈਦਾਨ ਵਿਚ ਲੜਨ ਲਈ ਯੂਕਰੇਨ ਭੇਜ ਦਿੱਤਾ ਗਿਆ ਹੈ। ਪਰਿਵਾਰ ਵੱਲੋਂ ਉਸਨੂੰ ਬਚਾਉਣ ਅਤੇ ਵਾਪਿਸ ਭਾਰਤ ਲਿਆਉਣ ਲਈ ਪੰਜਾਬ ਅਤੇ ਭਾਰਤ ਸਰਕਾਰ ਨੂੰ ਕੀਤੀਆਂ ਬੇਨਤੀਆਂ ਦੀਆਂ ਖ਼ਬਰਾਂ ਵੀ ਲਗਾਤਾਰ ਪ੍ਰਕਾਸ਼ਿਤ ਹੁੰਦੀਆਂ ਰਹੀਆਂ।

ਕੁਝ ਦਿਨ ਪਹਿਲਾਂ ਜਦ ਯੂਕਰੇਨ ਵਿਖੇ ਲੜਾਈ ਦੇ ਮੈਦਾਨ 'ਚ ਉਸਦੀ ਮੌਤ ਦੀ ਖ਼ਬਰ ਆਈ, ਤਾਂ 23 ਜੂਨ ਦੀਆਂ ਅਖ਼ਬਾਰਾਂ ਵਿਚ ਮੁੱਖ ਪੰਨਿਆਂ 'ਤੇ ਬਿਲਕੁਲ ਵੱਖਰੀ ਤੇ ਨਵੀਂ ਕਹਾਣੀ ਪੜ੍ਹਨ ਨੂੰ ਮਿਲੀ।

ਸੁਰਖੀ ਪੜ੍ਹ ਕੇ ਮੈਂ ਹੈਰਾਨ ਪ੍ਰੇਸ਼ਾਨ ਰਹਿ ਗਿਆ ਅਤੇ ਇਸ ਨਾਲ ਸੰਬੰਧਤ ਸਾਰੀਆਂ ਖ਼ਬਰਾਂ ਅੱਖਾਂ ਅੱਗੇ ਘੁੰਮਣ ਲੱਗੀਆਂ। ਸੁਰਖੀ ਸੀ, "ਫੌਜੀ ਬਣਨ ਦੀ ਇੱਛਾ ਨੇ ਪੰਜਾਬ ਦੇ ਤੇਜਪਾਲ ਨੂੰ ਪਾਇਆ ਰੂਸ-ਯੂਕਰੇਨ ਜੰਗ ਦੇ ਰਾਹ।"



ਉਹ ਭਾਰਤੀ ਫੌਜ ਵਿਚ ਭਰਤੀ ਹੋਣਾ ਚਾਹੁੰਦਾ ਸੀ। ਦੋ ਵਾਰ ਕੋਸ਼ਿਸ਼ ਵੀ ਕੀਤੀ ਪਰ ਸਫ਼ਲਤਾ ਨਹੀਂ ਮਿਲੀ। ਨੌਕਰੀ ਨਾ ਮਿਲਣ ਕਾਰਨ ਉਹ ਨਿਰਾਸ਼ ਤੇ ਉਦਾਸ ਰਹਿੰਦਾ ਸੀ। ਉਹ ਸਟੱਡੀ ਵੀਜ਼ਾ 'ਤੇ ਸਾਈਪ੍ਰਸ ਵੀ ਗਿਆ ਸੀ ਪਰ ਉਥੇ ਸੈੱਟ ਨਹੀਂ ਹੋ ਸਕਿਆ। ਜਦ ਉਸਦੇ ਇਕ ਦੋਸਤ ਨੇ ਦੱਸਿਆ ਕਿ ਰੂਸ ਵੱਲੋਂ ਨੌਜਵਾਨਾਂ ਦੀ ਭਰਤੀ ਕੀਤੀ ਜਾ ਰਹੀ ਹੈ, ਤਾਂ ਉਸਨੇ ਅਰਜ਼ੀ ਭੇਜ ਦਿੱਤੀ ਅਤੇ ਈ-ਵੀਜ਼ਾ ਵੀ ਮਿਲ ਗਿਆ। ਉਹ ਇਕੱਠੇ ਰੂਸ ਜਾ ਪਹੁੰਚੇ। ਪਹਿਲਾਂ ਉਨ੍ਹਾਂ ਨੂੰ ਸਿਖਲਾਈ ਦਿੱਤੀ ਗਈ। ਸਿਖਲਾਈ ਉਪਰੰਤ ਲੜਾਈ ਲਈ ਯੂਕਰੇਨ ਭੇਜ ਦਿੱਤਾ ਗਿਆ।

ਪਹਿਲੀ ਨਜ਼ਰੇ ਮਾਮਲਾ ਪਰਵਾਸ ਦਾ, ਵਿਦੇਸ਼ ਵਿਚ ਵੱਸਣ ਦੀ ਖ਼ਾਹਿਸ਼ ਦਾ ਵੀ ਜਾਪਦਾ ਹੈ। ਇਹਦੇ ਲਈ ਪੰਜਾਬੀ ਨੌਜਵਾਨ ਕੁਝ ਵੀ ਕਰਨ ਲਈ, ਜਾਨ ਜ਼ੋਖਮ ਵਿਚ ਪਾਉਣ ਲਈ ਵੀ ਤਿਆਰ ਹੋ ਜਾਂਦੇ ਹਨ। ਦੂਸਰੇ ਮੁਲਕ ਦੀ ਫੌਜ ਵਿਚ ਭਰਤੀ ਹੋ ਜਾਣਾ, ਸਖ਼ਤ ਸਿਖਲਾਈ ਵਿਚੋਂ ਲੰਘਣਾ ਅਤੇ ਫਿਰ ਯੂਕਰੇਨ ਦੀ ਧਰਤੀ 'ਤੇ ਲੜ੍ਹਨ ਮਰਨ ਲਈ ਘਮਸਾਣ ਦੇ ਯੁੱਧ ਵਿਚ ਪਹੁੰਚ ਜਾਣਾ ਜਾਂ ਤਾਂ ਨਿਰੋਲ ਮਜਬੂਰੀ ਹੈ ਜਾਂ ਜਨੂੰਨ। ਮੀਡੀਆ ਨੂੰ ਅਸਲੀਅਤ ਤੱਕ ਜ਼ਰੂਰ ਪੁੱਜਣਾ ਚਾਹੀਦਾ ਹੈ। ਸੱਚ ਸਾਹਮਣੇ ਲਿਆਉਣਾ ਚਾਹੀਦਾ ਹੈ। ਕੀ ਵਿਦੇਸ਼ ਵਿਚ ਵੱਸਣ ਦਾ ਸੁਪਨਾ ਐਨਾ ਭਿਆਨਕ ਵੀ ਹੋ ਸਕਦਾ ਹੈ ? ਪੰਜਾਬੀ ਨੌਜਵਾਨ ਘਰ-ਪਰਿਵਾਰ ਅਤੇ ਬਾਲ-ਬੱਚਿਆਂ ਬਾਰੇ ਸੋਚੇ ਬਗੈਰ ਹੀ ਅਜਿਹੇ ਖਤਰਨਾਕ ਕਦਮ ਉਠਾ ਰਹੇ ਹਨ। ਇਹ ਸੋਚੇ ਬਗੈਰ ਕਿ ਬਾਅਦ ਵਿਚ ਉਨ੍ਹਾਂ ਦਾ ਕੀ ਬਣੇਗਾ।

ਕੁਝ ਕੁ ਲੇਖਕ ਪਰਵਾਸ ਦੀਆਂ ਪ੍ਰੇਸ਼ਾਨੀਆਂ ਬਾਰੇ ਲਿਖ ਰਹੇ ਹਨ। ਬਹੁਤੇ ਚੁੱਪ ਹਨ। ਪੱਤਰਕਾਰ ਚਾਹੇ ਉਹ ਦੇਸ ਵਿਚ ਹਨ ਜਾਂ ਪ੍ਰਦੇਸ ਵਿਚ ਹਨ, ਇਸ ਵਿਸ਼ੇ 'ਤੇ ਕਦੇ ਨਿੱਠ ਕੇ ਗੱਲ ਨਹੀਂ ਕਰਦੇ। ਲੋਕਾਂ ਨੂੰ, ਮਾਪਿਆਂ ਨੂੰ, ਨੌਜਵਾਨਾਂ ਨੂੰ ਜ਼ਮੀਨੀ ਹਕੀਕਤ ਬਾਰੇ ਕਿਥੋਂ, ਕਿਵੇਂ ਪਤਾ ਲੱਗੇ।

ਕੈਨੇਡਾ ਵਿਚ ਧੜਾਧੜ ਵਿਦਿਆਰਥੀ ਜਾ ਰਹੇ ਹਨ। ਉਥੇ ਪਹੁੰਚ ਕੇ ਉਨ੍ਹਾਂ ਨੂੰ ਕਿਹੜੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕੀ ਉਹਦੇ ਲਈ ਉਹ ਮਾਨਸਿਕ ਤੌਰ 'ਤੇ ਇਥੋਂ ਤਿਆਰ ਹੋ ਕੇ ਗਏ ਸਨ। ਵੱਡਾ ਸਵਾਲ ਇਹ ਹੈ।

ਤੇਜਪਾਲ ਸਿੰਘ ਰੂਸ ਦੀ ਫੌਜ ਵਿਚ ਭਰਤੀ ਤਾਂ ਹੋ ਗਿਆ ਪਰੰਤੂ ਉਸਤੋਂ ਬਾਅਦ ਦੀ ਜ਼ਮੀਨੀ ਹਕੀਕਤ ਬਾਰੇ ਉਸਨੇ ਨਹੀਂ ਸੋਚਿਆ। ਆਪਣੇ ਪਰਿਵਾਰ ਨੂੰ ਵੀ ਸਹੀ ਜਾਣਕਾਰੀ ਨਹੀਂ ਦਿੱਤੀ।


ਕੁਝ ਮਹੀਨੇ ਪਹਿਲਾਂ ਡੀ.ਡੀ. ਪੰਜਾਬੀ ਦੇ ਚਰਚਿਤ ਪ੍ਰੋਗਰਾਮ 'ਗੱਲਾਂ ਤੇ ਗੀਤ' ਵਿਚ ਕੈਨੇਡਾ ਦੀ ਚਰਚਿਤ ਸ਼ਖ਼ਸੀਅਤ ਸੁੱਖੀ ਬਾਠ ਨੇ ਇਸ ਵਿਸ਼ੇ 'ਤੇ ਵਿਸਥਾਰਪੂਰਵਕ ਗੱਲ ਕੀਤੀ ਸੀ। ਉਨ੍ਹਾਂ ਦੱਸਿਆ ਸੀ ਕਿ ਕੈਨੇਡਾ ਵਿਚ ਪੜ੍ਹਨ ਜਾ ਰਹੇ ਬਹੁਤੇ ਵਿਦਿਆਰਥੀਆਂ ਦੀ ਆਰਥਿਕ, ਮਾਨਸਿਕ, ਸਰੀਰਕ ਤੇ ਸਮਾਜਕ ਸਥਿਤੀ ਡਾਵਾਂਡੋਲ ਹੁੰਦੀ ਹੈ। ਉਸਦੇ ਆਧਾਰ 'ਤੇ ਅਸੀਂ ਇਸ ਕਾਲਮ ਤਹਿਤ ਪਾਠਕਾਂ ਨੂੰ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਸੀ। ਅਜਿਹੀ ਹੀ ਕੋਸ਼ਿਸ਼ ਇਸ ਵਾਰ ਕੀਤੀ ਗਈ ਹੈ।

# 'ਦਿਲਾਂ ਦੀ ਜੂਹ'

## ਕਾਂਡ 17

-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA






ਦਿੱਲੀ ਅਜੇ ਦੂਰ ਸੀ।

ਉਨ੍ਹਾਂ ਦੀ ਫ਼ਲਾਈਟ ਦਾ ਟਾਈਮ ਲੰਘ ਚੁੱਕਾ ਸੀ।

ਫ਼ਲਾਈਟ ਤਾਂ ਕਦੋਂ ਦੀ ਜਾ ਚੁੱਕੀ ਸੀ।

ਗੁਰਮੀਤ ਦੀ ਕੈਨੇਡਾ ਬੈਠੇ ਪਤੀ ਨੂੰ ਫ਼ੋਨ ਕਰਨ ਦਾ ਦਿਲ ਨਹੀਂ ਪੈ ਰਿਹਾ ਸੀ। ਉਸ ਨੂੰ ਦਿਲੋਂ ਘੋਰ ਅਹਿਸਾਸ ਸੀ ਕਿ ਉਸ ਦਾ ਪਤੀ ਅਥਾਹ ਚਿੰਤਤ ਹੋਵੇਗਾ। ਪਰ ਉਸ ਨੇ ਚਾਹੁੰਣ ਦੇ ਬਾਵਜੂਦ ਵੀ ਉਸ ਨੂੰ ਫ਼ੋਨ ਨਾ ਕੀਤਾ। ਅਖੀਰ ਡਰਾਈਵਰ ਨੇ ਗੱਡੀ ਇੱਕ ਪ੍ਰਾਈਵੇਟ ਹਸਪਤਾਲ਼ ਦੇ ਸਾਹਮਣੇ ਲਿਆ ਲਾਈ।

ਗੀਤ ਨੂੰ ਚੁੱਕ ਕੇ ਉਹ ਅੰਦਰ ਲੈ ਗਏ।

ਗੀਤ ਅੰਦਰੋਂ ਖ਼ੂਨ ਪ੍ਰਨਾਲ਼ੇ ਵਾਂਗ ਵਗ ਕੇ ਸੁੱਕ ਗਿਆ ਸੀ। ਉਸ ਦੇ ਹੇਠਲੇ ਕੱਪੜੇ ਸੁੱਕੇ ਖ਼ੂਨ ਨਾਲ਼ ਆਕੜੇ ਹੋਏ ਸਨ। ਉਹ ਨਿਢਾਲ਼ ਪਈ ਅੱਧ ਖੁੱਲ੍ਹੀਆਂ ਅੱਖਾਂ ਨਾਲ਼ ਕਦੇ-ਕਦੇ ਮਾਂ ਵੱਲ ਦੇਖ ਲੈਂਦੀ ਸੀ। ਗੁਰਮੀਤ ਕੌਰ ਕਸੀਸ ਵੱਟੀ ਚੁੱਪ ਬੈਠੀ ਸੀ। ਉਸ ਦੀਆਂ ਸੁੱਕੀਆਂ ਅੱਖਾਂ ਕਿਸੇ ਖ਼ਲਾਅ ਵਿਚ ਤੱਕ ਰਹੀਆਂ ਸਨ। ਅੰਦਰੋਂ ਉਹ ਟੁੱਟ ਚੁੱਕੀ ਸੀ। ਉਸ ਦਾ ਉਜੜਿਆ ਦਿਲ ਉਸ ਅੰਦਰ ਖੁੰਘਰੀਆਂ ਮਾਰ ਰਿਹਾ ਸੀ। ਲਹੂ-ਲੁਹਾਣ ਰੂਹ ਨੁੱਚੜੀ ਜਾ ਰਹੀ ਸੀ।

ਦਿਲ ਕਰੜਾ ਕਰ ਕੇ ਗੁਰਮੀਤ ਨੇ ਸੰਖੇਪ ਗੱਲ ਡਾਕਟਰ ਨੂੰ ਸੁਣਾਈ।

-"ਕਿਤਨੇ ਲੋਗ ਥੇ..?" ਡਾਕਟਰ ਨੇ ਪੁੱਛਿਆ।

-"ਹੋਂਗੇ ਦਸ ਪੰਦਰਾਂ..!" ਉਸ ਨੇ ਹਿੱਕ 'ਤੇ ਪੱਥਰ ਰੱਖ ਕੇ ਦੱਸਿਆ।

-"ਦਸ ਪੰਦਰਾਂ..?" ਡਾਕਟਰ ਅਥਾਹ ਹੈਰਾਨ ਸੀ।

-"ਹਾਂ ਜੀ..!"

-"ਇਨਕੇ ਸਾਥ ਭੀ ਆਈਸਾ ਹੀ ਹੁਆ..!" ਡਰਾਈਵਰ ਨੇ ਗੁਰਮੀਤ ਵੱਲ ਹੱਥ ਕਰ ਕੇ ਆਖਿਆ।

-"ਮਾਂ ਬੇਟੀ ਕੇ ਦੋਨੋ ਕੇ ਸਾਥ..?" ਸ਼ਾਇਦ ਡਾਕਟਰ ਕੋਲ਼ ਸ਼ਬਦ ਮੁੱਕ ਗਏ।

-"ਵੋਹੀ ਬਦਮਾਸ਼ ਕਭੀ ਮਾਂ ਕੇ ਪਾਸ ਚਲੇ ਜਾਤੇ ਔਰ ਕਭੀ ਬੇਟੀ ਕੇ ਪਾਸ..!" ਆਖਦਾ ਡਰਾਈਵਰ ਰੋ ਪਿਆ।

-"ਹੌਰੀਬਲ..! ਸੋ ਸੈਡ..! ਵੈਰੀ ਬੈਡ..!" ਡਾਕਟਰ ਨੇ ਸਿਰ ਫ਼ੇਰਿਆ।

-"ਦੇਖੀਏ ਜੰਗਮੈਨ..! ਯੇਹ ਪੁਲੀਸ ਕੇਸ ਹੈ..! ਮਾਂ ਬੇਟੀ ਕੇ ਸਾਥ ਏਕ ਹੀ ਗਰੁੱਪ ਕੇ ਬਦਮਾਸ਼ੋਂ ਨੇ ਜਬਰ-ਜਨਾਹ ਕੀਆ, ਯੇਹ ਤੋ ਰਪਟ ਲਿਖਵਾਨੀ ਹੋਗੀ, ਨਹੀਂ ਤੋ ਪੁਲੀਸ ਹਮੇਂ ਭੀ ਤੰਗ ਕਰੇਗੀ..!"

-"ਡਾਕਟਰ ਸਾਹਿਬ, ਕਿਆ ਫ਼ਾਇਦਾ ਹੋਗਾ..? ਪੁਲੀਸ ਔਰ ਤੰਗ ਕਰੇਗੀ..! ਵੋਹ ਹੁਲੀਏ ਪੂਛੇਗੀ, ਬੀਸ ਸੁਆਲ ਕਰੇਗੀ, ਹਮੇਂ ਗੁੰਡੋਂ ਕੇ ਬਾਰੇ ਮੇਂ ਕੁਛ ਨਹੀਂ ਮਾਲੂਮ..! ਕਿਆ ਬਤਲਾਏਂਗੇ...? ਥਾਣੇ ਲਿਜਾ ਕਰ ਵੋਹ ਔਰ ਪ੍ਰੇਸ਼ਾਨ ਕਰੇਂਗੇ..! ਹਮਾਰਾ ਪਹਿਲੇ ਹੀ ਬਹੁਤ ਨੁਕਸਾਨ ਹੋ ਚੁੱਕਾ ਹੈ, ਕ੍ਰਿਪਯਾ ਕਰ ਕੇ ਆਪ ਲੜਕੀ ਕਾ ਇਲਾਜ ਕਰ ਦੀਜੀਏ, ਹਮ ਚੁੱਪ ਚਾਪ ਨਿਕਲ ਜਾਏਂਗੇ, ਆਪ ਕੀ ਬਹੁਤ ਮਿਹਰਬਾਨੀ ਹੋਗੀ..!"

ਕਿਸੇ ਡੂੰਘੀ ਸੋਚ ਵਿਚ ਡਾਕਟਰ ਨੇ ਆਪਣਾ ਗੰਜਾ ਸਿਰ ਖੁਰਕਿਆ ਨਹੀਂ, ਸਗੋਂ ਝਰੀਟਿਆ ਸੀ।

ਉਹ ਅਜੀਬ ਉਧੇੜ-ਬੁਣ ਵਿਚ ਉਲਝਿਆ ਹੋਇਆ ਸੀ।

-"ਅੰਦਰ ਲੇ ਚਲੋ..!" ਉਸ ਨੇ ਨਰਸਾਂ ਨੂੰ ਉਭੜਵਾਹੇ ਕਿਹਾ।

ਗੀਤ ਨੂੰ ਅੰਦਰ ਲੈ ਗਏ।

ਡਾਕਟਰ ਨੇ ਉਸ ਦਾ ਮੁਆਇਨਾ ਕੀਤਾ। ਲੋੜੀਂਦੇ ਟੀਕੇ ਲਾਏ। ਜ਼ਖ਼ਮਾਂ 'ਤੇ ਮੱਲ੍ਹਮ ਲਾਈ। ਗੀਤ ਕੁਝ ਕੁ ਸੁਰਤ ਫੜ ਗਈ। ਡਾਕਟਰ ਨੇ ਗੁਰਮੀਤ ਦਾ ਇਲਾਜ ਕਰਨਾ ਚਾਹਿਆ ਤਾਂ ਉਸ ਨੇ ਸਿਰ ਫ਼ੇਰ ਦਿੱਤਾ। ਸਰੀਰਕ ਕਸ਼ਟ ਨਾਲ਼ੋਂ ਮਾਨਸਿਕ ਕਸ਼ਟ ਉਸ 'ਤੇ ਭਾਰੂ ਸੀ। ਕੁਝ ਸੋਚ ਕੇ ਡਾਕਟਰ ਚੁੱਪ ਕਰ ਗਿਆ। ਡਰਾਈਵਰ ਅਤੇ ਬੱਗੇ ਦੇ ਪੱਟੀਆਂ ਕਰ ਕੇ ਟੀਕੇ ਲਾਏ ਗਏ।

ਕਾਰਵਾਈ ਉਪਰੰਤ ਡਾਕਟਰ ਨੇ ਸਥਾਨਕ ਪੁਲਿਸ ਸਟੇਸ਼ਨ ਨੂੰ ਫ਼ੋਨ ਮਿਲਾ ਲਿਆ।

-"ਪੁਲੀਸ ਸਟੇਸ਼ਨ, ਦਰੋਗਾ ਸ਼ੀਸ਼ਪਾਲ ਸਪੀਕਿੰਗ..!" ਉਧਰੋਂ ਅਵਾਜ਼ ਆਈ।

ਡਾਕਟਰ ਨੇ ਸੰਖੇਪ ਵਿਚ ਸਾਰਾ ਬ੍ਰਿਤਾਂਤ ਕਹਿ ਸੁਣਾਇਆ।

-"ਤੋ ਹਮ ਕਿਆ ਕਰੇਂ..? ਐਸੀ ਵਾਰਦਾਤੇਂ ਤੋ ਹਫ਼ਤੇ ਸੇ ਹੋਤੀ ਆ ਰਹੀ ਹੈਂ..! ਹਮੇਂ ਦੰਗਾਕਾਰੀ ਚੈਨ ਨਹੀਂ ਲੇਨੇ ਦੇਤੇ, ਉਪਰ ਸੇ ਆਪ ਡਾਕਟਰ ਲੋਗ ਭੀ ਪ੍ਰੇਸ਼ਾਨ ਕਰਨੇ ਲਗ ਗਏ..?" ਪੁਲਿਸ ਕਰਮਚਾਰੀ ਨੇ ਅੱਗ ਉਗਲ਼ੀ। ਉਸ ਦੀ ਆਵਾਜ਼ ਅਤੇ ਬੋਲਣ ਦੇ ਅੰਦਾਜ਼ ਤੋਂ ਪਤਾ ਚੱਲਦਾ ਸੀ ਕਿ ਉਸ ਨੇ ਰੱਜ ਕੇ ਸ਼ਰਾਬ ਪੀਤੀ ਹੋਈ ਸੀ। ਪਤਾ ਨਹੀਂ ਕਿਸ-ਕਿਸ ਦਾ ਗੁੱਸਾ ਉਸ ਨੇ ਡਾਕਟਰ ਉਪਰ ਕੱਢਿਆ ਸੀ।

-"ਜਨਾਬ, ਲੜਕੀ ਔਰ ਉਸ ਕੀ ਮਾਂ ਕੇ ਸਾਥ ਗੈਂਗ ਰੇਪ ਹੂਆ ਹੈ, ਏਕ ਹੀ ਗੈਂਗ ਕੇ ਲੋਗੋਂ ਨੇ ਮਾਂ-ਬੇਟੀ ਕੇ ਸਾਥ ਬਲਾਤਕਾਰ ਕੀਆ..! ਪਹਿਲੇ ਬੇਟੀ ਕੋ ਨਿਸ਼ਾਨਾ ਬਣਾਇਆ, ਔਰ ਫ਼ਿਰ ਮਾਂ ਕੋ..!"

-"ਤੋ ਮੈਂ ਕਿਆ ਕਰੂੰ..? ਅਗਰ ਕੋਈ ਕਮੀ ਬਾਕੀ ਰਹਿ ਗਈ ਹੋ, ਤੋ ਮੇਰੇ ਪਾਸ ਲੇ ਆਓ, ਮਾਂ-ਬੇਟੀ ਕੀ ਰਹਿਤੀ ਕਮੀ ਹਮ ਪੂਰੀ ਕਰਦੇਂਗੇ...!"

-"..............!" ਡਾਕਟਰ ਚੁੱਪ ਵੱਟ ਗਿਆ। ਕਾਨੂੰਨ ਦੇ ਰਖਵਾਲਿਆਂ ਹੱਥੋਂ ਕਾਨੂੰਨ ਦਾ ਉਡਦਾ ਮਜ਼ਾਕ ਉਹ ਪ੍ਰਤੱਖ ਦੇਖ ਰਿਹਾ ਸੀ।

-"ਜਨਾਬ ਏਕ ਵਾਰ ਆ ਕਰ ਦੇਖ ਤੋ ਲੇਤੇ..!" ਜਾਂਦੀ ਆਸ ਦਾ ਪੱਲਾ ਫੜ ਕੇ ਡਾਕਟਰ ਨੇ ਕਿਹਾ।

-"ਦੇਖੋ ਡਾਕਟਰ..! ਇਤਨੀ ਰਾਤ ਹੋ ਚੁੱਕੀ ਹੈ, ਹਮ ਪਹਿਲੇ ਸੇ ਹੀ ਬਹੁਤ ਮਸ਼ਰੂਫ਼ ਔਰ ਪ੍ਰੇਸ਼ਾਨ ਹੈਂ, ਯੇਹ ਬੇ-ਮਤਲਬ ਬਾਤੇਂ ਸੁਨਾ ਕਰ ਹਮਾਰਾ ਸਮਾਂ ਮੱਤ ਬਰਬਾਦ ਕਰੇਂ, ਨਹੀਂ ਤੋ ਅੱਛਾ ਨਹੀਂ ਹੋਗਾ...! ਆਪਨੇ ਹੋਨੇ ਵਾਲੇ ਹਸ਼ਰ ਸੇ ਡਰੀਏ, ਮੂੰਹ ਬੰਦ ਰੱਖੀਏ, ਔਰ ਚਾਦਰ ਲੇ ਕਰ ਸੋ ਜਾਈਏ, ਸਮਝੇ..? ਤੂ ਤੋ ਆਈਸੇ ਹਮਦਰਦੀ ਕਰ ਰਹਾ ਹੈ, ਜਾਈਸੇ ਤੁਮਾਰੀ ਅਪਨੀ ਬੇਟੀ ਸੇ ਬਲਾਤਕਾਰ ਹੁਆ ਹੋ..? ਅਪਨੀ ਔਕਾਤ ਮੇ ਰਹੀਏ ਔਰ ਹਮਾਰੀ ਜਾਨ ਮੱਤ ਖਾਈਏ, ਨਹੀਂ ਹਮ ਤੁਝੇ ਅੰਦਰ ਕਰ ਦੇਂਗੇ, ਹਰਾਮਜ਼ਾਦਾ...!" ਫ਼ੋਨ ਕੱਟਿਆ ਗਿਆ।

-"..............!" ਡਾਕਟਰ ਨੂੰ ਮੁੜ੍ਹਕਾ ਆ ਗਿਆ। ਉਹ ਰਿਸੀਵਰ ਫੜੀ ਮਜ਼ੌਰਾਂ ਦੀ ਮਾਂ ਵਾਂਗੂੰ ਝਾਕ ਰਿਹਾ ਸੀ। ਕਾਨੂੰਨ ਦੀ ਹੁੰਦੀ ਖੁਰਵੱਢ ਉਸ ਨੇ ਪ੍ਰਤੱਖ ਦੇਖ ਲਈ ਸੀ। ਅੰਨ੍ਹੀ ਨੂੰ ਬੋਲ਼ਾ ਘੜੀਸ ਰਿਹਾ ਸੀ। ਕਿਤੇ ਕੋਈ ਪੁੱਛ-ਪੜਤਾਲ਼ ਨਹੀਂ ਸੀ। ਕੁੱਤੀ ਚੋਰਾਂ ਨਾਲ਼ ਰਲ਼ੀ ਹੋਈ ਸੀ। ਬੰਦੇ ਦੀ ਤਾਂ ਕੋਈ ਕਦਰ-ਕੀਮਤ ਹੀ ਨਹੀਂ ਬਚੀ ਸੀ। ਅਪੀਲ, ਦਲੀਲ ਦੋਨੋਂ ਸੂਲ਼ੀ 'ਤੇ ਲਟਕ ਰਹੇ ਸਨ।

ਡਾਕਟਰ ਦਾ ਦਿਲ ਘਟਣ ਲੱਗ ਪਿਆ।

ਉਸ ਨੇ ਇੱਕ ਗੋਲ਼ੀ ਲਈ।

ਗੁਰਮੀਤ ਦੀ ਹਾਲਤ ਵੀ ਤਰਸਯੋਗ ਬਣੀ ਹੋਈ ਸੀ। ਆਪਣੀ ਧੀ ਗੀਤ ਕਾਰਨ ਜੋ ਪ੍ਰੇਸ਼ਾਨ ਸੀ, ਉਹ ਤਾਂ ਸੀ ਹੀ, ਪਰ ਜਿਹੜਾ ਉਸ ਨਾਲ਼ ਬਲਾਤਕਾਰ ਹੁੰਦਿਆਂ ਉਸ ਦੇ ਪੁੱਤਰ ਜੋਬਨ ਨੇ ਅੱਖੀਂ ਦੇਖ ਲਿਆ ਸੀ, ਇਹ ਉਸ ਲਈ ਅਥਾਹ ਉਦਾਸੀ ਦਾ ਕਾਰਨ ਬਣਿਆਂ ਹੋਇਆ ਸੀ ਅਤੇ ਉਹ ਬੁਰੀ ਤਰ੍ਹਾਂ ਅੰਦਰੋਂ ਤਿੜਕ ਗਈ ਸੀ।

ਅਚਾਨਕ ਬਾਹਰੋਂ ਡਾਕਟਰ ਦਾ ਲੜਕਾ ਹਫ਼ਿਆ ਅੰਦਰ ਆਇਆ।

ਉਸ ਦਾ ਸਾਹ ਨਾਲ਼ ਸਾਹ ਨਹੀਂ ਰਲ਼ਦਾ ਸੀ।

-"ਕਿਆ ਹੂਆ..?" ਡਾਕਟਰ ਦਾ ਦਿਲ ਹਿੱਲ ਗਿਆ।

-"ਦੰਗਾਕਾਰੀਓਂ ਨੇ ਪਿਛਲੇ ਚੌਕ ਮੇਂ ਬਾਵਾ ਜੀ ਦਾ ਕਾ ਡੇਰਾ ਸਾੜ ਦੀਆ..!" ਉਸ ਨੇ ਅਜੀਬ ਸੁਣਾਈ ਕੀਤੀ।

-"ਹੇ ਭਗਵਾਨ...! ਜੋ ਲੋਗ ਪ੍ਰਵਰਦਿਗਾਰ ਕੋ ਨਹੀਂ ਬਖ਼ਸ਼ਤੇ, ਵੋਹ ਬੰਦੋਂ ਕੋ ਕਿਆ ਬਖ਼ਸ਼ੇਂਗੇ..?" ਡਾਕਟਰ ਅੰਦਰੋਂ ਠੰਢਾ ਹਾਉਕਾ ਨਿਕਲ਼ ਗਿਆ, "ਅੰਦੋਲਨਕਾਰੀ ਤੋ ਅਪਨਾ ਅੰਦੋਲਨ ਕਰ ਰਹੇ ਹੈਂ, ਮਗਰ ਯੇਹ ਗੁੰਡੇ ਉਨ ਕਾ ਭੇਸ ਧਾਰ ਕਰ ਐਸੀ ਘਿਨਾਉਣੀ ਹਰਕਤੇਂ ਕਰਤੇ ਹੈਂ..!"

-"ਵੈਸੇ ਅਬ ਸੜਕੋਂ ਪਰ ਆਰਮੀ ਤਾਇਨਾਤ ਕਰ ਦੀ ਗਈ ਹੈ..!"

-"ਆਜ ਦਸ ਦਿਨ ਬਾਅਦ ਆਰਮੀ ਤਾਇਨਾਤ ਕੀ ਗਈ, ਅਗਰ ਪਹਿਲੇ ਦਿਨ ਹੀ ਆਰਮੀ ਲਗਾ ਦੇਤੇ, ਨਾ ਤੋ ਇਤਨਾ ਨੁਕਸਾਨ ਹੋਤਾ, ਔਰ ਨਾ ਐਸੀ ਹਰਕਤੇਂ ਹੋਤੀ..!"

"ਆਰਮੀ ਤਾਇਨਾਤ" ਸੁਣ ਕੇ ਗੁਰਮੀਤ ਨੇ ਕੁਝ ਹੌਂਸਲਾ ਫੜਿਆ ਅਤੇ ਉਹ ਡਾਕਟਰ ਤੋਂ ਦੁਆਈ ਅਤੇ ਇਜਾਜ਼ਤ ਲੈ ਦਿੱਲੀ ਨੂੰ ਰਵਾਨਾ ਹੋ ਗਏ।

ਦਿੱਲੀ ਇੱਕ ਹੋਟਲ ਵਿਚ ਕਮਰਾ ਲੈ ਕੇ ਉਨ੍ਹਾਂ ਨੇ ਇਸ਼ਨਾਨ ਕੀਤਾ।

ਡੀਟੋਲ ਨਾਲ਼ ਜ਼ਖ਼ਮ ਧੋਤੇ।

ਗੁਰਮੀਤ ਨੇ ਖ਼ੁਦ ਗੀਤ ਨੂੰ ਨੁਹਾਇਆ। ਗੀਤ ਦੇ ਖ਼ੁਰਚੇ ਸਰੀਰ 'ਤੇ ਪਾਣੀ ਮਿਰਚਾਂ ਵਾਂਗ ਲੱਗਦਾ ਸੀ। ਪਰ ਉਹ ਕਸੀਸ ਵੱਟ ਕੇ ਨਹਾ ਲਈ। ਜ਼ਖ਼ਮਾਂ ਦਾ ਸੁੱਕਿਆ ਖ਼ੂਨ ਗਰਮ ਪਾਣੀ ਪਾ-ਪਾ ਮਸਾਂ ਲਾਹਿਆ ਸੀ।

ਅਗਲੇ ਦਿਨ ਉਨ੍ਹਾਂ ਨੇ ਗੁਜ਼ਾਰੇ ਜੋਕਰੇ ਕੱਪੜੇ ਖਰੀਦ ਲਏ ਅਤੇ ਹੋਟਲ ਦਾ ਹਿਸਾਬ-ਕਿਤਾਬ ਕਰ ਕੇ ਏਅਰਲਾਈਨ ਦੇ ਦਫ਼ਤਰ ਨੂੰ ਤੁਰ ਪਏ।

ਜਿੱਥੇ ਇਤਨੀ ਦੁਨੀਆਂ ਨੇ ਪ੍ਰਵਾਸੀਆਂ ਨਾਲ਼ ਧੱਕਾ ਕਰਨ ਵਾਲ਼ੀ ਕੋਈ ਕਸਰ ਬਾਕੀ ਨਹੀਂ ਛੱਡੀ ਸੀ, ਓਥੇ ਏਅਰਲਾਈਨਜ਼ ਵਾਲ਼ੇ ਵੀ ਆਪਣਾ ਭਰਪੂਰ "ਯੋਗਦਾਨ" ਪਾ ਰਹੇ ਸਨ। ਟਿਕਟਾਂ ਦੇ ਭਾਅ ਅੰਬਰੀਂ ਜਾ ਚੜ੍ਹੇ ਸਨ। ਗੌਰਮਿੰਟ ਜਾਂ ਪ੍ਰਸ਼ਾਸਨ ਨੂੰ ਪਤਾ ਹੋਣ ਦੇ ਬਾਵਜੂਦ ਵੀ ਕਿਸੇ ਵੀ ਏਅਰਲਾਈਨ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਸੀ, ਕੋਈ ਐਕਸ਼ਨ ਨਹੀਂ ਲਿਆ ਜਾ ਰਿਹਾ ਸੀ। ਦਿੱਲੀ ਤੋਂ ਸ੍ਰੀ ਅੰਮ੍ਰਿਤਸਰ ਜਾਣ ਵਾਲ਼ੀ ਫ਼ਲਾਈਟ ਦੀ ਟਿਕਟ ਚਾਰ ਹਜ਼ਾਰ ਰੁਪਏ ਦੀ ਬਜਾਏ ਚਾਲ਼ੀ-ਚਾਲ਼ੀ ਹਜ਼ਾਰ ਰੁਪਏ ਵਿਚ ਵੇਚੀ ਜਾ ਰਹੀ ਸੀ। ਏਅਰਲਾਈਨਜ਼ ਵਾਲ਼ਿਆਂ ਦੇ ਦੋਹੀਂ ਹੱਥੀਂ ਲੱਡੂ ਸਨ। ਵਗਦੀ ਗੰਗਾ ਵਿਚ ਬੜੀ ਰੀਝ ਨਾਲ਼ ਅਤੇ ਠੋਕ ਵਜਾ ਕੇ ਹੱਥ ਧੋਤੇ ਜਾ ਰਹੇ ਸਨ। "ਬਾਹਰਲਿਆਂ" ਤੋਂ ਭਿਆਨਕ ਸਮੇਂ ਦਾ ਭਰਪੂਰ 'ਲਾਹਾ' ਲਿਆ ਜਾ ਰਿਹਾ ਸੀ।

-"ਆਪ ਕੀ ਫ਼ਲਾਈਟ ਤੋ ਕੱਲ੍ਹ ਰਾਤ ਕੀ ਥੀ ਮੈਡਮ, ਔਰ ਆਪ ਆਜ ਆਏ ਹੈਂ..!" ਇੱਕ ਬੇਈਮਾਨ ਜਿਹੀਆਂ ਅੱਖਾਂ ਵਾਲ਼ੇ ਕਰਮਚਾਰੀ ਨੇ ਨਜ਼ਰ ਦੀ ਸ਼ਿਸ਼ਤ ਸਿੱਧੀ ਗੁਰਮੀਤ ਦੀਆਂ ਅੱਖਾਂ ਵਿਚ ਸਾਧੀ ਹੋਈ ਸੀ।

-"ਅੰਦੋਲਨਕਾਰੀਓਂ ਨੇ ਹਮੇਂ ਆਨੇ ਨਹੀਂ ਦੀਆ ਜਨਾਬ, ਸੜਕੋਂ ਪਰ ਧਰਨੇ ਲਗਾਈ ਬੈਠੇ ਹੈਂ, ਆਪ ਕੋ ਮਾਲੂਮ ਹੀ ਹੋਗਾ, ਮੈਡਮ ਪਹਿਲੇ ਸੇ ਹੀ ਬਹੁਤ ਪ੍ਰੇਸ਼ਾਨ ਹੈਂ, ਪਲੀਜ਼ ਕੁਛ ਕਰੀਏ..!" ਡਰਾਈਵਰ ਨੇ ਉਸ ਦੀ ਬਦਨੀਤ ਨੂੰ ਭਾਂਪਦੇ ਹੋਏ ਕਿਹਾ, "ਆਪ ਖ਼ੁਦ ਦੇਖ ਲੀਜੀਏ, ਗੁੰਡੋਂ ਨੇ ਹਮਾਰੇ ਸਾਥ ਕਿਆ-ਕਿਆ ਸਲੂਕ ਕੀਆ..!" ਡਰਾਈਵਰ ਨੇ ਬੱਝੀਆਂ ਪੱਟੀਆਂ ਵੱਲ ਉਸ ਦਾ ਧਿਆਨ ਦੁਆਇਆ।

-"ਉਸ ਮੇਂ ਹਮਾਰਾ ਜਾਂ ਹਮਾਰੀ ਏਅਰਲਾਈਨ ਕਾ ਤੋ ਕੋਈ ਕਸੂਰ ਨਹੀਂ ਹੈ ਸਰਕਾਰ..! ਹਮਾਰੀ ਏਅਰਲਾਈਨ ਕੀ ਸੀਟੇਂ ਤੋ ਖਾਲੀ ਗਈ ਹੈਂ ਨ੍ਹਾਂ..?"

-"ਆਪ ਚਾਹਤੇ ਕਿਆ ਹੈਂ..?" ਗੁਰਮੀਤ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਸੀ। ਉਸ ਨੂੰ ਕਰਮਚਾਰੀ ਦੀਆਂ ਚਲਾਕੀਆਂ 'ਤੇ ਰਹਿ-ਰਹਿ ਕੇ ਗੁੱਸਾ ਆਈ ਜਾ ਰਿਹਾ ਸੀ, ਪਰ ਮਜਬੂਰੀ-ਵੱਸ ਉਸ ਭਰੀ ਪੀਤੀ ਸੁਣੀ ਜਾ ਰਹੀ ਸੀ।

-"ਦੇਖੀਏ ਮੈਡਮ ਜੀ..! ਤੀਨ ਟਿਕਟੇਂ ਕਾ ਨੌ ਸੌ ਡਾਲਰ ਲਗੇਗਾ..!" ਉਸ ਨੇ ਭੇਣ ਤੋਂ ਲਾਹ ਦਿੱਤੀ।

-"ਆਹ ਚੱਕ ਕਰੈਡਿਟ ਕਾਰਡ ਤੇ ਟਿਕਟਾਂ ਕਰ..!" ਗੁਰਮੀਤ ਨੇ ਕਰੈਡਿਟ ਕਾਰਡ ਕੱਢ ਕੇ ਉਸ ਦੇ ਮੱਥੇ ਮਾਰਿਆ।

ਕਰਮਚਾਰੀ ਨੇ ਪੈਸੇ ਕਰੈਡਿਟ ਕਾਰਡ ਵਿਚੋਂ ਕੱਢ ਲਏ ਅਤੇ ਟਿਕਟਾਂ ਕਰ ਦਿੱਤੀਆਂ।

-"ਕੱਲ੍ਹ ਸ਼ਾਮ ਕੀ ਫ਼ਲਾਈਟ ਹੈ, ਰਾਤ ਬਾਰਾਂ ਤੀਸ ਪਰ..! ਨੌਨ-ਸਟਾਪ ਲੰਡਨ ਕੋ ਚਲੇਗੀ, ਔਰ ਲੰਡਨ ਸੇ ਆਗੇ ਆਪ ਕੀ ਫ਼ਲਾਈਟ ਕਾ ਵੋਹੀ ਸ਼ਡਿਊਅਲ ਹੈ, ਜੈਸਾ ਆਪ ਨੇ ਬੁੱਕ ਕੀਆ ਥਾ...! ਮਤਲਬ ਤੀਨ ਦਿਨ ਰੁਕ ਕਰ ਆਗੇ ਵੈਨਕੂਵਰ...!"

-"ਜਨਾਬ, ਆਜ ਕੀ ਕੋਈ ਫ਼ਲਾਈਟ ਨਹੀਂ ਹੈ..?" ਡਰਾਈਵਰ ਨੇ ਪੁੱਛਿਆ।

-"ਹੋਤੀ ਤੋ ਦੇ ਨਾ ਦੇਤਾ, ਜਨਾਬ..? ਸਭੀ ਫ਼ਲਾਈਟਸ ਬੁੱਕ ਜਾ ਰਹੀ ਹੈਂ..!" ਉਸ ਨੇ ਰੁੱਖਾ ਅਤੇ ਖਰਵਾਂ ਜਿਹਾ ਉੱਤਰ ਦਿੱਤਾ।

ਉਹ ਟਿਕਟਾਂ ਚੁੱਕ ਬਾਹਰ ਆ ਗਏ।

ਗੀਤ ਤੋਂ ਅਜੇ ਵੀ ਚੱਜ ਨਾਲ਼ ਤੁਰਿਆ ਨਹੀਂ ਜਾਂਦਾ ਸੀ। ਗ਼ੌਰ ਨਾਲ਼ ਦੇਖਣ ਤੋਂ ਉਹ ਇੰਜ ਜਾਪਦੀ ਸੀ, ਜਿਵੇਂ ਵਰ੍ਹਿਆਂ ਤੋਂ ਬਿਮਾਰ ਸੀ। ਉਸ ਦੇ ਦਿਲ ਦਿਮਾਗ ਉਪਰ ਬੁੱਚੜ ਬਲਾਤਕਾਰੀਆਂ ਦੇ ਡਰਾਉਣੇ ਅਤੇ ਭਿਆਨਕ ਚਿਹਰੇ ਭਾਰੂ ਸਨ। ਕੈਨੇਡਾ ਵਿਚ ਜੰਮੀ ਪਲ਼ੀ ਗੀਤ ਇਹ ਸੋਚ ਰਹੀ ਸੀ ਕਿ ਕੀ ਆਦਮੀ ਇਤਨਾ ਕਰੂਰ ਅਤੇ ਬੇਕਿਰਕ ਵੀ ਹੋ ਸਕਦਾ ਸੀ..? ਕੀ ਕਾਨੂੰਨ ਦੇ ਰਖਵਾਲੇ ਇਤਨੀ ਵੱਡੀ ਵਾਰਦਾਤ ਨੂੰ "ਲੁੱਲ੍ਹ-ਪੰਜੂ" ਹੀ ਸਮਝਦੇ ਸਨ....? ਗੀਤ ਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਉਹ ਹੋਟਲ ਆ ਗਏ।

ਡਰਾਈਵਰ ਨੇ ਉੱਤਰ ਕੇ ਦੋ ਕਮਰੇ ਬੁੱਕ ਕਰਵਾਏ ਅਤੇ ਸਾਰੇ ਆਪਣੇ-ਆਪਣੇ ਕਮਰਿਆਂ ਵਿਚ ਚਲੇ ਗਏ। ਬੱਗਾ ਗੁੰਮ-ਸੁੰਮ ਹੋਇਆ ਫ਼ਿਰਦਾ ਸੀ। ਉਸ ਨੇ ਓਦੋਂ ਤੋਂ ਲੈ ਕੇ ਹੁਣ ਤੱਕ ਗੁਰਮੀਤ ਨਾਲ਼ ਇੱਕ ਸ਼ਬਦ ਵੀ ਸਾਂਝਾ ਨਹੀਂ ਕੀਤਾ ਸੀ। ਉਸ ਦੇ ਅੰਦਰ ਵੜੀ ਨਮੋਸ਼ੀ ਉਸ ਨੂੰ ਅੰਦਰੋਂ ਵਿਆਕੁਲ ਕਰੀ ਆ ਰਹੀ ਸੀ। ਇਸ ਲਈ ਉਹ ਅੰਦਰੋਂ ਉਖੜਿਆ ਪਿਆ ਸੀ। ਗੁੰਡਿਆਂ ਦੀ ਘਿਨਾਉਣੀ ਕਰਤੂਤ ਅਤੇ ਸੀਨਾਂ ਜ਼ੋਰੀ ਨੇ ਉਸ ਨੂੰ ਅੰਦਰੋਂ ਬੁਰੀ ਤਰ੍ਹਾਂ ਤੋੜ ਦਿੱਤਾ ਸੀ।

ਗੁਰਮੀਤ ਨੇ ਫ਼ਿਰ ਗੀਤ ਨੂੰ ਮਲ਼-ਮਲ਼ ਕੇ ਨੁਹਾਇਆ। ਗੀਤ ਦੇ ਜ਼ਖ਼ਮ ਅਜੇ ਵੀ ਚਸਕਾਂ ਮਾਰਦੇ ਸਨ। ਪਰ ਉਹ ਕਸੀਸ ਵੱਟ ਕੇ ਨਹਾਉਂਦੀ ਰਹੀ ਸੀ। ਗਰਮ ਪਾਣੀ ਉਸ ਨੂੰ ਸਕੂਨ ਦੇ ਰਿਹਾ ਸੀ।

ਜੋਬਨ ਨਹਾਉਣ ਨੂੰ ਤਿਆਰ ਨਹੀਂ ਸੀ।

ਉਹ ਮੋਮ ਦੇ ਬੁੱਤ ਵਾਂਗ ਚੁੱਪ ਬੈਠਾ ਸੀ।

ਗੁਰਮੀਤ ਨੇ ਇੱਕ ਤਰ੍ਹਾਂ ਨਾਲ਼ ਧੱਕਾ ਦੇ ਕੇ ਉਸ ਨੂੰ ਬਾਥਰੂਮ ਵਾੜ ਦਿੱਤਾ, ਤਾਂ ਉਹ ਸਾਊ ਪੁੱਤਰ ਵਾਂਗ ਚੁੱਪ-ਚਾਪ ਨਹਾਉਣ ਲੱਗ ਪਿਆ। ਉਹ ਦੁਖੀ ਮਾਂ ਦਾ ਦਿਲ ਹੋਰ ਦੁਖੀ ਨਹੀਂ ਕਰਨਾ ਚਾਹੁੰਦਾ ਸੀ। ਜਿਸ ਦਿਨ ਦੀ ਇਹ ਵਾਰਦਾਤ ਹੋਈ ਸੀ, ਉਸ ਦਿਨ ਦਾ ਉਹ ਉਧ-ਮਧੂਣਾਂ ਜਿਹਾ ਹੋਇਆ ਤੁਰਿਆ ਫ਼ਿਰਦਾ ਸੀ। ਉਸ ਦਾ ਘਤਿੱਤੀ ਅਤੇ ਅੜੀਅਲ ਸੁਭਾਅ ਇੱਕ ਦਮ ਬਦਲ ਗਿਆ ਸੀ। ਗੀਤ ਵੀ ਬੜੀ ਹੱਸਮੁੱਖ, ਚੁਲਬੁਲੀ ਅਤੇ ਸ਼ਰਾਰਤੀ ਕੁੜੀ ਸੀ। ਪਰ ਹੁਣ ਉਹ ਵੀ ਨੀਮ ਪਾਗਲ ਜਿਹੀ ਹੋਈ ਚੁੱਪ ਵੱਟੀ ਫ਼ਿਰਦੀ ਸੀ।

ਬੱਚਿਆਂ ਨੂੰ ਨੁਹਾ ਕੇ ਗੁਰਮੀਤ ਆਪ ਵੀ ਨਹਾਤੀ।

ਉਸ ਨੇ ਸਾਬਣ ਲਾ ਕੇ ਆਪਣੇ ਸਰੀਰ ਨੂੰ ਰਗੜ-ਰਗੜ ਧੋਤਾ ਸੀ।

ਪਰ ਉਸ ਨੂੰ ਆਪਣੇ ਸਰੀਰ ਵਿਚੋਂ ਕਚਿਆਣ ਅਤੇ ਅਜੀਬ ਜਿਹੀ ਬੂਅ ਆ ਰਹੀ ਸੀ। ਉਸ ਦੇ ਸਰੀਰ ਨੂੰ ਮਾਸਖੋਰੀਆਂ ਗਿਰਝਾਂ ਨੇ ਬੁਰਕੀਆਂ ਕੱਢ-ਕੱਢ ਨੋਚਿਆ ਸੀ। ਬਲਾਤਕਾਰੀ ਇੱਕ ਪਲ ਵੀ ਉਸ ਦੇ ਧਿਆਨ 'ਚੋਂ ਪਾਸੇ ਨਾ ਹੱਟਦੇ। ਉਸ ਅੰਦਰ ਵਿਦਰੋਹ ਦੀ ਅੱਗ ਬਲ਼ਦੀ, ਭਾਂਬੜ ਮੱਚਦੇ। ਪਰ ਉਹ ਸਾਰਾ ਕੁਝ ਅੰਦਰੇ-ਅੰਦਰ ਹੀ ਜਜ਼ਬ ਕਰ ਰਹੀ ਸੀ। ਇਹ ਉਸ ਦੀ ਹੋਣੀ ਸੀ, ਸੋਚ ਕੇ ਉਹ ਚੁੱਪ ਕਰ ਜਾਂਦੀ। ਗੀਤ ਨਾਲ਼ ਹੋਇਆ ਦੁਰ-ਵਿਵਹਾਰ ਉਸ ਨੂੰ ਅੰਦਰੋਂ ਭੰਨੀ ਤੋੜੀ ਜਾ ਰਿਹਾ ਸੀ। ਰਾਤ ਨੂੰ ਉਸ ਦੀ ਅੱਖ ਨਹੀਂ ਲੱਗਦੀ ਸੀ। ਜੇ ਥੱਕੀ ਹੋਈ ਨੂੰ ਪਲ ਭਰ ਨੀਂਦ ਆ ਵੀ ਜਾਂਦੀ, ਤਾਂ ਕਹਿਰ ਭਰੇ ਸੁਪਨੇ ਉਸ ਨੂੰ ਬੈਠਾ ਕਰ ਦਿੰਦੇ। ਬਲਾਤਕਾਰੀ ਦਰਿੰਦੇ ਬੁਲਡੋਜ਼ਰ ਵਾਂਗ ਉਸ ਦੇ ਉਪਰ ਚੜ੍ਹਦੇ ਪ੍ਰਤੀਤ ਹੁੰਦੇ। ਕੀ ਉੱਤਰ ਦਿਊਗੀ ਮੈਂ ਇਨ੍ਹਾਂ ਦੇ ਪਿਉ ਨੂੰ...? ਕੀ ਮੂੰਹ ਦਿਖਾਊਂਗੀ ਜੱਗ ਨੂੰ...? ਜਦ ਇਨ੍ਹਾਂ ਦੇ ਬਾਪ ਨੂੰ ਪਤਾ ਲੱਗਿਆ, ਪਤਾ ਨਹੀਂ ਉਸ ਦਾ ਕੀ ਪ੍ਰਤੀਕਰਮ ਹੋਊਗਾ....? ਉਸ ਦੇ ਦਿਲ 'ਤੇ ਪਤਾ ਨਹੀਂ ਕੀ-ਕੀ ਬੀਤੂ....?

ਗੁਰਮੀਤ ਨੇ ਦਿਲ ਕਰੜਾ ਕਰ ਕੇ ਆਪਣੇ ਘਰਵਾਲ਼ੇ ਨੂੰ ਫ਼ੋਨ ਮਿਲਾ ਲਿਆ।

ਪਹਿਲੀ ਘੰਟੀ 'ਤੇ ਹੀ ਸ਼ੇਰ ਸਿੰਘ ਨੇ ਫ਼ੋਨ ਚੁੱਕ ਲਿਆ।

ਉਹ ਜਿਵੇਂ ਫ਼ੋਨ ਦੀ ਘੰਟੀ ਦੀ ਉਡੀਕ ਵਿਚ ਬੈਠਾ ਸੀ।

-"ਮੈਂ ਪਰਸੋਂ ਦਾ ਫ਼ੋਨ ਦੀ ਉਡੀਕ ਕਰੀ ਜਾਨੈਂ, ਕੀ ਕਰਦੀ ਸੀ ਤੂੰ..? ਤੈਨੂੰ ਇੱਕ ਫ਼ੋਨ ਕਰਨ ਦਾ ਵੀ ਟਾਈਮ ਨੀ ਮਿਲਿਆ..? ਮੈਂ ਫ਼ਿਕਰ 'ਚ ਸੁੱਕੀ ਜਾਨੈਂ..!" ਪਤਾ ਨਹੀਂ ਕਦੋਂ ਕੁ ਦੀ ਭੜ੍ਹਾਸ ਉਸ ਨੇ ਗੁਰਮੀਤ 'ਤੇ ਕੱਢੀ ਸੀ।

-"ਰਸਤੇ 'ਚ ਹਾਲਾਤ ਮਾੜੇ ਸੀ..! ਮੁਜ਼ਾਹਰਾਕਾਰੀਆਂ ਨੇ ਸੜਕਾਂ ਰੋਕੀਆਂ ਹੋਈਆਂ ਸੀ, ਇਸ ਲਈ ਫ਼ਲਾਈਟ ਲੰਘ ਗਈ, ਨੌਂ ਸੌ ਡਾਲਰ ਦੇ ਕੇ ਦੁਬਾਰੇ ਕਰਵਾਈਐਂ ਟਿਕਟਾਂ..!" ਗੁਰਮੀਤ ਜਿਵੇਂ ਖੂਹ 'ਚੋਂ ਬੋਲੀ ਸੀ। ਉਸ ਨੂੰ ਘਰਵਾਲ਼ੇ 'ਤੇ ਬਿਲਕੁਲ ਗੁੱਸਾ ਨਹੀਂ ਆਇਆ ਸੀ।

-"ਉਨ੍ਹਾਂ ਨੇ ਸੜਕਾਂ ਈ ਰੋਕੀਆਂ ਸੀ, ਥੋਡੇ ਫ਼ੋਨ ਤਾਂ ਨੀ ਸੀ ਰੋਕੇ....? ਇੱਕ ਫ਼ੋਨ ਤਾਂ ਕਰ ਦਿੰਦੀ, ਮੈਂ ਕੱਲ੍ਹ ਦਾ ਫ਼ਾਹੇ ਟੰਗਿਆ ਪਿਐਂ..! ਫ਼ਿਕਰ 'ਚ ਕੁੱਤੇ ਵਾਂਗੂੰ ਫ਼ੋਨ ਕਰੀਂ ਜਾਨੈਂ..!"

-"..............!" ਗੁਰਮੀਤ ਚੁੱਪ ਸੀ।

-"ਕੀ ਗੱਲ ਐ, ਬੋਲਦੀ ਨੀ..?"

-"ਮੈਂ ਠੀਕ ਨੀ..!"

-"ਬੱਚੇ ਠੀਕ ਐ..?"

-"ਹਾਂ ਠੀਕ ਐ..! ਕੱਲ੍ਹ ਰਾਤ ਦੀ ਫ਼ਲਾਈਟ ਐ, ਟਾਈਮ ਟੇਬਲ ਮੈਂ ਮੈਸਿਜ 'ਚ ਭੇਜ ਦਿੰਨੀ ਐਂ..!"

-"ਚੱਲ ਭੇਜ..! ਤੁਸੀਂ ਲੰਡਨ ਰੁਕ ਕੇ ਨੀ ਆਉਣਾ..?"

-"ਲੰਡਨ ਰੁਕ ਕੇ ਈ ਆਵਾਂਗੇ...! ਮੈਂ ਸਾਰਾ ਟਾਈਮ ਟੇਬਲ ਭੇਜਦੀ ਆਂ..!"

ਫ਼ੋਨ ਕੱਟੇ ਗਏ।

-"ਗੀਤ..!"

-"ਯੈੱਸ ਮੰਮ..?" ਗੀਤ ਓਦਰਿਆਂ ਵਾਂਗ ਬੋਲੀ।

-"ਖਾਣਾ ਆਰਡਰ ਕਰਾਂ ਪੁੱਤ..?"

-"ਨੋਅ ਮੰਮ..! ਆਈ ਐਮ ਨਾਟ ਹੰਗਰੀ..!"

-"ਕੁਛ ਤਾਂ ਖਾ ਲੈ ਪੁੱਤ..! ਅੰਦਰ ਗਰਮੀ ਪੈ ਜਾਊਗੀ..! ਮੈਂ ਆਰਡਰ ਕਰ ਦਿੰਨੀ ਐਂ, ਜਿੰਨੀ ਕੁ ਲੋੜ ਹੋਈ, ਤੂੰ ਤੇ ਜੋਬਨ ਖਾ ਲਿਓ..!"

-"ਨੋ ਮੰਮ..! ਆਈ ਐਮ ਨਾਟ ਹੰਗਰੀ..! ਨਾਟ ਐਟ ਆਲ..! ਡੋਂਟ ਓਰਡਰ ਫ਼ਾਰ ਮੀ ਪਲੀਜ਼..! ਆਰਡਰ ਫ਼ਾਰ ਜੋਬਨ..!"

ਗੁਰਮੀਤ ਨੇ ਖਾਣਾਂ ਆਰਡਰ ਕਰ ਦਿੱਤਾ।

ਅੱਧੇ ਕੁ ਘੰਟੇ ਬਾਅਦ ਖਾਣਾਂ ਆ ਗਿਆ।

ਧੱਕੇ ਨਾਲ਼ ਉਸ ਨੇ ਬੱਚਿਆਂ ਨੂੰ ਗੁਜ਼ਾਰੇ ਜੋਕਰਾ ਖੁਆ ਦਿੱਤਾ। ਜਦ ਉਹ ਆਪ ਬੁਰਕੀ ਤੋੜ ਕੇ ਖਾਣ ਲੱਗੀ ਤਾਂ ਅਗਲੀ ਸੋਚ ਨੇ ਉਸ ਨੂੰ ਹੋਰ ਵੀ ਬਿਹਬਲ ਕਰ ਦਿੱਤਾ; ਜੇ ਕਿਤੇ ਲੋਕਾਂ ਨੂੰ ਖ਼ਬਰ ਲੱਗ ਗਈ, ਫ਼ੇਰ...? ਫ਼ੇਰ ਤਾਂ ਹੋਰ ਵੀ ਬਦਨਾਮੀ ਹੋਊਗੀ, ਸੋਚ ਕੇ ਉਸ ਦੇ ਹੱਥੋਂ ਬੁਰਕੀ ਡਿੱਗ ਪਈ ਅਤੇ ਉਹ ਉੱਚੀ-ਉੱਚੀ ਰੋਣ ਲੱਗ ਪਈ। ਬੱਚੇ ਗੋਡਿਆਂ ਵਿਚ ਸਿਰ ਦੇਈ ਖ਼ਾਮੋਸ਼ ਬੈਠੇ ਸਨ। ਉਨ੍ਹਾਂ ਦੇ ਉਜੜੇ ਚਿਹਰੇ ਸੁੰਨਸਾਨ ਸਨ।

ਗੁਰਮੀਤ ਕੌਰ ਰੋਈ ਜਾ ਰਹੀ ਸੀ।

ਪਰ ਉਸ ਦੇ ਹੰਝੂ ਪੂੰਝਣ ਜਾਂ ਰੋਂਦੀ ਨੂੰ ਵਿਰਾਉਣ ਵਾਲ਼ਾ ਕੋਈ ਨਹੀਂ ਸੀ। ਬੱਗਾ ਅਤੇ ਡਰਾਈਵਰ ਦੂਜੇ ਕਮਰੇ ਵਿਚ ਸਨ। ਹਾਲਤ ਉਨ੍ਹਾਂ ਦੀ ਵੀ ਕੋਈ ਸਵੱਲੀ ਨਹੀਂ ਸੀ।

ਹੁਣ ਗੁਰਮੀਤ "ਰੱਬ-ਰੱਬ" ਕਰ ਕੇ ਜਲਦੀ ਭਾਰਤ 'ਚੋਂ ਨਿਕਲ਼ ਜਾਣਾ ਚਾਹੁੰਦੀ ਸੀ।

ਉਸ ਨੇ ਬੱਗੇ ਅਤੇ ਡਰਾਈਵਰ ਨੂੰ ਰੋਟੀ ਤੱਕ ਨਹੀਂ ਪੁੱਛੀ ਸੀ। ਉਹ ਵੀ ਆਪਣੇ ਕਮਰੇ ਤੋਂ ਬਾਹਰ ਨਹੀਂ ਆਏ ਸਨ। ਡਰਾਈਵਰ ਪੱਟੀ ਕਰਵਾਉਣ ਗਿਆ ਮਾੜਾ ਮੋਟਾ ਕਾਲ਼ਜਾ ਧਾਫ਼ੜ ਆਇਆ ਸੀ। ਪਰ ਬੱਗੇ ਨੇ ਪੱਟੀ ਵੀ ਨਹੀਂ ਬਦਲਾਈ ਸੀ। ਉਸ ਦਾ ਦਿਲ ਦਿਮਾਗ ਸ਼ਮਸ਼ਾਨਘਾਟ ਵਾਂਗ ਸੁੰਨ-ਮਸੁੰਨ ਸੀ।

ਅਗਲੇ ਦਿਨ ਡਰਾਈਵਰ ਨੇ ਉਨ੍ਹਾਂ ਨੂੰ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਏਅਰਪੋਰਟ 'ਤੇ ਲਿਆ ਉਤਾਰਿਆ।

ਗੁਰਮੀਤ ਨੇ ਬੱਗੇ ਨੂੰ ਇਸ਼ਾਰੇ ਨਾਲ਼ ਇੱਕ ਪਾਸੇ ਬੁਲਾ ਲਿਆ।

ਉਹ ਨੀਵੀਂ ਪਾਈ ਹਾਜ਼ਰ ਹੋ ਗਿਆ।

-"ਜਿਹੜਾ ਕੁਛ ਵੀ ਹੋਇਆ, ਉਹਦੇ ਬਾਰੇ ਚਾਚੀ ਕੋਲ਼ ਭੋਗ ਤੱਕ ਨਾ ਪਾਈਂ...! ਉਹ ਸਾਹ ਖਿੱਚ ਜਾਊਗੀ..!" ਆਖ ਗੁਰਮੀਤ ਅੱਗੇ ਤੁਰ ਪਈ, "ਡਰਾਈਵਰ ਨੂੰ ਵੀ ਆਖ ਦੇਈਂ ਕਿ ਕਿਸੇ ਕੋਲ਼ ਗੱਲ ਨਾ ਕਰੇ...! ਆਪਣੀ ਇੱਜ਼ਤ ਦਾ ਸੁਆਲ ਐ...!"

ਗੀਤ, ਗੁਰਮੀਤ ਅਤੇ ਜੋਬਨ ਚੁੱਪ ਧਾਰੀ ਅੰਦਰ ਚਲੇ ਗਏ।

ਫ਼ਲਾਈਟ ਅੱਧਾ ਘੰਟਾ ਲੇਟ ਸੀ।

ਉਹ ਵੇਟਿੰਗ-ਰੂਮ ਵਿਚ ਮੜ੍ਹੀਆਂ ਵਾਂਗ ਚੁੱਪ ਬੈਠੇ ਸਨ।

ਅਖੀਰ ਅਵਾਜ਼ ਪਈ ਅਤੇ ਰਾਤ ਦੇ ਕਰੀਬ ਇੱਕ ਵਜੇ ਫ਼ਲਾਈਟ ਉੱਡ ਗਈ।

-"ਮੰਮ..!" ਜੋਬਨ ਜਹਾਜ਼ ਦੀ ਖਿੜਕੀ ਵਿਚੋਂ ਥੱਲੇ ਜਗਮਗ ਕਰਦੀਆਂ ਬੱਤੀਆਂ ਵੱਲ ਦੇਖਦਾ ਹੋਇਆ ਬੋਲਿਆ।

-"ਹਾਂ ਬੇਟੇ..?"

-"ਆਈ ਵੋਂਟ ਐਵਰ ਕਮ ਟੂ ਇੰਡੀਆ ਅਗੇਨ..!"

-"..............!" ਸੁਣ ਕੇ ਗੁਰਮੀਤ ਦਾ ਰੋਣ ਨਿਕਲ ਗਿਆ।

-"ਮੈਂ ਵੀ ਆਪਦੀ ਮਾਂ ਮਿੱਟੀ ਨੂੰ ਸਿੱਜਦਾ ਕਰਨ ਆਉਂਦੀ ਸੀ, ਪੁੱਤ..! ਮੇਰੇ ਇੰਡੀਆ 'ਚ ਕਿਹੜਾ ਕਿੱਲੇ ਗੱਡੇ ਵੇ ਐ..?" ਉਹ ਨੱਕ ਪੂੰਝਦੀ ਹੋਈ ਬੋਲੀ।

-ਚੱਲਦਾ

## 7 ਜੁਲਾਈ ਨੂੰ 146ਵੇਂ ਜਨਮ ਦਿਵਸ 'ਤੇ ਵਿਸ਼ੇਸ਼

# ਸਾਹਿਤ, ਸੁਤੰਤਰਤਾ ਸੰਗਰਾਮ ਅਤੇ ਅਧਿਆਤਮ ਦਾ ਸੁਮੇਲ : ਭਾਈ ਸਾਹਿਬ ਰਣਧੀਰ ਸਿੰਘ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਸਿੱਖ ਵਿਰਾਸਤ ਬਹੁਤ ਅਮੀਰ ਹੈ, ਕਿਉਂਕਿ ਦਸ ਗੁਰੂ ਸਾਹਿਬਾਨ ਅਤੇ ਅਨੇਕ ਸੰਤਾਂ ਭਗਤਾਂ ਨੇ ਬਾਣੀ ਰਚਕੇ ਪੰਜਾਬੀ ਸੱਭਿਆਚਾਰ ਨੂੰ ਅਮੀਰ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਵਿਰਾਸਤ ਦਾ ਨਿਚੋੜ ਹੈ। ਸਮੁੱਚਾ ਸਿੱਖ ਭਾਈਚਾਰ ਗੁਰਬਾਣੀ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਲੈ ਕੇ ਜੀਵਨ ਬਸਰ ਕਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ 'ਤੇ ਪਹਿਰਾ ਦਿੰਦਿਆਂ ਉਸ ਦੀ ਸੁਚੱਜੇ ਢੰਗ ਨਾਲ ਵਿਆਖਿਆ ਕਰਕੇ ਲੋਕਾਈ ਨੂੰ ਵਿਚਾਰਧਾਰਾ ਤੋਂ ਸੇਧ ਲੈਣ ਦੀ ਪ੍ਰੇਰਨਾ ਦੇਣ ਵਾਲੇ ਭਾਈ ਰਣਧੀਰ ਸਿੰਘ ਅਜਿਹੇ ਵਿਦਵਾਨ ਤੇ ਰੌਸ਼ਨ ਦਿਮਾਗ ਇਨਸਾਨ ਸਨ, ਜਿਨ੍ਹਾਂ ਨੇ ਗੁਰਬਾਣੀ ਤੇ ਗੁਰਮਤਿ ਨੂੰ ਸਮਰਪਿਤ ਹੋ ਕੇ ਜੀਵਨ ਬਸਰ ਕੀਤਾ। ਭਾਈ ਸਾਹਿਬ ਭਾਈ ਰਣਧੀਰ ਸਿੰਘ ਸਿੱਖ ਕੌਮ ਦੀ ਮਾਇਆਨਾਜ਼ ਹਸਤੀ ਸਨ। ਇੱਕ ਰੱਜੇ-ਪੁੱਜੇ ਘਰਾਣੇ ਦੇ ਲਾਡਲੇ ਦਾ ਗੁਰਸਿੱਖੀ ਮਾਰਗ 'ਤੇ ਚੱਲਣਾ ਤੇ ਫਿਰ ਸੰਸਾਰਿਕ ਸੁੱਖਾਂ ਨੂੰ ਤਿਆਗਣਾ ਅਚੰਭਤ ਗੱਲ ਸੀ। ਰਾਜ ਭਾਗ ਦੇ ਹਿੱਸੇਦਾਰ ਹੋਣ ਦੇ ਬਾਵਜੂਦ ਤਲਵਾਰ ਦੀ ਨੋਕ 'ਤੇ ਚੱਲਣਾ ਹਰ ਵਿਅਕਤੀ ਦੇ ਵਸ ਦੀ ਗੱਲ ਨਹੀਂ ਹੁੰਦੀ। ਉਨ੍ਹਾਂ ਦੇ ਪਿਤਾ ਨੱਥਾ ਸਿੰਘ ਨਾਭਾ ਰਿਆਸਤ ਵਿਚ ਹਾਈ ਕੋਰਟ ਦੇ ਜੱਜ ਸਨ। ਪਿਤਾ ਵੱਲੋਂ ਨਾਭਾ ਰਿਆਸਤ ਦੇ ਰਾਜਾ ਰਿਪੁਦਮਨ ਸਿੰਘ ਦੇ ਰਾਜ ਵਿਚ ਤਹਿਸੀਲਦਾਰ ਦੀ ਦਿਵਾਈ ਨੌਕਰੀ ਨੂੰ ਲੱਤ ਮਾਰਕੇ ਗੁਰਮਤਿ ਨੂੰ ਸਮਰਪਿਤ ਹੋ ਗਏ। ਸਿੱਖੀ ਦੇ ਰੰਗ ਵਿਚ ਰੰਗੇ ਹੋਏ ਗੁਰਮਤਿ ਮਾਰਗ ਦੇ ਪਾਂਧੀ, ਸਿਦਕ ਸਿਰੜ ਦੀ ਮੂਰਤ, ਸੁਤੰਤਰਤਾ ਸੰਗਰਾਮ ਦੀ ਗ਼ਦਰ ਲਹਿਰ ਦੇ ਨਾਇਕ, ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ ਅਤੇ ਸਿੱਖ ਚਿੰਤਕ ਵਿਦਵਾਨ ਸਨ। ਭਾਈ ਰਣਧੀਰ ਸਿੰਘ ਦਾ ਸਰਕਾਰ ਪ੍ਰਸਤ ਘਰਾਣੇ ਵਿਚੋਂ ਫਰੰਗੀ ਵਿਰੋਧੀ ਬਗ਼ਾਵਤ ਦੀ ਮਿਸ਼ਾਲ ਲੈ ਕੇ ਚੱਲਣਾ ਇੱਕ ਕ੍ਰਾਂਤੀਕਾਰੀ ਕਦਮ ਸੀ। ਇੱਕ ਪ੍ਰਕਾਰ ਉਹ ਯੁੱਗ ਪਲਟਾਊ ਵਿਦਰੋਹ ਦੇ ਨਾਇਕ ਸਨ, ਇਸ ਕਰਕੇ ਉਨ੍ਹਾਂ ਨੂੰ ਸ਼੍ਰੋਮਣੀ ਦੇਸ਼ ਭਗਤ ਕਿਹਾ ਜਾ ਸਕਦਾ ਹੈ। ਨੌਕਰੀ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਸ਼ਾਮ ਸਿੰਘ ਅਟਾਰੀ ਦੇ ਪੋਤਰੇ ਦੇ ਕਹਿਣ 'ਤੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਬਤੌਰ ਹੋਸਟਲ ਸੁਪਰੀਡੈਂਟ ਲੱਗ ਗਏ। ਉਹ ਕ੍ਰਾਂਤੀਕਾਰੀ ਲਹਿਰ ਦੇ ਉਸਰਈਆਂ ਦੀ ਪਹਿਲੀ ਕਤਾਰ ਵਿਚ ਸਨ। ਸਿੰਘ ਸਭਾ ਲਹਿਰ ਨੂੰ ਗੁਰਦੁਆਰਾ ਸੁਧਾਰ ਲਹਿਰ ਦੀ ਪਿਊਂਦ ਦੇ ਕੇ ਗੁਰਦੁਆਰਾ ਲਹਿਰ ਵਿਚ ਰੂਹ ਫੂਕੀ ਸੀ। ਉਨ੍ਹਾਂ ਨੇ ਸਾਰੀ ਉਮਰ ਇੱਕ ਫਕੀਰ ਦਾ ਜੀਵਨ ਜੀਵਿਆ। ਭਾਈ ਰਣਧੀਰ ਸਿੰਘ ਸੰਤ ਸਰੂਪ ਬਹੁਗੁਣੀ ਮਹਾਨ ਮਹਾਂਪੁਰਸ਼ ਸਨ। ਉਹ ਬਹੁ-ਪੱਖੀ ਪ੍ਰਤਿਭਾ ਦੇ ਮਾਲਕ ਤੇ ਨਾਮ ਬਾਣੀ ਦੇ ਰਸੀਏ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਪੰਥ ਦੀ ਚੜ੍ਹਦੀ ਕਲਾ ਲਈ ਸਮਰਪਿਤ ਕਰ ਦਿੱਤਾ ਸੀ। ਉਨ੍ਹਾਂ ਦਾ ਸਮੁੱਚਾ ਜੀਵਨ ਇੱਕ 'ਗੁਰਮੁੱਖ ਗੁਰਸਿੱਖ' ਵਾਲਾ ਸੱਚਾ-ਸੁੱਚਾ, ਸੱਚ ਨੂੰ ਕਮਾਉਣ ਵਾਲਾ ਪਰਉਪਕਾਰੀ ਸੀ। ਉਹ ਅਧਿਆਤਮਿਕ ਅਨੁਭਵ ਵਾਲੇ ਜਗਿਆਸੂ ਮਹਾਂਪੁਰਖ ਸਨ ਤੇ ਉਨ੍ਹਾਂ ਦਾ ਜੀਵਨ ਅੰਤਰਮੁਖੀ ਸੀ। ਉਨ੍ਹਾਂ ਦੀ ਜ਼ਿੰਦਗੀ ਦਾ ਮੁੱਖ ਮੰਤਵ ਤੇ ਸਿਧਾਂਤ ਗੁਰਬਾਣੀ ਦੀ ਵਿਆਖਿਆ, ਕੀਰਤਨ ਅਤੇ ਚਿੰਤਨ ਸੀ। ਉਨ੍ਹਾਂ ਨੇ ਅਖੰਡ ਕੀਰਤਨ ਜੱਥੇ ਦੀ ਟਕਸਾਲ ਦੀ ਸਥਾਪਨਾ ਕੀਤੀ, ਤਾਂ ਜੋ ਸਿੱਖ ਜਗਤ ਗੁਰਬਾਣੀ ਦੇ ਕੀਰਤਨ ਨਾਲ ਲਿਵ ਲਾ ਕੇ ਆਪਣਾ ਜੀਵਨ ਸਫ਼ਲ ਕਰ ਸਕੇ। ਜੇਲ੍ਹ ਵਿਚੋਂ ਰਿਹਾਅ ਹੋਣ ਤੋਂ ਬਾਅਦ ਉਹ 30 ਸਾਲ ਤੋਂ ਥੋੜ੍ਹਾ ਵੱਧ ਸਮਾਂ ਇਸ ਸੰਸਾਰ ਵਿਚ ਸਰੀਰਕ ਜਾਮੇ ਵਿਚ ਰਹੇ। ਸਮੁੱਚੇ ਦੇਸ਼ ਵਿਚ ਅੰਮ੍ਰਿਤ ਪ੍ਰਚਾਰ ਕਰਦੇ ਰਹੇ ਅਤੇ ਅਖੰਡ ਕੀਰਤਨ ਜਥੇ ਦੀਆਂ ਇਕਾਈਆਂ ਸਥਾਪਤ ਕਰਕੇ ਉਨ੍ਹਾਂ ਰਾਹੀਂ ਸਿੱਖ ਧਰਮ ਦੀ ਵਿਚਾਰਧਾਰਾ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਰਹੇ। ਅੱਜ ਵੀ ਅਖੰਡ ਕੀਰਤਨੀ ਜਥੇ ਧਰਮ ਪ੍ਰਚਾਰ ਕਰ ਰਹੇ ਹਨ। ਉਹ ਉਤਮ ਦਰਜੇ ਦੇ ਨਾਮ ਅਭਿਆਸੀ, ਚੋਟੀ ਦੇ ਅਣਥੱਕ ਤੇ ਨਿਸ਼ਕਾਮ ਕੀਰਤਨੀਏ, ਮਹਾਨ ਕਵੀ ਤੇ ਲੇਖਕ, ਨਿਧੜਕ ਜਰਨੈਲ, ਪੂਰਨ ਗ੍ਰਹਿਸਤੀ, ਨਿਮਰਤਾ, ਸਹਿਣਸ਼ੀਲਤਾ, ਧੀਰਜ ਤੇ ਦਇਆ ਦੇ ਪੁੰਜ ਸਨ। ਉਨ੍ਹਾਂ ਨੇ ਲਗਪਗ ਦੋ ਦਰਜਨ ਪੁਸਤਕਾਂ/ਟ੍ਰੈਕਟ/ਪੈਂਫਲਿਟ, ਜਿਨ੍ਹਾਂ ਵਿਚ ਜੇਲ੍ਹ ਚਿੱਠੀਆਂ (ਸਵੈ ਜੀਵਨੀ), ਗੁਰਮਤਿ ਨਾਮ ਅਭਿਆਸ ਕਮਾਈ, ਚਰਨ ਕੰਵਲ ਦੀ ਮਉਜ, ਗੁਰਮਤਿ ਸੱਚ ਨਿਰਣੈ, ਗੁਰਮਤਿ ਬਿਬੇਕ, ਗੁਰਮਤਿ ਗੌਰਵਤਾ, ਅਣਡਿੱਠੀ ਦੁਨੀਆਂ, ਗੁਰਮਤਿ ਅਧਿਆਤਮ ਕਰਮ ਫਿਲਾਸਫੀ, ਅਨਹਦ ਸ਼ਬਦ ਦਸਮ ਦੁਆਰ, ਸੱਚਖੰਡ ਦਰਸ਼ਨ, ਕਥਾ ਕੀਰਤਨ, ਨਾਮ ਤੇ ਨਾਮ ਦਾ ਦਾਤਾ ਸਤਿਗੁਰ, ਜੋਤਿ ਵਿਗਾਸ (1944), ਦਰਸ਼ਨ ਝਲਕਾਂ (1938), ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ, ਜ਼ਾਹਿਰ ਜ਼ਹੂਰ ਗੁਰੂ ਗੋਬਿੰਦ ਸਿੰਘ, ਅੰਮ੍ਰਿਤ ਕੀ ਹੈ?, ਤੱਤ ਗੁਰਮਤਿ ਨਿਰਣਯ, ਬਾਬਾ ਵੈਦ ਰੋਗੀਆਂ ਦਾ, ਸੰਤ ਪਦ ਨਿਰਣੈ। ਗੁਰਮਤਿ ਰਮਜ਼ਾਂ, ਹਉਮੈ ਨਾਲ ਵਿਰੋਧ, ਸਿੱਖ ਕੌਣ ਹੈ?, ਆਸਤਕ ਤੇ ਨਾਸਤਕ, ਅੰਮ੍ਰਿਤ ਕਲਾ, ਗਗਨ ਉਡਾਰੀ ਆਦਿ ਸ਼ਾਮਲ ਹਨ। ਉਨ੍ਹਾਂ ਵੱਲੋਂ ਰਚਿਆ ਗਿਆ ਸਾਹਿਤ ਪੰਥ ਨੂੰ ਇੱਕ ਮਹਾਨ ਦੇਣ ਹੈ। ਹਰ ਪੁਸਤਕ ਗੁਰਮਤਿ ਦੇ ਕਿਸੇ ਨਾ ਕਿਸੇ ਸਿਧਾਂਤ ਉਤੇ ਗੁਰਬਾਣੀ ਰਾਹੀਂ ਰੌਸ਼ਨੀ ਪਾ ਕੇ, ਭਰਮ-ਭੁਲੇਖੇ ਦੂਰ ਕਰਦੀ ਅਤੇ ਉਸ ਦਾ ਸਿੱਕਾ ਸਾਡੇ ਮਨਾਂ 'ਤੇ ਬਿਠਾ ਦਿੰਦੀ ਹੈ। ਸਿੱਖ ਇਤਿਹਾਸ ਵਿਚ ਕਿਸੇ ਸਿਮਰਨ-ਸਰੂਪ ਹੋਈ ਸ਼ਖ਼ਸੀਅਤ ਨੇ



ਏਨਾ ਬਹੁ-ਪੱਖੀ ਧਾਰਮਿਕ ਸਾਹਿਤ ਨਹੀਂ ਰਚਿਆ।

ਕਰਤਾਰ ਸਿੰਘ ਸਰਾਭਾ ਦੇ ਨਾਲ ਉਨ੍ਹਾਂ ਆਜ਼ਾਦੀ ਦੇ ਸੰਗਰਾਮ ਦੀ ਲੜੀ ਵਿਚ ਕੀਤੀਆਂ ਜਾਂਦੀਆਂ ਸਰਗਰਮੀਆਂ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਗ਼ਦਰੀਆਂ ਨੇ ਫ਼ੌਜੀ ਛਾਉਣੀਆਂ ਵਿਚ ਬਗ਼ਾਵਤ ਕਰਵਾਉਣ ਦਾ ਪ੍ਰੋਗਰਾਮ ਉਲੀਕਿਆ ਸੀ। ਭਾਈ ਰਣਧੀਰ ਸਿੰਘ ਦੀ ਡਿਊਟੀ ਫ਼ਿਰੋਜ਼ਪੁਰ ਛਾਉਣੀ ਜਾਣ ਦੀ ਲੱਗੀ ਸੀ। ਪੁਲਿਸ ਨੂੰ ਭਿਣਕ ਪੈ ਗਈ। ਬਗ਼ਾਵਤ ਨੂੰ ਰੋਕਣ ਲਈ ਅੰਗਰੇਜ਼ ਸਰਕਾਰ ਨੇ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ। ਮੁੱਲ੍ਹਾਂਪੁਰ ਤੋਂ ਭਾਈ ਰਣਧੀਰ ਸਿੰਘ ਰੇਲ ਗੱਡੀ ਵਿਚ 60 ਵਿਅਕਤੀਆਂ ਦੇ ਜਥੇ ਨਾਲ ਕੀਰਤਨ ਕਰਦੇ ਜਾ ਰਹੇ ਸਨ, ਤਾਂ ਜੋ ਪੁਲਿਸ ਨੂੰ ਉਨ੍ਹਾਂ 'ਤੇ ਸ਼ੱਕ ਨਾ ਹੋਵੇ। ਕਰਤਾਰ ਸਿੰਘ ਸਰਾਭਾ ਨੇ ਮੌਕੇ 'ਤੇ ਹੀ ਭਾਈ ਸਾਹਿਬ ਦੇ ਜੱਥੇ ਨੂੰ ਗ੍ਰਿਫ਼ਤਾਰੀਆਂ ਦੀ ਜਾਣਕਾਰੀ ਦੇ ਦਿੱਤੀ, ਇਸ ਕਰਕੇ ਉਦੋਂ ਉਹ ਗ੍ਰਿਫ਼ਤਾਰੀ ਤੋਂ ਬਚ ਗਏ। ਇਸ ਤੋਂ ਪਹਿਲਾਂ ਉਨ੍ਹਾਂ ਛਾਉਣੀਆਂ ਵਿਚ ਬਗਾਵਤ ਕਰਵਾਉਣ ਲਈ ਗੁਜਰਵਾਲ ਪਿੰਡ ਵਿਖੇ ਮਾਲਵੇ ਦੇ ਗ਼ਦਰੀਆਂ ਦਾ ਵੱਡਾ ਇਕੱਠ 14 ਫ਼ਰਵਰੀ, 1915 ਨੂੰ ਕੀਤਾ ਸੀ, ਜਿਸ ਵਿਚ ਵੱਡੇ ਗ਼ਦਰੀ ਬਾਬਿਆਂ ਨੇ ਹਿੱਸਾ ਲਿਆ ਸੀ। ਬਾਅਦ ਵਿਚ ਭਾਈ ਰਣਧੀਰ ਸਿੰਘ ਨੂੰ 9 ਮਈ, 1915 ਨੂੰ ਨਾਭਾ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਨ੍ਹਾਂ ਨੂੰ 4 ਅਪ੍ਰੈਲ 1916 ਨੂੰ ਮੁਲਤਾਨ ਜੇਲ੍ਹ, ਜੁਲਾਈ 1917 ਹਜ਼ਾਰੀ ਬਾਗ, ਅਕਤੂਬਰ 1921 ਵਿਚ ਰਾਜਮੁੰਦਰੀ ਜੇਲ੍ਹ ਅਤੇ 1 ਦਸੰਬਰ 1922 ਨੂੰ ਨਾਗਪੁਰ ਆਦਿ ਕਈ ਥਾਵਾਂ 'ਤੇ ਰੱਖਿਆ ਗਿਆ। ਮੁਲਤਾਨ ਜੇਲ੍ਹ ਦੇ ਸਮੇਂ ਉਨ੍ਹਾਂ ਨੇ ਜੇਲ੍ਹ ਸੁਧਾਰਾਂ ਲਈ ਵੀ ਜੱਦੋ-ਜਹਿਦ ਕੀਤੀ ਅਤੇ ਸਿੱਖੀ ਸਰੂਪ ਅਨੁਸਾਰ ਜੇਲ੍ਹ ਵਿਚ ਰਹਿਣ ਸਮੇਂ ਉਨ੍ਹਾਂ ਨੇ 40 ਦਿਨ ਭੁੱਖ ਹੜਤਾਲ ਕਰਕੇ ਆਪਣੀਆਂ ਮੰਗਾਂ ਮੰਨਵਾਈਆਂ ਸਨ। ਜੇਲ੍ਹ ਵਿਚ ਹੀ ਉਨ੍ਹਾਂ ਦੀ ਮੁਲਾਕਾਤ ਸ਼ਹੀਦ ਭਗਤ ਸਿੰਘ ਨਾਲ ਹੋਈ ਸੀ। ਇਥੇ ਹੀ ਆ ਕੇ ਉਨ੍ਹਾਂ ਗ਼ਦਰੀ ਕ੍ਰਾਂਤੀਕਾਰ ਕਵੀ ਮੁਨਸ਼ਾ ਸਿੰਘ ਦੁਖੀ ਆ ਕੇ ਮਿਲੇ ਸਨ। ਇਨ੍ਹਾਂ 'ਤੇ ਦੂਜਾ ਲਾਹੌਰ ਸਾਜ਼ਿਸ਼ ਕੇਸ ਅਧੀਨ 29 ਅਕਤੂਬਰ 1929 ਨੂੰ ਮੁਕੱਦਮਾ ਚਲਾਇਆ ਗਿਆ। ਭਾਈ ਰਣਧੀਰ ਸਿੰਘ ਨੂੰ 30 ਮਾਰਚ 1916 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਤੇ ਜੇਲ੍ਹ ਵਿਚ ਭੇਜ ਦਿੱਤਾ ਗਿਆ, ਜਿਥੇ ਅਨੇਕਾਂ ਤਸੀਹੇ ਦਿੱਤੇ ਗਏ। ਸਾਰੀ ਪਰਿਵਾਰਿਕ ਜਾਇਦਾਦ ਜ਼ਬਤ ਕਰ ਲਈ। ਆਜ਼ਾਦੀ ਤੋਂ ਬਾਅਦ ਵੀ ਉਨ੍ਹਾਂ ਸਰਕਾਰ ਤੋਂ ਜਾਇਦਾਦ ਵਾਪਸ ਨਹੀਂ ਮੰਗੀ ਸੀ। 14 ਜਨਵਰੀ 1914 ਨੂੰ ਜਦੋਂ ਦਿੱਲੀ ਸਥਿਤ ਗੁਰਦੁਆਰਾ ਰਕਾਬਗੰਜ ਦੀ ਕੰਧ ਢਾਹੀ ਗਈ, ਤਾਂ ਉਹ ਇੱਕ ਸ਼ਹੀਦੀ ਜੱਥਾ ਲੈ ਕੇ 3 ਮਈ 1914 ਨੂੰ ਲਾਹੌਰ ਗਏ ਸਨ, ਜਿਥੇ ਰੋਸ ਵਜੋਂ ਸਿੱਖਾਂ ਦਾ ਭਾਰੀ ਸਮਾਗਮ ਹੋ ਰਿਹਾ ਸੀ। ਚੀਫ਼ ਖਾਲਸਾ ਦੀਵਾਨ ਜੋ ਸਿੱਖਾਂ ਦੀ ਨੁਮਾਇੰਦਾ ਜਮਾਤ ਸੀ, ਉਸ ਨੇ 1914 ਵਿਚ ਸਰਕਾਰ ਦੇ ਕੰਧ ਢਾਹੁਣ ਦੇ ਫ਼ੈਸਲੇ ਦੇ ਹੱਕ ਵਿਚ ਮਤਾ ਪਾਸ ਕਰ ਦਿੱਤਾ। ਹਰਚੰਦ ਸਿੰਘ ਲਾਇਲਪੁਰ ਅਤੇ ਹਰਬੰਸ ਸਿੰਘ ਅਟਾਰੀ ਮਤੇ ਦੇ ਵਿਰੋਧ ਵਿਚ ਮੀਟਿੰਗ ਵਿਚੋਂ ਬਾਈਕਾਟ ਕਰਕੇ ਬਾਹਰ ਆ ਗਏ। ਭਾਈ ਰਣਧੀਰ ਸਿੰਘ ਨੇ ਹਰਚੰਦ ਸਿੰਘ ਲਾਇਲਪੁਰ ਨਾਲ ਮਿਲਕੇ ਵਿਰੋਧ ਕਰਨ ਦਾ ਸਾਰਾ ਕੰਮ ਆਪਣੇ ਹੱਥ ਲੈ ਲਿਆ। ਉਨ੍ਹਾਂ ਜ਼ਮਾਨੇ ਦੀ ਵੰਗਾਰ ਸੁਣੀ ਤੇ ਗੁਰਧਾਮਾਂ ਦੇ ਰਾਹ ਤੁਰ ਪਏ। ਉਹ ਆਧੁਨਿਕ ਯੁੱਗ ਦੇ ਮਹਾਨ ਤਪੱਸਵੀ, ਰਹੱਸਵਾਦੀ ਸੰਤ, ਕਵੀ ਤੇ ਵਾਰਤਕਕਾਰ ਸਨ। ਛੂਤ-ਛਾਤ, ਵਹਿਮ-ਭਰਮ ਅਤੇ ਉਚ-ਨੀਚ ਦੇ ਸਖ਼ਤ ਵਿਰੋਧੀ ਸਨ। ਖਾਲਸਾ ਪੰਥ ਵੱਲੋਂ ਉਨ੍ਹਾਂ ਨੂੰ ਸਿੱਖ ਧਰਮ ਦੀ ਸੋਨ ਚਿੜੀ ਦਾ ਖਿਤਾਬ ਦੇ ਕੇ ਨਿਵਾਜਿਆ ਗਿਆ। ਜੇਲ੍ਹ ਵਿਚੋਂ ਰਿਹਾਈ ਤੋਂ ਬਾਅਦ ਭਾਈ ਰਣਧੀਰ ਸਿੰਘ ਨੂੰ 15 ਸਤੰਬਰ 1931 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਸਾਹਿਬ ਤੋਂ ਅਡੋਲ ਦ੍ਰਿੜ੍ਹਤਾ, ਨਿਸ਼ਕਾਮ ਕੁਰਬਾਨੀ ਅਤੇ ਗੁਰੂ ਪੰਥ ਦੀ ਉਘੀ ਸੇਵਾ ਲਈ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਤੋਂ ਵੀ ਸਿਰੋਪਾਓ ਦੀ ਬਖ਼ਸ਼ਿਸ਼ ਕੀਤੀ ਗਈ। ਉਨ੍ਹਾਂ ਦਾ ਸਾਰਾ ਜੀਵਨ ਆਦਰਸ਼ਕ ਸੀ। ਉਹ ਕਹਿਣੀ ਤੇ ਕਰਨੀ ਦੇ ਪੱਕੇ ਸਨ। ਉਹ ਐੱਫ.ਸੀ. ਕਾਲਜ ਲਾਹੌਰ ਦੀ ਹਾਕੀ ਟੀਮ ਦੇ ਕਪਤਾਨ ਵੀ ਸਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਨਾਰੰਗਵਾਲ ਵਿਖੇ 7 ਜੁਲਾਈ 1878 ਨੂੰ ਪਿਤਾ ਸ. ਨੱਥਾ ਸਿੰਘ ਅਤੇ ਮਾਤਾ ਪੰਜਾਬ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਮਾਲਵਾ ਖਾਲਸਾ ਸਕੂਲ ਲੁਧਿਆਣਾ ਤੋਂ ਪ੍ਰਾਪਤ ਕੀਤੀ। ਸਕੂਲ ਵਿਚ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਿੱਖ ਧਰਮ ਨਾਲ ਜੋੜਨ ਲਈ ਸਕੂਲ ਵਿਚ 'ਭੁਝੰਗੀ ਸਭਾ' ਬਣਾਈ, ਜਿਸ ਦੇ ਉਹ ਪ੍ਰਧਾਨ ਸਨ। ਸਾਰੇ ਵਿਦਿਆਰਥੀਆਂ ਨੂੰ ਖੰਡੇ ਬਾਟੇ ਦੀ ਪਾਹੁਲ ਦੇ ਕੇ ਅੰਮ੍ਰਿਤਧਾਰੀ ਬਣਾਇਆ ਗਿਆ। ਫਿਰ ਉਨ੍ਹਾਂ ਨੂੰ ਉਚ ਪੜ੍ਹਾਈ ਲਈ ਲਾਹੌਰ ਭੇਜ ਦਿੱਤਾ ਗਿਆ। ਭਾਈ ਰਣਧੀਰ ਸਿੰਘ ਨੇ 1900 ਵਿਚ ਬੀ.ਏ., ਐੱਫ.ਸੀ. ਕਾਲਜ ਲਾਹੌਰ ਤੋਂ ਪਾਸ ਕੀਤੀ। ਉਨ੍ਹਾਂ ਦਾ ਨਾਮ ਬਸੰਤ ਸਿੰਘ ਸੀ ਪ੍ਰੰਤੂ ਅੰਮ੍ਰਿਤ ਛੱਕਣ ਤੋਂ ਬਾਅਦ ਰਣਧੀਰ ਸਿੰਘ ਰੱਖਿਆ ਗਿਆ। ਉਨ੍ਹਾਂ ਦਾ ਵਿਆਹ ਬੀਬੀ ਕਰਤਾਰ ਕੌਰ ਨਾਲ ਹੋਇਆ। ਉਨ੍ਹਾਂ ਦਾ ਇੱਕ ਲੜਕਾ ਬਲਬੀਰ ਸਿੰਘ ਅਤੇ ਇੱਕ ਲੜਕੀ ਪੰਜਾਬ ਕੌਰ ਸਨ। ਭਾਈ ਰਣਧੀਰ ਦੀ ਵਿਰਾਸਤ ਨੂੰ ਬਲਬੀਰ ਸਿੰਘ ਦਾ ਦੋਹਤਾ ਜੁਝਾਰ ਸਿੰਘ ਸੰਭਾਲ ਰਿਹਾ ਹੈ। ਭਾਈ ਰਣਧੀਰ ਸਿੰਘ 16 ਅਪ੍ਰੈਲ 1961 ਨੂੰ ਸਵਰਗਵਾਸ ਹੋ ਗਏ।

## ਮੇਲਾ ਚਾਰ ਦਿਨਾਂ ਦਾ

ਕਾਰਨਾਮੇ ਕਰਦਾ ਕਾਲੇ ਕਾਲੇ, ਛੁਪਦਾ ਫਿਰੇ ਉਹ ਉਹਲੇ ਉਹਲੇ,
ਚੋਰ ਦੀ ਦਾੜ੍ਹੀ ਵਿੱਚ ਤਿਨਕੇ, ਬਿਨ ਬੁਲਾਇਆਂ ਹੀ ਫਿਰ ਬੋਲੇ।

ਨਾਲੇ ਚੋਰ ਨਾਲੇ ਕਰੇ ਚਤੁਰਾਈ, ਸਾਰੇ ਜਹਾਨ ਦਾ ਕੁਫ਼ਰ ਜੂੰ ਤੋਲੇ,
ਧਰਮ ਰਾਜ ਤੋਂ ਫਿਰਦਾ ਡਰਿਆ, ਪਾਰੇ ਵਾਂਗੂੰ ਤਦੋਂ ਮਨ ਤਨ ਡੋਲੇ।

ਲੋਭ, ਮੋਹ, ਹੰਕਾਰ ਵਿਚ ਫਸਿਆ, ਚੁਗਲੀ, ਨਿੰਦਾ ਕੰਨ-ਰਸ ਘੋਲੇ,
ਕਾਮ, ਕਰੋਧ ਕਾਇਆ ਨੂੰ ਗਾਲੇ, ਡਿੱਗਦਾ ਢਹਿੰਦਾ ਖਾ ਹਿਚਕੋਲੇ।

ਝੂਠ ਦੀ ਕੰਧ ਕਰੀ ਅੰਦਰ ਖੁਦ, ਸੱਚ ਦੇ ਪਾਉਂਦਾ ਹੈ ਉੱਪਰ ਚੋਲੇ,
ਕਿਰਦਾਰ ਦਾ ਦੰਭੀ ਅੰਦਰੋਂ ਹੋਰ, ਮਗਰਮੱਛ ਦੇ ਨਿੱਤ ਹੰਝੂ ਡੋਹਲੇ।

ਮਰੀਆਂ ਜ਼ਮੀਰਾਂ ਬਣੇ ਰਹਿਬਰ, ਕਰਨ ਚੋਚਲੇ ਖੇਲ੍ਹ ਤਾਸ਼ ਤੰਬੋਲੇ,
ਕਰਦੇ ਠੱਗੀਆਂ ਧਰਮਾਂ ਤੋਂ ਕੋਰੇ, ਪੰਡਿਤ, ਮੁੱਲਾਂ, ਭਾਈ ਜੇਬ ਟਟੋਲ੍ਹੇ।

ਮੰਦਿਰ, ਮਸਜ਼ਿਦ, ਠਾਕੁਰਦਵਾਰੇ, ਬੈਠ ਪੰਸਾਰੀ ਬੱਸ ਨਫ਼ਰਤ ਤੋਲੇ,
ਕਾਲੇ, ਚਿੱਟੇ, ਹਰੇ, ਪੀਲੇ ਭਗਵੇਂ ਨੇ, ਇੱਕ ਥੈਲੀ ਚੱਟੇ-ਵੱਟੇ ਮਾਸੇ ਤੋਲੇ।

ਰੱਬ ਨੂੰ ਸਮਝ ਮਲਕੀਅਤ ਆਪੇ, ਬਣ ਬੈਠੇ ਹਨ ਦਲਾਲ ਵਿਚੋਲੇ,
ਨਾਲ ਸਿਆਸਤ ਗੂੜ੍ਹੇ ਨੇ ਰਿਸ਼ਤੇ, ਜ਼ਿਆਦਾਤਰ ਮਿਲਦੇ ਕੰਨੋਂ ਬੋਲੇ।

-ਸੇਵਾ ਸਿੰਘ 'ਨੂਰਪੁਰੀ'



ਪੰਜਾਬ ਮੇਲ USA

## ਇਹ ਖੁਦਗਰਜ਼ਾਂ ਦੀ ਦੁਨੀਆਂ

ਇਹ ਖੁਦਗਰਜ਼ਾਂ ਦੀ ਦੁਨੀਆਂ ਹੈ,
ਇਥੇ ਕੋਈ ਕਿਸੇ ਦਾ ਯਾਰ ਨਹੀਂ।
ਇਥੇ ਪਿਆਰ ਵੀ ਇਕ ਛਲਾਵਾ ਹੈ,
ਕਿਤੇ ਲੱਭਦਾ ਸੱਚਾ ਪਿਆਰ ਨਹੀਂ।
ਦੁਨੀਆਂ ਮੇਂ ਹੈ ਨਹੀਂ ਕੋਈ ਕਿਸੀ ਕਾ,
ਅਗਰ ਹੈ ਤੋ ਅਕੇਲਾ ਸਾਇਆ,
ਜੋ ਵੁਹ ਭੀ ਅਨ੍ਹੇਰੇ ਮੇਂ ਸਾਥ ਛੋੜ ਜਾਤਾ ਹੈ।
ਮਜ਼੍ਹਬੀ ਠੇਕੇਦਾਰਾਂ ਨੇ ਇਥੇ ਹੱਟ ਨਫਰਤ ਦੇ ਖੋਲ੍ਹੇ ਨੇ,
ਜਿੱਥੇ ਸੌਦਾ ਮਿਲੇ ਮੁਹੱਬਤ ਦਾ,
ਇਸ ਦੁਨੀਆਂ ਵਿਚ ਬਾਜ਼ਾਰ ਨਹੀਂ।
ਬੰਦਾ ਹੈ ਦੁਸ਼ਮਣ ਬੰਦੇ ਦਾ,
ਛਲ ਕਪਟ ਹੈ ਧੰਦਾ ਬੰਦੇ ਦਾ।
ਕਦ ਧੋਖਾ ਦੇਣਾ ਬੰਦੇ ਨੇ,
ਇਸ ਬੰਦੇ ਦਾ ਇਤਬਾਰ ਨਹੀਂ।

ਵੈਸੇ ਤਾਂ ਪਿਆਰ ਵੀ ਕਰਦਾ ਹੈ,
ਪਰ ਦੌਲਤ ਉਪਰ ਵੀ ਮਰਦਾ ਹੈ।
ਤੂੰ ਇਸ ਕੋਲੋਂ ਹੁਸ਼ਿਆਰ ਰਹੀਂ,
ਇਹ ਤੇਰਾ ਪਹਿਰੇਦਾਰ ਨਹੀਂ।
ਤੈਨੂੰ ਗੱਲ ਪਤੇ ਦੀ ਦਸ ਦਈਏ,
ਤੂੰ ਹੋਰ ਕਿਸੇ ਨੂੰ ਦੱਸੀ ਨਾ।
ਸਭ ਚੋਰ ਉੱਚਕੇ ਆਗੂ ਨੇ,
ਲੋਕਾਂ ਦੇ ਖਿਦਮਤਗਾਰ ਨਹੀਂ।

-ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955



ਪੰਜਾਬ ਮੇਲ USA


REALTY ONE GROUP
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com